ਜਨਵਰੀ-ਫ਼ਰਵਰੀ-੧੯੯੫

# ਵਰਿਆਮ















Sri Satguru Jagjit Singh Ji eLibrary NamdhariElibrary@gmail.com



**ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ ਜਲੰਧਰ ਦੀਆਂ ਝਲਕੀਆਂ**

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪਣੀ ਪੁਸਤਕ ਭੇਟ ਕਰਦੇ ਹੋਏਁ ਡਾ: ਜੁਗਿੰਦਰ ਬਾਵਰਾ ਨਾਲ ਸੱਜੇ ਪੰਡਿਤ ਰਾਜਨ ਸਾਜਨ ਮਿਸ਼ਰਾ ਸਤਿਗੁਰੂ ਜੀ ਤੋਂ ਆਸ਼ੀਰਵਾਦ ਲੈਂਦੇ ਹੋਏ । ਪਿੱਛੇ ਖੜ੍ਹੇ ਉਸਤਾਦ ਹਰਭਜਨ ਸਿੰਘ ਤੇ ਸੁਖਦੇਵ ਸਿੰਘ । ਥੱਲੇ ਤਬਲਾਵਾਦਕ ਗੁਰਮੁਖ ਸਿੰਘ ਤੇ ਮਿਰਦੰਗ ਵਾਦਕ ਜਤਿੰਦਰ ਸਿੰਘ । ਦਰਮਿਆਨੀ ਸਤਰ : ਸੁਖਦੇਵ ਸਿੰਘ ਤਬਲਾ ਵਾਦਕ, ਗਾਇਕ ਸੁਖਦੇਵ ਸਿੰਘ ਮੋਹਨ ਸਿੰਘ ਅਤੇ ਪੰਡਿਤ ਰਮਾਂ ਕਾਂਤ । ਹੇਠਲੀ ਸਤਰ : ਤਬਲਾ ਵਾਦਕ ਰਾਜੇਸ਼ ਮਾਲਵੀਆ ਅਤੇ ਕੁਲਦੀਪ ਸਿੰਘ । ਸੁਰਜੀਤ ਸਿੰਘ ਸਾਰੰਗੀ ਨਾਲ । ਸਰੋਤਿਆਂ 'ਚ ਬੈਠੇ ਡਾ: ਬਾਵਰਾ ਅਤੇ ਪ੍ਰੋ: ਲਛਮਨ ਸਿੰਘ ਸੀਨ । ਇਹਨਾਂ ਉੱਪਰ ਧੰਨਵਾਦੀ ਭਾਸ਼ਣ ਕਰ ਰਹੇ ਸ੍ਰੀ ਵਿਜੇ ਕੁਮਾਰ ਚੋਪੜਾ ਮੁੱਖ ਸੰਪਾਦਕ ਹਿੰਦ ਸਮਾਚਾਰ ਪੱਤਰ ਸਮੂਹ ।

Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



**ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ**

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

**ਨਾਮਧਾਰੀ ਏਜੰਸੀਜ਼**

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**Phones :** Office : 2528411
" : 2510345
Resi. : 6 45441

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਤ ਕੀਤਾ । ਫੋਨ 222543—ਨਿਵਾਸ 56289

Sri Satguru Jagjit Singh Ji eLibrary NamdhariElibrary@gmail.com

https://archive.org/details/namdhari


# ਅੰਬਰ ਬਿਸਕੁਟ ਪ੍ਰਾਈਵੇਟ ਲਿਮਟਿਡ

ਹੈਦਰਾਬਾਦ

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ

ਬਨਾਉਣ ਵਾਲੇ

**AMBER BISCUITS Pvt. Ltd.**

SANTOSH NAGAR, X'ROAD, HYDERABAD-500035 (INDIA)




Sri Satguru Jagjit Singh Ji eLibrary NamdhariElibrary@gmail.com

https://archive.org/details/namdhari

Phone : 61040
Code : 01824

# For Fitting Diesel Engines in Foreign
# &
# Indian Car Bodies



Specialists in :

## Mercedes Benz Car Repairing

# Amarjit Motor Garage

G. T. ROAD, Opp. JALANDHAR OCTROI POST,

**PHAGWARA**



Sri Satguru Jagjit Singh Ji eLibrary NamdhariElibrary@gmail.com

**HIGH CLASS GUN MANUFACTURERS**

**(SINGLE & DOUBLE BARRELS) 12-BORE GUNS**

**ALSO SALE & PURCHASES OF**

**IND1AN & IMPORTED (12-Bore Guns, Revolvers/Pistols N. P· Bore) Guns**

**Also Repairers of all Types of Guns**



# Once Purchased Ever Purchased

**Best Quality of The Day is Our Motto**
**Contact Us With Full Confidence :**

**Hello : 533810**

# Free India Gun Manufacturers

**Prop : S. KARTAR SINGH (JAMMU-WALE)**
**6 Industrial Estate, Ashok Nagar,**
**Jammu Cantt.-3**

**Sister Concern :**

**M/s KARTAR SINGH**
**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

https://archive.org/details/namdhari

With Best Compliments From :

narain's®

SUITINGS & SHIRTINGS

Wholesale Dealers :

**G. G.**

***Enterprises***

**GEE FAB**

Wholsale

DUPATTA & TURBAN

Dealer

**S C O 847-848, Sector 22-A.**

**CHANDIGARH**

Shop—24221
Resi.—573746



Sri Satguru Jagjit Singh Ji eLibrary NamdhariElibrary@gmail.com

*With best compliments from*

# YOUR CLOTH HOUSE

**Wholeseller & Retailor**

**Gents Wing :**
S.C.F. 1, Sector 20-C, Chandigarh.
Phone : 23363, 31199

**Ladies Wing :**
S.C.O. 6, Sector 20-C, Chandigarh.
Phone : 29849

**Rumal Sahib Wing :**
Booth No. 36, Sector 34-C, Chandigarh.

**Your Saree Centre :**
S.C.F. No. 1, Sector 20-C, Chandigarh.



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ

ਜਨਵਰੀ-ਫਰਵਰੀ-੧੯੯੫ ਜਿਲਦ-੨੦ ਅੰਕ—੩-੪

ਤਤਕਰਾ

ਜੰਗੇ ਅਜ਼ਾਦ ਦਾ ਸਰਵਰਕ—ਸੁਰਿੰਦਰ ਸਿੰਘ ਨਾਮਧਾਰੀ ੯
ਨਾਮਧਾਰੀ ਸ਼ਹੀਦਾਂ ਦੇ ਨਾਂ—ਕਰਤਾਰ ਸਿੰਘ ਪੰਛੀ ੧੦
ਸੂਬਾ ਲੱਖਾ ਸਿੰਘ—ਜਸਵਿੰਦਰ ਸਿੰਘ ੧੧
ਦੋ ਗ਼ਜ਼ਲਾਂ—ਲਖਵਿੰਦਰ ਸਿੰਘ ਬਾਜਵਾ ੧੫
ਪ੍ਰਥਮ ਸੰਗੀਤ ਉਸਤਾਦਾਂ ਨੂੰ ਨਮਸਕਾਰ —ਪ੍ਰੀਤਮ ਸਿੰਘ ਕਵੀ ੧੬
ਅੰਬਾਂ ਦੀ ਵਾਸ਼ਨਾ—ਵਰਿਆਮ ਸਿੰਘ ਸੰਧੂ ੨੧
ਦੇਸ਼ ਵਾਪਸੀ ਕਹਾਣੀ—ਨਵਤੇਜ ੨੨
ਅੱਜ ਦੀ ਰਾਤ—ਜਗਦੀਸ਼ ਸਿੰਘ ੨੯
ਅੱਧੀ ਰਾਤ ਨੂੰ—ਸੁਰਜੀਤ ਖ਼ੁਰਸ਼ੀਦੀ ੩੨
ਦੋ ਗ਼ਜ਼ਲਾਂ—ਜਸਵੰਤ ਸਿੰਘ ਰਾਹੀ ੩੩
ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ ਜਲੰਧਰ —ਜਗਦੀਸ਼ ਸਿੰਘ ੩੪
ਡਾ. ਅਮਰ ਭਾਰਤੀ—ਪਿਆਰਾ ਸਿੰਘ ਦਾਤਾ ੪੧
ਪ੍ਰਾਣ ਦਾਤਾ ਸਤਿਗੁਰੂ—ਹਰਬੰਸ ਸਿੰਘ ਦੋਸ਼ੀ ੪੭
ਪਿੰਡ ਦੀਆਂ ਯਾਦਾਂ—ਗੁਰਦੇਵ ਸਿੰਘ ਹੰਜਰਾ ੫੦
ਖਬਰਨਾਮਾ ੫੪

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩-੨-੭੭ ਔਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

### ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦.੦੦ ,, |
| ਸਾਲਾਨਾ ਚੰਦਾ | ੫੦.੦੦ ,, |
| ਤਿੰਨ ਸਾਲ ਵਾਸਤੇ | ੧੨੦.੦੦ ,, |
| ਚਾਰ ਸਾਲ ਵਾਸਤੇ | ੧੭੦.੦੦ ,, |
| ਪੰਜ ਸਾਲ ਵਾਸਤੇ | ੨੦੦.੦੦ ,, |
| ਉਮਰ ਭਰ ਵਾਸਤੇ | ੫੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੫੦੦.੦੦ ,, |

# ਸੰਗੀਤ ਖੇਤਰ ਦਾ ਇਨਕਲਾਬ

ਇਸ ਅੰਕ ਦੇ ਸਰਵਰਕ ਤੇ ਜਲੰਧਰ ਵਿਚ ਹੋਏ ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ ਦੀਆਂ ਕੁਝ ਝਲਕੀਆਂ ਹਨ। ਅੰਕ ਦੇ ਅੰਦਰ ਇਕ ਲੇਖ ਅਤੇ ਇਕ ਰਿਪੋਰਟ ਵੀ ਇਸ ਸੰਬੰਧੀ ਹੈ। ਇਸ ਪ੍ਰਕਾਰ ਇਹ ਸੰਗੀਤ ਅੰਕ ਹੀ ਲਗਦਾ ਹੈ। ਇਸ ਨੂੰ ਇਵੇਂ ਕਿਹਾ ਵੀ ਜਾਵੇਗਾ। ਨਾਮਧਾਰੀ ਪੰਥ ਦੇ ਵਰਤਮਾਨ ਗੁਰੂ ਸਾਹਿਬ, ਸਤਿਗੁਰੂ ਜਗਜੀਤ ਸਿੰਘ ਜੀ ਨੇ ਪੰਜਾਬ ਦੇ ਲੋਕਾਂ ਵਿਚ ਅਤੇ ਵਿਸ਼ੇਸ਼ ਕਰਕੇ ਨਾਮਧਾਰੀ ਸਿੱਖ ਸਮਾਜ ਵਿਚ ਬਹੁਤ ਉਚੇਚੇ ਉਪਰਾਲੇ ਅਤੇ ਖਰਚ ਕਰਕੇ ਸੰਗੀਤ ਜਿਹੀ ਸੂਖਮ ਕਲਾ ਦਾ ਸੰਚਾਰ ਕੀਤਾ ਹੈ। ਇਸ ਦੀ ਮਿਸਾਲ ਸ਼ਾਇਦ ਇਤਿਹਾਸ ਵਿਚ ਨਹੀਂ ਮਿਲਦੀ। ਉਹਨਾਂ ਦਾ ਆਪਣਾ ਸੰਗੀਤ-ਗਿਆਨ ਏਡਾ ਡੂੰਘਾ ਅਤੇ ਵਿਸ਼ਾਲ ਹੈ ਕਿ ਇਸ ਦਾ ਅਨੁਮਾਨ ਨਹੀਂ ਲਾਇਆ ਜਾ ਸਕਦਾ। ਭਾਰਤੀ ਸੰਗੀਤ ਦੇ ਚੋਟੀ ਦੇ ਪੰਡਿਤ ਅਤੇ ਕਲਾਕਾਰ ਉਹਨਾਂ ਦੇ ਇਸ ਗਿਆਨ ਅਤੇ ਅਮਲੀ ਜੀਵਨ ਵਿਚ ਇਸ ਦੀ ਵਰਤੋਂ ਤੇ ਹੈਰਾਨ ਵੀ ਹੁੰਦੇ ਹਨ ਅਤੇ ਸਿਰ ਵੀ ਝੁਕਾਉਂਦੇ ਹਨ। ਪਿਛਲੇ ਤੀਹ ਸਾਲਾਂ ਤੋਂ ਅਸੀਂ ਸਤਿਗੁਰੂ ਜੀ ਦੇ ਇਸ ਅਮਲ ਨੂੰ ਨੇੜਿਓਂ ਵੇਖਿਆ ਹੈ। ਉਹਨਾਂ ਬਹੁਤ ਨਾਮਵਰ ਕਲਾਕਾਰ ਪੈਦਾ ਕੀਤੇ ਹਨ ਅਤੇ ਪੀੜ੍ਹੀਆਂ ਦੀਆਂ ਪੀੜ੍ਹੀਆਂ, ਟੱਬਰਾਂ ਦੇ ਟੱਬਰ ਸੰਗੀਤ ਕਲਾ ਵਿਚ ਪਾਰੰਗਤ ਕੀਤੇ ਹਨ। ਉਹਨਾਂ ਸੰਗੀਤ ਵਿਚ ਅਸਲੋਂ ਹੀ ਨਵੇਂ ਤਜਰਬੇ ਵੀ ਕੀਤੇ ਹਨ। ਤਾਲ ਅਤੇ ਲੈਅ ਦੇ ਖੇਤਰ ਵਿਚ ਖੰਡ ਮਾਤਰਾਵਾਂ ਵਿਚ ਨਵੇਂ ਤਾਲਾਂ ਦਾ ਅਵਿਸ਼ਕਾਰ ਅਤੇ ਇਨ੍ਹਾਂ ਉਤੇ ਅਮਲੀ ਅਧਿਕਾਰ ਸੰਗੀਤ ਖੇਤਰ ਵਿਚ ਇਨਕਲਾਬੀ ਗਲ ਹੈ। ਸੰਗੀਤ ਸੰਬੰਧੀ ਵੱਡੇ ਛੋਟੇ ਸਮਾਰੋਹ, ਕਲਾ ਅਤੇ ਕਲਾਕਾਰਾਂ ਦਾ ਵਿਕਾਸ ਅਤੇ ਇਸ ਵਾਸਤੇ ਸੰਘਰਸ਼ ਇਕ ਦਿਲਚਸਪ ਦਾਸਤਾਨ ਹੈ। ਇਹ ਕਿਸੇ ਵੀ ਸਮਾਜ ਜਾਂ ਜਾਤੀ ਵਾਸਤੇ ਅਪਾਰ ਮਾਣ ਵਾਲੀ ਗੱਲ ਹੋ ਸਕਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਲੋਕਾਈ ਦੀ ਭਲਾਈ ਵਾਸਤੇ ਕੀਤੇ ਅਨੇਕਾਂ ਜਤਨਾਂ ਨੂੰ ਲਾਂਭੇ ਵੀ ਕਰ ਦਈਏ ਤਾਂ ਇਕੋ ਇਕ ਸੰਗੀਤ ਖੇਤਰ ਵਿਚ ਉਹਨਾਂ ਦਾ ਯੋਗਦਾਨ ਹੀ ਉਹਨਾਂ ਨੂੰ ਸੰਸਾਰ ਦੀਆਂ ਸਿਰਮੌਰ ਹਸਤੀਆਂ ਵਿਚੋਂ ਸਿਰ-ਕੱਢਵਾਂ ਕਰਦਾ ਹੈ। ਇਸ ਵਾਸਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਸੰਗ ਵਿਚ ਵਰਿਆਮ ਦਾ ਅਸਲੀ ਸੰਗੀਤ ਅੰਕ



Sri Satguru Jagjit Singh Ji eLibrary NamdhariElibrary@gmail.com

ਤਾਂ ਅਜੇ ਸੁਪਨਾ ਹੀ ਹੈ, ਪਰ ਫੇਰ ਵੀ ਨਮਸਕਾਰ ਰੂਪ ਵਿਚ ਇਹ ਸਾਧਾਰਨ ਅੰਕ ਹਾਜ਼ਰ ਹੈ। ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਵਰਤਮਾਨ ਨੌਜਵਾਨ ਕਲਾਕਾਰਾਂ ਨੇ ਜਿਸ ਉੱਦਮ ਨਾਲ ਸੰਗੀਤ ਸੰਮੇਲਨਾਂ ਦੀ ਲੜੀ ਸ਼ੁਰੂ ਕੀਤੀ ਹੈ ਅਤੇ ਜਿਸ ਤਰ੍ਹਾਂ ਉਹਨਾਂ ਦੇ ਜਤਨ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਸ਼ੀਰਵਾਦ ਦਿਤੀ ਹੈ, ਇਸ ਦੇ ਸਿੱਟੇ ਬਹੁਤ ਭਰਵੇਂ ਹੋਣਗੇ ਅਤੇ ਸਿੱਟਿਆਂ 'ਚੋਂ ਦਾਣੇ ਵੀ ਨਿਕਲਣਗੇ। ਇਹਨਾਂ ਨੌਜਵਾਨਾਂ ਦੇ ਉੱਦਮ ਨੂੰ ਭਰਵਾਂ ਹੁੰਗਾਰਾ ਮਿਲਣਾ ਚਾਹੀਦਾ ਹੈ ਅਤੇ ਸੰਗਤਾਂ ਨੂੰ ਚਾਹੀਦਾ ਹੈ ਕਿ ਥਾਓਂ-ਥਾਈਂ ਅਜਿਹੇ ਆਯੋਜਨ ਕਰਨ ਦਾ ਉੱਦਮ ਕਰਨ।

ਆਪਣੇ ਮਹਾਨ ਅਤੇ ਹਰਮਨ-ਪਿਆਰੇ ਗੁਰੂ-ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੰਗੀਤ ਘਾਲਣਾ ਦੀ ਯਾਦ ਨੂੰ ਤਾਜ਼ਾ ਰਖਣ ਦੇ ਜਤਨਾਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਜੋ ਉਪਰਾਲੇ ਕੀਤੇ ਹਨ, ਉਹਨਾਂ ਨੇ ਦੇਸ਼ ਦੇ ਲੋਕਾਂ ਨੂੰ ਅਕੱਥ ਲਾਭ ਪਹੁੰਚਾਇਆ ਹੈ। ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਉੱਦਮ ਵਿਚ ਜੇ ਵਰਿਆਮ ਪਰਿਵਾਰ ਕੁਝ ਵੀ ਹੱਥ ਵਟਾ ਸਕਿਆ ਤਾਂ ਅਸੀਂ ਇਸ ਨੂੰ ਧੰਨ ਭਾਗ ਸਮਝਾਂਗੇ।

—ਜਗਦੀਸ਼ ਸਿੰਘ

# ਸਾਡੀ ਮਜਬੂਰੀ

ਪਿਛਲੇ ਕੁਝ ਸਮੇਂ ਤੋਂ ਕਾਗਜ਼ ਅਤੇ ਹੋਰ ਸਾਮਗਰੀ ਦੀਆਂ ਕੀਮਤਾਂ ਵਿਚ ਵਾਧੇ ਕਾਰਨ ਪਤਰਕਾਰੀ ਦਾ ਕਾਰਜ ਕਰਨਾ ਅਤਿ ਕਠਨ ਹੋ ਗਿਆ ਹੈ। ਹਰ ਰੋਜ਼ ਹੀ ਮਹਿੰਗਾਈ ਦਾ ਤਗੜਾ ਵਾਰ ਹੁੰਦਾ ਹੈ। ਵਰਿਆਮ ਤਾਂ ਕੀਹ ਵਡੇ ਵਡੇ ਅਖਬਾਰ ਵੀ ਇਸ ਮਹਿੰਗਾਈ ਵਿਚ ਪਿਸ ਰਹੇ ਹਨ। ਜਦੋਂ ਅਸੀਂ ਵਰਿਆਮ ਦੀ ਵੀਹਵੀਂ ਵਰ੍ਹੇ ਗੰਢ ਮਨਾਉਣ ਦੇ ਜਤਨ ਵਿਚ ਹਾਂ ਅਗੋਂ ਇਹ ਮਹਿੰਗਾਈ ਦੀ ਗੜੇ ਮਾਰ ਪੈ ਗਈ ਹੈ। ਵਰਿਆਮ ਦੇ ਸਾਧਨ ਤਾਂ ਪਾਠਕਾਂ ਦਾ ਸਹਿਯੋਗ ਹੈ। ਅਸੀਂ ਯਤਨ ਕਰ ਰਹੇ ਹਾਂ ਕਿ ਵਰਿਆਮ ਦੀ ਕੀਮਤ ਨਾ ਵਧਾਈ ਜਾਵੇ। ਇਸ ਵਾਸਤੇ ਪਾਠਕਾਂ ਅਤੇ ਹਮਦਰਦਾਂ ਨੂੰ ਅਸੀਂ ਬੇਨਤੀ ਕਰਦੇ ਹਾਂ ਕਿ ਉਹ ਸਦਾ ਵਾਂਗ ਵਰਿਆਮ ਦੀ ਮਦਦ ਤੇ ਆਉਣ। ਇਕ ਵਿਸ਼ੇਸ਼ ਗਲ ਅਸੀਂ ਜੀਵਨ ਮੈਂਬਰਾਂ ਨਾਲ ਕਰਨਾ ਚਾਹੁੰਦੇ ਹਾਂ। ਵੀਹ ਸਾਲ ਪਹਿਲਾਂ ਅਸਾਂ ਕੁਝ ਜੀਵਨ ਮੈਂਬਰ ਬਣਾਏ ਸਨ ਉਸ ਵੇਲੇ ਦੇ ਹਿਸਾਬ ਨਾਲ। ਇਹਨਾਂ ਮੈਂਬਰਾਂ ਵਿਚੋਂ ਸ਼ਾਇਦ ਕਈ ਸਾਥ ਵੀ ਛੱਡ ਗਏ ਹੋਣ। ਪੂਰੇ ਵੀਹ ਸਾਲ ਤੋਂ ਇਹ ਪਰਚਾ ਉਹਨਾਂ ਦੇ ਦਰਾਂ ਤੇ ਪਹੁੰਚ ਰਿਹਾ ਹੈ। ਸੈਂਕੜਿਆਂ ਦੀ ਗਿਣਤੀ ਵਿਚ ਇਹ ਪਰਚਾ ਉਵੇਂ ਹੀ ਲਗਾਤਾਰ ਜਾਣਾ ਕਾਫੀ ਬੋਝ ਪਾਉਂਦਾ ਹੈ। ਅਸੀਂ ਇਹਨਾਂ ਮੈਂਬਰਾਂ ਨੂੰ ਖਾਸ ਤੌਰ ਤੇ ਚਾਹੁੰਦੇ ਹਾਂ ਕਿ ਵੀਹਵੀਂ ਵਰ੍ਹੇ ਗੰਢ ਨੂੰ ਹੀ ਮੁਖ ਰਖ ਕੇ ਸਾਡੇ ਭਾਰ ਨੂੰ ਹੌਲਾ ਕਰੋ। ਅਸੀਂ ਅਪਣਾ ਬਚਨ ਨਿਭਾ ਚੁਕੇ ਹਾਂ।

ਅਸੀਂ ਵਰਿਆਮ ਦੇ ਪ੍ਰਕਾਸ਼ਨ ਦੇ ਸਮੇਂ ਵਿਚ ੨ ਛੜਕੇ ਚੱਲ ਰਹੇ ਹਾਂ। ਇਹ ਪਛੜੇਵਾਂ ਚੰਗੀ ਗੱਲ ਨਹੀਂ..... ਪਰ ਇਹ ਸਾਡੀ ਮਜਬੂਰੀ ਹੀ ਬਣ ਗਿਆ ਹੈ। ਇਸ ਦੀਆਂ ਜੜ੍ਹਾਂ ਵਿਚ ਇਹ ਮਾਲੀ ਸੰਕਟ ਹੀ ਹੈ। ਸਾਡੀ ਤਾਂ ਸਮਝ ਵਿਚ ਨਹੀਂ ਆਉਂਦਾ ਕਿ ਇਹ ਮਹਿੰਗਾਈ ਵਾਲਾ ਰਾਕਟ ਕਿਥੇ ਜਾ ਕੇ ਰੁਕੇਗਾ। ਉਂਝ ਵੀ ਸਾਡੇ ਸਮਾਜ ਵਿਚ ਲਿਖਣ-ਪੜ੍ਹਨ ਦਾ ਕਾਰਜ ਆਪਣੇ ਅਮਲ ਵਿਚ ਬਹੁਤ ਦੂਰ ਦੇ ਨੰਬਰ ਤੇ ਆਉਂਦਾ ਹੈ। ਫੇਰ ਵੀ ਕੁਝ ਕੁ ਲੋਕ ਐਸੇ ਹਨ ਜੋ ਇਸਦੀ ਅਹਿਮੀਅਤ ਨੂੰ ਸਮਝਦੇ ਹਨ ਅਤੇ ਸਾਡੀ ਮਜਬੂਰੀ ਨੂੰ ਵੀ। ਆਸ ਹੈ ਤੁਹਾਡੀ ਮੱਦਦ ਨਾਲ ਇਹ ਭਵ-ਸਾਗਰ ਵੀ ਲੰਘ ਜਾਈਏ। ਆਉਂਦੇ ਸਮੇਂ ਵਿਚ ਕੁਝ ਮਹੱਤਵ-ਪੂਰਨ ਅੰਕ ਪ੍ਰਕਾਸ਼ਨ ਦੀ ਰੀਝ ਹੈ। ਸਾਡ ਸਾਥ ਦਿਓ। ਆਪਣੇ ਸੁਝਾਅ ਅਤੇ ਰਾਵਾਂ ਸਾਨੂੰ ਜ਼ਰੂਰ ਭੇਜੋ। ਭੁੱਲ-ਚੁੱਕ ਦੀ ਖਿਮਾ।

— ਜਗਦੀਸ਼ ਸਿੰਘ

ਮੁੱਖ ਪੰਨੇ ਦੇ ਚਿੱਤਰ : ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ ਦੀਆਂ ਕੁਝ ਝਾਕੀਆਂ। ਦਰਮਿਆਨ ਸਤਿਗੁਰੂ ਜਗਜੀਤ ਸਿੰਘ ਜੀ। ਸੱਜੇ ਉਪਰ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਤਸਵੀਰ, ਉਸਤਾਦ ਭਾਈ ਹਰਨਾਮ ਸਿੰਘ ਅਤੇ ਉਸਤਾਦ ਉਧੋ ਖਾਂ ਦੀਆਂ ਤਸਵੀਰਾਂ। ਪੰਡਿਤ ਰਾਜਨ ਮਿਸ਼ਰਾ, ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਬਾਲ ਕਲਾਕਾਰ। ਖੱਬੇ ਉਪਰੋਂ ਸ੍ਰੀ ਸੁਜਾਤ ਹੁਸੈਨ ਖਾਂ, ਪੰਡਿਤ ਸਾਜਨ ਮਿਸ਼ਰਾ। ਟਾਈਟਲ ਸੈਟਿੰਗ : ਸੁਖਵੰਤ ਆਰਟਿਸਟ, ਫੋਟੋ-ਗਿਰਾਫਰ ਨਿਸ਼ਾਨ ਸਿੰਘ-ਪਿਆਰੇ ਲਾਲ।



Sri Satguru Jagjit Singh Ji eLibrary NamdhariElibrary@gmail.com

# ਜੰਗੇ-ਅਜ਼ਾਦੀ ਦਾ ਸਰਵਰਕ

—ਸੁਰਿੰਦਰ ਸਿੰਘ ਨਾਮਧਾਰੀ

ਮਹਾਨ ਸੁਤੰਤਰਤਾ ਸੰਗਰਾਮੀ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ੧੮੧੬ ਦੀ ਬਸੰਤ ਪੰਚਮੀ ਵਾਲੇ ਦਿਨ ਜ਼ਿਲ੍ਹਾ ਲੁਧਿਆਣਾ ਦੇ ਭਾਵੇਂ ਇਕ ਛੋਟੇ ਜਹੇ ਪਿੰਡ ਰਾਈਆਂ ਵਿਚ ਹੋਇਆ ਸੀ, ਪਰ ਉਨ੍ਹਾਂ ਦੁਆਰਾ ਚਲਾਈ ਲਹਿਰ ਜਿਥੇ ਇਕ ਜਨਤਕ ਲਹਿਰ ਹੋ ਨਿਬੜੀ ਉਥੇ ਉਨ੍ਹਾਂ ਦੇ ਪ੍ਰੋਗਰਾਮ ਨੂੰ ਅਪਣਾ ਕੇ ਹੀ ਅਜ਼ਾਦੀ ਸੰਘਰਸ਼ ਦਾ ਰਸਤਾ ਤਹਿ ਹੋਇਆ।

ਸਤਿਗੁਰੂ ਜੀ ਨੇ ਆਮ ਜਨਤਾ ਵਿਚ ਸਮਾਜਿਕ ਚੇਤਨਾ, ਰਾਜਨੀਤਕ ਜਾਗਰੂਕਤਾ ਅਤੇ ਰੂਹਾਨੀ ਵਿਚਾਰਾਂ ਦਾ ਇਵੇ ਸੰਚਨ ਕੀਤਾ ਕਿ ਹਰ ਨਾਮਧਾਰੀ ਜਿਥੇ ਕਿਰਤ ਕਮਾਈ ਵਲੋਂ ਸੰਪਨ ਸੀ ਉਥੇ ਅੰਗਰੇਜ਼ਾਂ ਦੀ ਰਾਜਨੀਤਕ ਅਤੇ ਆਰਥਿਕ ਲੁਟ ਘਸੁਟ ਵਲੋਂ ਵੀ ਅਵੇਸਲਾ ਨਹੀਂ ਸੀ। ਸਮਾਜਿਕ ਕੁਰੀਤੀਆਂ ਵਲ ਸਤਿਗੁਰੂ ਜੀ ਨੇ ਵਿਸ਼ੇਸ਼ ਧਿਆਨ ਦਿਤਾ ਜਿਨ੍ਹਾਂ ਵਿਚੋਂ ਜੰਮਦੀਆਂ ਕੁੜੀਆਂ ਨੂੰ ਮਾਰਨਾ ਉਨ੍ਹਾਂ ਨੂੰ ਵੇਚਣਾ ਅਤੇ ਵੱਟਾ ਕਰਨਾ ਬਹੁਤ ਹੀ ਸਖਤੀ ਨਾਲ ਬੰਦ ਕਰ ਦਿਤਾ ਅਤੇ ਨਾਲ ਨਾਲ ਹੀ ਵਿਧਵਾ ਪੁਨਰ ਵਿਆਹ ਵੀ ਕਰਨੇ ਸ਼ੁਰੂ ਕੀਤੇ। ਇਸ ਦੇ ਨਾਲ ਨਾਲ ਹੀ ਵਿਆਹਾਂ ਦੀ ਇਕ ਸਾਦਾ ਰਸਮ ਅਨੰਦ-ਵਿਆਹ ਤਾਂ ਉਸ ਵਕਤ ਅਮਲੋਂ ਇਨਕਲਾਬ ਸੀ ਤੇ ਇਹ ਸਚਮੁਚ ਇਨਕਲਾਬ ਹੀ ਹੋ ਨਿਬੜੀ ਜਦੋਂ ੩ ਜੂਨ ੧੮੬੩ ਨੂੰ ਪਿੰਡ ਖੋਟੇ ਵਿਚ ਸਮੂਹਿਕ ਵਿਆਹ ਕਰਨ ਉਪਰੰਤ ਸਤਿਗੁਰੂ ਜੀ ਉਤੇ ਅੰਗਰੇਜ਼ੀ ਸਰਕਾਰ ਦੀ ਕਹਿਰੀ ਨਿਗਾਹ ਕੇਂਦਰਤ ਹੋਈ।

ਅੰਗਰੇਜ਼ ਸਰਕਾਰ ਬੜੀ ਹੈਰਾਨ ਹੋਈ ਜਦੋਂ ਉਸਨੂੰ ਘੋਖ ਪੜਤਾਲ ਤੇ ਪਤਾ ਲਗਾ ਕਿ ਇਹ ਨਿਰੋਲ ਧਾਰਮਿਕ ਸੰਪਰਦਾ ਹੀ ਨਹੀਂ ਸਗੋਂ ਇਨ੍ਹਾਂ ਦੇ ਇਰਾਦੇ ਕੁਝ ਹੋਰ ਹਨ। ੧੧ ਸਤੰਬਰ ੧੮੬੬ ਨੂੰ ਅੰਬਾਲੇ ਦੇ ਕਮਿਸ਼ਨਰ ਸੁਪਰਿਨ-ਟਿਨਡੈਂਟ ਨੇ ਸਰਕਾਰ ਨੂੰ ਰੀਪੋਰਟ ਭੇਜੀ ਕਿ—

"ਉਸਦੇ ਸੁਧਾਰਾਂ ਦਾ ਮੰਤਵ ਪ੍ਰਤੱਖ ਰੂਪ ਵਿਚ ਸਿਖੀ ਤਾਕਤ ਨੂੰ ਮੁੜ ਇਕੱਠਾ ਕਰਨਾ ਹੈ ਤੇ ਉਹ ਵੀ ਰਾਜਨੀਤਕ ਮੰਤਵ ਦੀ ਪ੍ਰਾਪਤੀ ਲਈ।" ਉਂਝ ਵੀ ਪਰੋਗਰਾਮ ਇੰਨੇ ਯੋਜਨਾ-ਵਧ ਸਨ ਕਿ ਡੀ. ਸੀ. ਅੰਮ੍ਰਿਤਸਰ ਮੇਜਰ ਪ੍ਰਕਿਨਜ਼ ਨੇ ਲਿਖਿਆ :—

"ਉਨ੍ਹਾਂ ਦਾ ਡਾਕ ਦਾ ਨਿਜੀ ਪ੍ਰਬੰਧ ਬਹੁਤ ਹੀ ਸ਼ਲਾਘਾ ਜੋਗ ਹੈ ਅਤੇ ਜੁਗਤੀ ਨਾਲ ਸੰਗਠਤ ਕੀਤਾ ਹੋਇਆ ਹੈ। ਖੁਫੀਆ ਹੁਕਮ ਜਾਂ ਹਦਾਇਤਾਂ ਉਸੇ ਤਰ੍ਹਾਂ ਭੇਜੀਆਂ ਜਾਂਦੀਆਂ ਹਨ ਜਿਵੇਂ ਪੁਰਾਣੇ ਸਮੇਂ ਸਕਾਟਲੈਂਡ ਦੇ ਲੋਕੀ ਕਰਿਆ ਕਰਦੇ ਸਨ" ਮੇਜਰ ਐਡਰੀਓ ਡੀ. ਆਈ. ਜੀ. ਰੇਂਜ-੧ ਦੀ ਰੀਪੋਰਟ ਸੀ "ਉਸ ਦੇ ਪ੍ਰਚਾਰ ਨੇ ਪੰਜਾਬ ਵਿਚ ਬੜੀ ਤਰਥੱਲੀ ਮਚਾ ਦਿਤੀ ਹੈ" ਨਾ-ਮਿਲਵਰਤਨ ਜਿੰਨੀ ਪ੍ਰਭਾਵਸ਼ਾਲੀ ਢੰਗ ਨਾਲ ਸਤਿਗੁਰੂ ਰਾਮ ਸਿੰਘ ਜੀ ਨੇ ਲਾਗੂ ਕੀਤੀ ਉਨ੍ਹਾਂ ਦੀ ਸੂਝ ਬੂਝ ਤੇ ਹੈਰਾਨ ਹੋਈਦਾ ਹੈ ਕਿਵੇਂ ਹਰ ਸਰਕਾਰੀ ਕੰਮ ਦਾ ਪੂਰੀ ਤਰ੍ਹਾਂ ਬਾਈਕਾਟ ਕੀਤਾ ਹੋਇਆ ਸੀ—ਰੇਲਾਂ ਦਾ ਬਾਈਕਾਟ, ਸੜਕਾਂ ਦਾ, ਨਹਿਰਾਂ ਦਾ ਕਚਹਿਰੀਆਂ ਦਾ, ਸਕੂਲਾਂ ਦਾ ਬਦੇਸ਼ੀ ਸਮਾਨ ਦਾ ਏਥੋਂ ਤਕ ਉਨ੍ਹਾਂ ਦੀਆਂ ਨੌਕਰੀਆਂ ਦਾ ਵੀ ਬਾਈਕਾਟ ਸੀ ਤੇ ਇਹ ਸਭ ਕੁਝ ਪੂਰੀ ਸਖਤੀ ਨਾਲ ਹਰ ਨਾਮਧਾਰੀ ਤੇ ਲਾਗੂ ਸੀ।

ਨਾਮਧਾਰੀਆਂ ਦੀ ਅਨੁਸ਼ਾਸਨ-ਬਧਤਾ ਵੇਖ ਕੇ ਅੰਮ੍ਰਿਤਸਰ ਦੇ ਅੰਗਰੇਜ਼ ਅਫਸਰ ਮੈਨਜ਼ਿਸ ਨੇ ਲਿਖਿਆ ਕਿ—

"ਮੈਂ ਇਸ ਤੋਂ ਵਧ ਸਲੀਕੇਦਾਰ ਅਨੁਸ਼ਾਸ਼ਿਤ ਅਤੇ ਆਗਿਆਕਾਰ ਜਨਸਮੂਹ ਜਾਂ ਘਟ ਅਪਰਾਧ ਜਿੰਨੇ ਇਸ ਮੇਲੇ ਦੌਰਾਨ ਹੋਏ ਹਨ-ਕਦੇ ਨਹੀਂ ਵੇਖੇ।"

ਅੰਗਰੇਜ਼ਾਂ ਖਿਲਾਫ ਨਾਮਧਾਰੀਆਂ ਦਾ ਰੋਹ ਉਭਰਕੇ ਉਦੋਂ ਸਾਹਮਣੇ ਆਇਆ ਜਦੋਂ ਉਨ੍ਹਾਂ ਅੰਗਰੇਜ਼ਾਂ ਦੀ ਨੀਤੀ ਨੂੰ ਨਾ ਸਵੀਕਾਰਦਿਆਂ ਅੰਮ੍ਰਿਤਸਰ ਵਾਰਦਾਤ ਕਰ ਦਿਤੀ ਅਤੇ ਆਪ ਹੀ ਪੇਸ਼ ਹੋ ਕੇ ਰਾਮ ਬਾਗ ਦੇ ਬੋਹੜ ਨਾਲ ਫਾਂਸੀ ਲਈ ਇਸ ਤੋਂ ਬਾਅਦ ਤਾਂ ਘਟਨਾਵਾਂ ਦਾ ਜਿਵੇਂ ਚੱਕਰ ਹੀ ਚਾਲੂ ਹੋ ਗਿਆ ਇਵੇਂ ਹੀ ਰਾਏਕੋਟ ਜਿਥੇ ਤਿੰਨ ਸਿੰਘਾਂ ਨੂੰ ਫਾਂਸੀ ਦਿਤੀ ਗਈ ਅਤੇ ਲੁਧਿਆਣੇ ਦੋ ਸਿੰਘਾਂ ਨੂੰ।

ਫਿਰ ੧੪, ੧੫ ਜਨਵਰੀ ੧੮੭੨ ਨੂੰ ਤਾਂ ਜਿਵੇਂ ਨਾਮਧਾਰੀਆਂ ਬਗ਼ਾਵਤ ਹੀ ਕਰ ਦਿਤੀ, ਪੂਰੇ ਦਾ ਪੂਰਾ ਜਥਾ ਮਲੇਰਕੋਟਲੇ ਨੂੰ ਜਾ ਪਿਆ। ਬੜੇ ਜ਼ੋਰ-ਸ਼ੋਰ ਨਾਲ ਲੜਾਈ ਹੋਈ, ਪਰ ਇਸ ਤੋਂ ਬਾਅਦ ਦਾ ਵਾਕਿਆ ਬਹੁਤ ਹੀ ਹਿਰਦੇਵੇਦਕ ਸੀ ਜਦੋਂ ੬੬ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾ ਦਿਤਾ ਗਿਆ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਉਠੇ ਰਾਤ ਸਪੈਸ਼ਲ ਗਾਰਦ ਦੇ ਪਹਿਰੇ ਹੇਠ ਜਲਾਵਤਨ ਕਰ ਦਿਤਾ ਗਿਆ।

ਨਾਮਧਾਰੀਆਂ ਦੁਆਰਾ ਚਲਾਈ ਆਜ਼ਾਦੀ ਦੀ ਸ਼ਮ੍ਹਾਂ ਬਾਅਦ ਵਿਚ ਏਨੀ ਪਰਜਵਲ ਹੋ ਉਠੀ ਕਿ ਸਾਰੇ ਭਾਰਤਵਾਸੀ ਹੀ ਗ਼ੁਲਾਮੀ ਦਾ ਜੂਲਾ ਉਤਾਰਨ ਲਈ ਤਤਪਰ ਹੋ ਉਠੇ ਤੇ ਆਜ਼ਾਦੀ ਹੋਰ ਨੇੜੇ ਹੋਰ ਨੇੜੇ ਆਉਂਦੀ ਗਈ। ਕਾਂਗਰਸ ਨੇ ਵੀ ਸਤਿਗੁਰੂ ਜੀ ਦਾ ਚਲਾਇਆ ਹੋਇਆ ਰਸਤਾ—ਨਾਮਿਲਵਰਤਨ ਹੀ ਅਪਨਾਇਆ। ਇਸ ਬਾਰੇ ਡਾ: ਰਾਜਿੰਦਰ ਪ੍ਰਸ਼ਾਦ ਜੀ ਨੇ ਲਿਖਿਆ ਸੀ :

"ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਅੰਦੋਲਨ ਇਤਨੇ ਜ਼ੋਰ ਸੇ ਚਲਾਇਆ, ਉਸ ਕਾ ਗੁਰੂ ਰਾਮ ਸਿੰਘ ਨੇ ਪਚਾਸ ਬਰਸ ਪੂਰਬ ਹੀ ਨਾਮਧਾਰੀਓਂ ਮੇਂ ਪ੍ਰਯੋਗ ਕੀਆ ਥਾ।"



Sri Satguru Jagjit Singh Ji eLibrary NamdhariElibrary@gmail.com

ਕਵਿਤਾ

## ਮਲੇਰਕੋਟਲੇ ਦੇ

# ਨਾਮਧਾਰੀ ਸ਼ਹੀਦਾਂ ਦੇ ਨਾਂ

—ਕਰਤਾਰ ਸਿੰਘ 'ਪਛੀ'

ਮੈਂ ਜਦ ਆਪਣੇ ਨਿੱਕੇ ਘਰ 'ਚੋਂ, ਕੱਲਰ ਵੱਲ ਨੂੰ ਆਵਾਂ।
ਏਥੋਂ ਦੇ ਹਰ ਕਣ 'ਚੋਂ ਵੇਖਾਂ, ਕਿਰਨਾਂ ਦਾ ਸਿਰਨਾਵਾਂ।

ਜਿੱਥੇ ਹੋਣ ਸ਼ਹੀਦ ਸੂਰਮੇ, ਦੇਸ਼ ਧਰਮ ਦੀ ਖ਼ਾਤਰ,
ਮੇਰੀ ਜਾਚੇ ਸਭ ਤੋਂ ਚੰਗੀਆਂ, ਪੂਜਣ ਯੋਗ ਉਹ ਥਾਵਾਂ।

ਜਿਨ੍ਹਾਂ ਮਾਵਾਂ ਦੀ ਗੋਦੀ 'ਚੋਂ, ਨਿੱਘ ਲਿਆ ਤੇ ਵਿਗਸੇ,
ਸੌ ਵਾਰੀ, ਲੱਖ ਵਾਰੀ ਆਖਾਂ, ਧੰਨ ਜਣੇਂਦੀਆਂ ਮਾਵਾਂ।

ਜਿੰਨ੍ਹਾਂ ਚਾਵਾਂ ਨਾਲ ਖਿਡਾਇਆ, ਉਹ ਭੈਣਾਂ ਤੇ ਵੀਰੇ,
ਉਹਨਾਂ ਦੇ ਪਰਿਵਾਰਾਂ ਉਤੋਂ, ਮੈਂ ਬਲਹਾਰੇ ਜਾਵਾਂ!

ਸਾਮਰਾਜ ਦੇ ਜ਼ਾਲਮ ਹਾਕਮ, ਥੱਕੇ ਜ਼ੋਰ ਲਗਾ ਕੇ,
ਟੋਡੀ, ਟੁੱਕੜ-ਬੋਚ ਵੀ ਹਫ਼ ਗਏ, ਦਿੰਦੇ ਰਹੇ ਸਜ਼ਾਵਾਂ।

ਏਸ ਜਥੇ ਦੇ ਦੇਸ਼-ਭਗਤ ਸਿੰਘ, ਹੀਰਾ ਸਿੰਘ ਦੇ ਹਾਣੀ,
ਸਤਿਗੁਰੂ ਪੂਰੇ ਦੀ ਮਿਹਰ ਦੀਆਂ, ਮਾਣੀਆਂ ਜਿਨ੍ਹਾਂ ਛਾਵਾਂ।

ਕਰ ਇਸ਼ਨਾਨ ਸਿਮਰ ਪ੍ਰਭ ਆਪਣਾ, ਤੋਪਾਂ ਸਾਹਵੇਂ ਆਏ,
ਕਾਵਨ ਨੂੰ ਫਿਟਕਾਰਾਂ ਪਾਈਆਂ, ਗਿਰਝਾਂ, ਕੁੱਤਿਆਂ, ਕਾਵਾਂ।

ਵੇਖੋ ਜੇਰਾ ਉਸ ਸਿੰਘ ਦਾ, ਸਿੰਘ ਵਰਿਆਮ ਬਹਾਦਰ,
ਢੇਮਾਂ ਰੱਖ ਕੇ, ਤੋਪ ਦੇ ਸਾਹਵੇਂ, ਡਟਿਆ ਹੋ ਕੇ ਸਾਵਾਂ।

ਬਿਸ਼ਨ ਸਿੰਘ ਮਾਸੂਮ, ਸੁਨੱਖਾ, ਨਿਰਛਲ ਅਤੇ ਪਿਆਰਾ,
ਸਾਮਰਾਜ ਦੀ ਦਾੜ੍ਹੀ ਪੁਟਦਿਆਂ, ਕੱਟੀਆਂ ਗਈਆਂ ਬਾਹਵਾਂ।

ਛੇ ਤੇ ਸੱਠ ਸ਼ਹੀਦ ਹੋ ਗਏ, ਇਕ ਵੀ ਡੋਲਿਆ ਨਾਹੀਂ,
ਲਿਖੋ ਸੁਨਹਿਰੀ ਅੱਖਰਾਂ ਦੇ ਵਿਚ, ਖੰਡੇ 'ਤੇ ਸਿਰਨਾਵਾਂ।

ਇਸ ਧਰਤੀ ਦੇ ਕਣ-ਕਣ ਵਿਚੋਂ, ਮਹਿਕ ਸ਼ਹੀਦੀ ਆਵੇ,
ਮਨ ਤਾਂ ਅੰਦਰੋਂ ਕਰੇ ਡੰਡੌਤਾਂ, ਬਾਹਰੋਂ ਸੀਸ ਨਿਵਾਵਾਂ।

ਸੁਆਸ ਸੁਆਸ ਉਨ੍ਹਾਂ ਸੂਰਮਿਆਂ ਨੇ, ਸਤਿਗੁਰ ਲੇਖੇ ਲਾਇਆ,
ਗੁਰ ਕਿਰਪਾ 'ਚੋਂ ਮਿਲੀ ਰੌਸ਼ਨੀ, ਕੀ ਭਰਵਾਸਾ ਸਾਹਵਾਂ।

ਉਹਨਾਂ ਦੀ ਕੁਰਬਾਨੀ ਸਦਕਾ ਦੇਸ਼ ਆਜ਼ਾਦੀ ਮਾਣੇ,
ਇਸ ਉਪਕਾਰ ਨੂੰ ਦੱਸੋ ਕਿੱਦਾਂ, ਕੀਕੂੰ ਕਿਵੇਂ ਗਿਣਾਵਾਂ।

ਵੇਖੋ ਕਿਵੇਂ ਤਿਆਰ ਹੋ ਗਏ, ਮੌਤ ਵਿਹਾਜਣ ਖਾਤਰ,
ਸਤਿਗੁਰ, ਸਾਹਿਬ ਭਾਣਾ ਮੰਨਕੇ, ਦਿਤੀਆਂ ਸ਼ੁਭ-ਇਛਾਵਾਂ।

ਡੁਲ੍ਹਿਆ ਖ਼ੂਨ ਸ਼ਹੀਦਾਂ, ਜਿਥੇ ਧਰਤੀ ਪਾਵਨ ਹੋਈ,
ਤਾਂ ਹੀ ਇਸ ਦੀ ਮਿੱਟੀ ਚੁਕ ਕੇ ਮੈਂ ਮਸਤਕ ਨੂੰ ਲਾਵਾਂ।

ਕਵੀਓ, ਸ਼ਾਇਰੋ ਤੇ ਵਿਦਵਾਨੋ, ਇਸ ਧਰਤੀ ਨੂੰ ਪੂਜੋ,
ਤਾਂ ਜੋ ਜੀਵਨ ਸਫਲਾ ਹੋਵੇ, ਜਾ ਕੇ ਵਿਚ ਦਰਗਾਵ੍ਹਾਂ।

ਕਥਾ ਆਜ਼ਾਦੀ ਦੇ ਪੱਟ ਉਤੇ, ਨਾਮ ਸ਼ਹੀਦੀ ਚਮਕੇ,
ਦੀਵਾਨੇ ਪਰਵਾਨਿਆਂ ਵਰਗਾ, ਵਿਰਲਾ ਹੈ ਕੋਈ ਟਾਂਵਾਂ।

ਚੀਮਾ, ਕਵੀ, ਕਿਸਾਨ ਤੇ ਸਫ਼ਰੀ, ਮੁਕਤਾ ਸਿਫ਼ਤਾਂ ਕਰਦੇ,
ਤੁਲੀ ਤੇ ਵਰਿਆਮ ਨੂੰ ਤੱਕ ਕੇ, ਮੈਂ ਵੀ ਸਿਫ਼ਤਾਂ ਗਾਵਾਂ।

ਉਠੋ, ਜਾਗੋ, ਤੁਸੀ ਪੁਕਾਰੋ, ਉਹ ਵੀ ਪਰਤ ਕੇ ਆਵੇ,
ਉਹ ਪ੍ਰਦੇਸੀ, ਸਾਹਿਬ ਸੱਚਾ, ਮੰਗੋ ਸਦਾ ਦੁਆਵਾਂ।

ਉਹਨਾਂ ਲਾਡਲਿਆਂ ਦੀਆਂ ਯਾਦਾਂ ਇਸ ਕੱਲਰ ਵਿਚ ਖੁਣੀਆਂ
ਉਹਨਾਂ ਦੇ ਨਾਂਵਾਂ ਸੰਗ ਜੁੜੀਆਂ, ਕੱਚੀਆਂ ਪੱਕੀਆਂ ਰਾਵ੍ਹਾਂ।

ਬੜਾ ਭਿਆਨਕ ਬਿਖੜਾ ਪੈਂਡਾ, ਕੋਈ ਨਹੀਂ ਘਬਰਾਇਆ,
ਭਾਵੇਂ ਤੋਪਾਂ ਦੀ ਗਰਜਣ ਸੀ, ਭਾਵੇਂ ਜ਼ੁਲਮੀ 'ਵਾਵਾਂ।

ਉਹਨਾਂ ਦੀ ਰੂਹ ਅੰਦਰ ਚਾਨਣ, ਗੁਰ ਪੂਰੇ ਨੇ ਕੀਤਾ,
ਜ਼ੁਲਮੀ ਰਾਤਾਂ ਰੋਕ ਨਾ ਸਕੀਆਂ, ਨਾਲੇ ਘੋਰ ਘਟਾਵਾਂ।

"ਪੰਛੀ" ਗਾਵੇ ਸਿਫ਼ਤ ਉਹਨਾਂ ਦੀ, ਗਊ ਗਰੀਬ ਬਚਾਏ,
ਸੰਗਤੇ ਬੋਲ ਜੈਕਾਰਾ ਗੱਜ ਕੇ, ਖੜ੍ਹੀਆਂ ਕਰਕੇ ਬਾਵ੍ਹਾਂ।

ਨਵੀਂ ਬਸਤੀ, ਮਾਲੇਰਕੋਟਲਾ
ਜ਼ਿਲ੍ਹਾ ਸੰਗਰੂਰ



Sri Satguru Jagjit Singh Ji eLibrary NamdhariElibrary@gmail.com

ਇਤਿਹਾਸ ਦੇ ਝਰੋਖੇ ਚੋਂ

# ਸੂਬਾ ਲੱਖਾ ਸਿੰਘ

—ਜਸਵਿੰਦਰ ਸਿੰਘ

ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਦੇ ਰਾਜ ਗੱਦੀ ਤੇ ਬੈਠਣ ਦੇ ਪੰਜਾਹ ਸਾਲ ਪੂਰੇ ਹੋਣ ਦੀ ਖੁਸ਼ੀ ਵਿਚ ਅੰਗਰੇਜ਼ਾਂ ਨੇ ੧੮੮੭-੮੮ ਵਿਚ ਬਹੁਤ ਸਾਰੇ ਕੈਦੀ ਰਿਹਾ ਕਰ ਦਿਤੇ ਸਨ ਜੋ ਉਹਨਾਂ ਦੀਆਂ ਨਜ਼ਰਾਂ ਵਿਚ 'ਖ਼ਤਰਨਾਕ ਨਹੀਂ ਸਨ। ਇਸ ਦੌਰਾਨ ਕੁਝ ਰਾਜਸੀ ਕੈਦੀ, ਜੋ ਅੰਗਰੇਜ਼ਾਂ ਨੇ ਅਲਗ ਅਲਗ ਥਾਵਾਂ ਤੇ ਨਜ਼ਰਬੰਦ ਕੀਤੇ ਹੋਏ ਸਨ ਵੀ ਕੁਝ ਸ਼ਰਤਾਂ ਲਗਾ ਕੇ ਰਿਹਾ ਕਰ ਦਿਤੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਹੀ ਸਾਹਿਬ ਸਿੰਘ, ਕਾਹਨ ਸਿੰਘ, ਰੂੜ ਸਿੰਘ, ਮਲੂਕ ਸਿੰਘ, ਹੁਕਮਾ ਸਿੰਘ. ਮਾਨ ਸਿੰਘ, ਜਵਾਹਰ ਸਿੰਘ, ਲੱਖਾ ਸਿੰਘ, ਬ੍ਰਹਮਾ ਸਿੰਘ ਅਤੇ ਪਹਾੜਾ ਸਿੰਘ ਸੂਬੇ ਫੜ ਕੇ ਅਲਗ ਅਲਗ ਥਾਵਾਂ ਤੇ ਨਜ਼ਰਬੰਦ ਕਰ ਦਿਤੇ ਗਏ ਸਨ। ਇਹਨਾਂ ਵਿਚੋਂ ਸੂਬਾ ਸਾਹਿਬ ਸਿੰਘ, ਪਹਾੜਾ ਸਿੰਘ, ਜਵਾਹਰ ਸਿੰਘ ਅਤੇ ਰੂੜ ਸਿੰਘ ਨਜ਼ਰਬੰਦੀ ਦੇ ਦੌਰਾਨ ਹੀ ਚੜ੍ਹਾਈ ਕਰ ਗਏ ਸਨ। ਸੂਬਾ ਕਾਹਨ ਸਿੰਘ, ਬ੍ਰਹਮਾ ਸਿੰਘ, ਹੁਕਮਾ ਸਿੰਘ, ਮਲੂਕ ਸਿੰਘ ਅਤੇ ਮਾਨ ਸਿੰਘ ਨੂੰ ਕੁਝ ਸ਼ਰਤਾਂ ਲਗਾ ਕੇ ੧੮੮੭-੮੮ ਵਿਚ ਵਾਪਸ ਪੰਜਾਬ ਘਰੋਂ ਘਰੀਂ ਭੇਜ ਦਿਤਾ ਗਿਆ। ਇਹਨਾਂ ਕੂਕੇ ਰਾਜਸੀ ਕੈਦੀਆਂ ਦੀ ਰਿਹਾਈ ਕਰਨ ਤੋਂ ਪਹਿਲਾਂ ਭਾਰਤ ਸਰਕਾਰ ਨੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਪਾਸੋਂ ਨਜ਼ਰਬੰਦ ਕੂਕੇ ਕੈਦੀਆਂ ਬਾਰੇ ਰਾਇ ਮੰਗੀ। ਪੰਜਾਬ ਦਾ ਲੈਫਟੀਨੈਂਟ ਗਵਰਨਰ ਉਪਰ ਦੱਸੇ ਪੰਜ ਕੂਕੇ ਰਾਜਸੀ ਕੈਦੀਆਂ ਨੂੰ ਕੁਝ ਸ਼ਰਤਾਂ ਅਧੀਨ ਰਿਹਾ ਕਰਕੇ ਪੰਜਾਬ ਭੇਜ ਦੇਣ ਲਈ ਸਹਿਮਤ ਹੋ ਗਿਆ। ਪਰ ਬਾਬਾ ਲੱਖਾ ਸਿੰਘ ਨੂੰ ਰਿਹਾ ਕਰਕੇ ਪੰਜਾਬ ਭੇਜ ਦੇਣ ਤੋਂ ਉਸਨੇ ਸਾਫ ਨਾਂਹ ਕਰ ਦਿਤੀ। ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਅਨੁਸਾਰ ਸੂਬਾ ਲੱਖਾ ਸਿੰਘ ਉਹਨਾਂ ਦੇ ਰਾਜ ਲਈ ਬਹੁਤ 'ਖ਼ਤਰਨਾਕ' ਵਿਅਕਤੀ ਸੀ ਅਤੇ ਉਸਨੂੰ ਡਰ ਸੀ ਕਿ ਲੱਖਾ ਸਿੰਘ ਦੇ ਪੰਜਾਬ ਵਿਚ ਵਾਪਸ ਆ ਜਾਣ ਨਾਲ ਉਹਨਾਂ ਦੀਆਂ ਪਰੇਸ਼ਾਨੀਆਂ ਹੋਰ ਵੀ ਵੱਧ ਜਾਣਗੀਆਂ। ਇਸ ਕਾਰਨ ਬਾਬਾ ਲੱਖਾ ਸਿੰਘ ਦੀ ਰਿਹਾਈ ਸੰਭਵ ਨਾ ਹੋ ਸਕੀ। ਇਹ ਕਹਿ ਲਵੋ ਕਿ ਬਾਬਾ ਲੱਖਾ ਸਿੰਘ, ਜਿਸ ਨੂੰ ਬ੍ਰਿਟਿਸ਼ ਸਰਕਾਰ ਸਤਿਗੁਰੂ ਰਾਮ ਸਿੰਘ ਜੀ ਦਾ 'ਮਿਲਟਰੀ ਸੈਕਟਰੀ' ਸਮਝਦੀ ਹੁੰਦੀ ਸੀ, ਦਾ ਡਰ ਨਜ਼ਰਬੰਦੀ ਦੇ ੧੬ ਸਾਲ ਬਾਦ ਵੀ ਅੰਗਰੇਜ਼ਾਂ ਉੱਤੇ ਉਸੇ ਤਰ੍ਹਾਂ ਹੀ ਸਮਾਇਆ ਹੋਇਆ ਸੀ।

ਸੂਬਾ ਲੱਖਾ ਸਿੰਘ ਦਾ ਜਨਮ ੧੮੩੬ ਈਸਵੀ (੧੮੯੩ ਬਿਕਰਮੀ) ਵਿਚ ਮਲੌਦ, ਜ਼ਿਲਾ ਲੁਧਿਆਣਾ ਵਿਚ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਰਣ ਸਿੰਘ ਸੀ। ਜਵਾਨੀ ਵਿਚ ਲੱਖਾ ਸਿੰਘ ਜੀ ਫੌਜ ਦੀ ਸ਼ੇਰ ਦਿਲ ਰੈਜੀਮੈਂਟ ਵਿਚ ਭਰਤੀ ਹੋ ਗਏ ਅਤੇ ਕੁਝ ਸਮੇਂ ਬਾਦ ਜਦੋਂ ਇਹ ਰੈਜੀਮੈਂਟ ਤੋੜ ਦਿਤੀ ਗਈ ਤਾਂ ਲੱਖਾ ਸਿੰਘ ਨੂੰ ਪੁਲਿਸ ਵਿਚ ਭਰਤੀ ਕਰ ਲਿਆ ਗਿਆ। ਆਪ ਦਾ ਕੱਦ ਮਧਰਾ ਅਤੇ ਸੁਭਾਅ ਕੁਝ ਗੁੱਸੇ ਵਾਲਾ ਸੀ। ਅੰਗਰੇਜ਼ਾਂ ਨੂੰ ਲੱਖਾ ਸਿੰਘ ਹੁਰੀਂ ਚੰਗੇ ਨਹੀਂ ਸਨ ਸਮਝਦੇ। ਇਸ ਲਈ ਪਹਿਲਾਂ ਫੌਜ ਅਤੇ ਫੇਰ ਪੁਲਿਸ ਦੇ ਅੰਗਰੇਜ਼ ਅਫ਼ਸਰਾਂ ਨਾਲ ਆਪ ਦੀ ਕਦੇ ਨਹੀਂ ਬਣੀ। ਪੁਲਿਸ ਦੀ ਨੌਕਰੀ ਦੇ ਦੌਰਾਨ ਹੀ ਲਗਭਗ ੧੮੫੯ ਈਸਵੀ (੧੯੧੬ ਬਿਕਰਮੀ) ਵਿਚ ਲੱਖਾ ਸਿੰਘ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸੰਪਰਕ ਵਿਚ ਆ ਕੇ ਕੂਕੇ ਬਣੇ ਅਤੇ ਫੇਰ ਛੇਤੀ ਹੀ ੦੮੬੧ ਈਸਵੀ (੧੯੧੮ ਬਿਕਰਮੀ) ਵਿਚ ਨੌਕਰੀ ਛੱਡ ਕੇ ਜਲੰਧਰ ਨੇੜੇ ਪਿੰਡ ਮਾਲ ਪੁਰ ਵਿਖੇ ਥੋੜੀ ਜਹੀ ਜ਼ਮੀਨ ਲੈ ਕੇ ਖੇਤੀ ਕਰਨ ਲਗ ਪਾਏ। ਆਪਨੇ ਲਗਭਗ ੧੮ ਕੁ ਮਹੀਨੇ ਖੇਤੀ ਕੀਤੀ ਪਰ ਮਨ ਨਾ ਲੱਗਾ। ਖਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲ ਲੱਗੀ ਹੋਈ ਸੀ। ਇਸ ਲਈ ਸਭ ਕੰਮ ਛੱਡ ਨਬੇੜ ਕੇ ਆਪ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਪਾਸ ਆ ਗਏ। ਉਸ ਵਕਤ ਆਪ ਦੀ ਉਮਰ ੨੫ ਕੁ ਸਾਲ ਦੀ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਿੱਖੀ ਦੀ ਪੁਨਰ-ਸਥਾਪਨਾ ਕਰਕੇ ਪੰਜਾਬ ਦੇ ਲੋਕਾਂ ਵਿਚ ਜਾਗ੍ਰਿਤੀ ਲਿਆਉਣ ਲਈ ਥਾਂ-ਥਾਂ ਤੇ ਦੌਰੇ ਕਰ ਰਹੇ ਸਨ। ਨਵ ਚੇਤਨਾ ਦਾ ਸੰਸਾਰ ਲੋਕਾਂ ਦੇ ਮਨਾਂ ਵਿਚ ਉਮਡ ਪਿਆ ਸੀ। ਵੱਡੀ ਗਿਣਤੀ ਵਿਚ ਲੋਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਾਸ ਆ ਕੇ 'ਨਾਮ' ਦੀ ਬਖਸ਼ਿਸ਼ ਲੈ ਕੇ ਅਤੇ ਨਾਮਧਾਰੀ ਸਿੱਖ ਸੱਜਦੇ ਜਾ ਰਹੇ ਸਨ। 'ਪਿੰਡਾਂ ਦੇ ਪਿੰਡ ਸਤਿਗੁਰੂ ਜੀ ਦੇ ਪ੍ਰਭਾਵ ਨੂੰ ਕਬੂਲ ਕਰਦੇ ਹੋਏ ਦੇਸ਼ ਦੀ ਸੁਤੰਤਰਤਾ ਲਈ ਚਲਾਏ ਜਾ ਰਹੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਗ ਪਏ। ਉਸ ਸਮੇਂ ਲੋੜ ਸੀ ਚੰਗੇ ਪ੍ਰਚਾਰਕਾਂ ਅਤੇ ਸੇਵਕਾਂ ਦੀ ਜੋ ਸਤਿਗੁਰੂ ਜੀ



Sri Satguru Jagjit Singh Ji eLibrary NamdhariElibrary@gmail.com

ਦੇ ਚਲਾਏ ਜਾ ਰਹੇ ਪ੍ਰੋਗਰਾਮਾਂ ਨੂੰ ਤੇਜ਼ੀ ਨਾਲ ਅਗੇ ਵਧਾ ਸਕਣ। ਲੱਖਾ ਸਿੰਘ ਦੇ ਪੂਰਬਲੇ ਕਰਮਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਜਾਣਦੇ ਸਨ। ਇਸ ਲਈ ਨੌਜਵਾਨ ਲੱਖਾ ਸਿੰਘ ਨੂੰ ਵੀ ਸ੍ਰੀ ਸਤਿਗੁਰੂ ਜੀ ਨੇ ਸੂਬਾ ਥਾਪ ਦਿਤਾ।

ਸੂਬਾ ਲੱਖਾ ਸਿੰਘ ਜੀ ਦੌਰਿਆਂ ਸਮੇਂ ਸ੍ਰੀ ਸਤਿਗੁਰੂ ਜੀ ਨਾਲ ਹੀ ਰਹਿੰਦੇ ਸਨ। ਕਈ ਵਾਰੀ ਜਦੋਂ ਕਿਸੇ ਨਾ ਕਿਸੇ ਢੰਗ ਨਾਲ ਅੰਗਰੇਜ਼ ਅਫ਼ਸਰ ਦੌਰਿਆਂ ਵਿਚ ਵਿਘਨ ਪਾਉਣ ਦਾ ਯਤਨ ਕਰਦੇ ਹੁੰਦੇ ਸਨ ਤਾਂ ਸੂਬਾ ਲੱਖਾ ਸਿੰਘ ਰੋਹ ਵਿਚ ਆ ਜਾਂਦੇ ਸਨ ਅਤੇ ਉਹਨਾਂ ਨਾਲ ਉਲਝ ਜਾਂਦੇ ਸਨ। ਸਰਕਾਰੀ ਰਿਕਾਰਡਾਂ ਵਿਚੋਂ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ। ਗੱਲ ਕੀ ਸੂਬਾ ਲੱਖਾ ਸਿੰਘ ਜੀ ਅੰਗਰੇਜ਼ਾਂ ਦਾ ਕਿਸੇ ਤਰ੍ਹਾਂ ਵੀ ਦਖਲ ਬਰਦਾਸ਼ਤ ਨਹੀਂ ਸਨ ਕਰਦੇ।

ਸਾਰੇ ਸੂਬੇ ਸਾਹਿਬਾਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਤਿਕਾਰ ਅਤੇ ਕਿਰਪਾ ਦੇ ਪਾਤਰ ਸਨ ਹੀ, ਸੂਬਾ ਲੱਖਾ ਸਿੰਘ ਦੀ ਗਲ ਕੁਝ ਕੁਝ ਹੋਰ ਸੀ। ਸੰਤ ਸੰਤੋਖ ਸਿੰਘ ਜੀ (ਕਰਤਾ 'ਸਤਿਗੁਰੂ ਬਿਲਾਸ') ਅਨੁਸਾਰ—"ਸ੍ਰੀ ਸਤਿਗੁਰੂ ਜੀ ਬਚਨ ਕਰਿਆ ਕਰਦੇ ਸਨ ਲੱਖਾ ਸਿੰਘ ਜਦੋਂ ਮੇਰੇ ਸਾਹਮਣੇ ਆਵੇ ਤਾਂ ਮੈਂ ਠੰਢਾ ਠਾਰ ਹੋ ਜਾਂਦਾ ਹਾਂ। ਇਹ ਸੁਣਕੇ ਬਾਬਾ ਲਾਲ ਸਿੰਘ ਲਤਾਲੀਏ ਨੇ ਕਹਿਆ ਭਾਈ ਦੇਖੀਏ ਤਾਂ ਸਹੀ ਕਿਸ ਤਰ੍ਹਾਂ ਠੰਢੇ ਹੁੰਦੇ ਹਨ। ਇਕ ਦੌਰੇ ਵਿਚ ਲੱਖਾ ਸਿੰਘ ਨੇ ਬਾਬੇ ਬ੍ਰਹਮਾ ਸਿੰਘ ਤੇ ਹੱਥ ਚੁੱਕਿਆ। ਸਤਿਗੁਰੂ ਜੀ ਨੂੰ ਪਤਾ ਲਗਾ ਤਾਂ ਨਰਾਜ਼ ਹੋ ਕੇ ਬਾਬੇ ਸਾਹਿਬ ਸਿੰਘ ਨੂੰ ਭੇਜਿਆ ਕਿ ਜਾ ਕੇ ਲੱਖੇ ਨੂੰ ਕਹੋ ਏਥੋਂ ਤੁਰ ਜਾਏ। ਬਾਬੇ ਸਾਹਿਬ ਸਿੰਘ ਜੀ ਬਾਬਾ ਲੱਖਾ ਸਿੰਘ ਨੂੰ ਜਾ ਕੇ ਕਹਿਆ ਭਾਈ ਲੱਖਾ ਸਿੰਘ ਸਤਿਗੁਰੂ ਜੀ ਕਹਿੰਦੇ ਹਨ ਤੁਸੀਂ ਚਾਰ ਦਿਨ ਏਧਰ ਓਧਰ ਤੁਰ ਫਿਰ ਆਓ। ਬਾਬੇ ਲੱਖਾ ਸਿੰਘ ਕਹਿਆ-ਮੈਂ ਪੁਛਦਾ ਹਾਂ ਬਾਪੂ ਨੂੰ ਜਾ ਕੇ। ਇਹ ਸੁਣਕੇ ਕੋਲੋਂ ਬਾਬਾ ਲਾਲ ਸਿੰਘ ਦੌੜਕੇ ਸਤਿਗੁਰੂ ਪਾਸ ਪਹੁੰਚ ਗਏ ਕਿ ਵੇਖਾਂ ਹੁਣ ਕਿਸ ਤਰ੍ਹਾਂ ਬੋਲਦੇ ਹੈਨ। ਸਤਿਗੁਰੂ ਜੀ ਉਸ ਵਕਤ ਬਾਹਰ ਗਏ ਹੋਏ ਸਨ ਜਿਸ ਵਕਤ ਬਾਬਾ ਲੱਖਾ ਸਿੰਘ ਬਾਹਰ ਨਿਕਲੇ ਤਾਂ ਸਤਿਗੁਰਾਂ ਨੇ ਦੇਖੇ। ਅਤਰ ਸਿੰਘ ਨੂੰ ਪੁਛਿਆ ਮਿਸਰੀ ਹੈ ? ਲੱਖਾ ਸਿੰਘ ਆਉਂਦਾ ਹੈ। ਜਲ ਛਕਾਉਣਾ ਹੈ। ਤਾਂ ਅਤਰ ਸਿੰਘ ਨੇ ਕਹਿਆਂ ਜੀ ਖੰਡ ਹੈ। ਸਤਿਗੁਰਾਂ ਬਚਨ ਕੀਤਾ ਜਾ ਕੇ ਮਿਸਰੀ ਲੈ ਆਓ। ਏਤਨੇ ਚਿਰ ਨੂੰ ਲੱਖਾ ਸਿੰਘ ਆਇ ਗਿਆ ਤਾਂ ਸਤਿਗੁਰੂ ਜੀ ਉਹ ਬਚਨ ਹੀ ਨਹੀਂ ਛੇੜਿਆ। ਸਗੋਂ ਪੁਛਣ ਲਗੇ ਕਿ ਧੁਆਡੇ ਘੋੜੇ ਦਾ ਕੀ ਹਾਲ ਹੈ ? ਹੋਰ ਘੋੜੀਆਂ ਦਾ ਕੀ ਹਾਲ ਹੈ ? ਏਸ ਤਰ੍ਹਾਂ ਬਚਨ ਪੁਛਦੇ ਰਹੇ ਕੋਈ ਗਲ ਨਹੀਂ ਜਣਾਈ ਨਰਾਜ਼ਗੀ ਦੀ। ਸਿੰਘਾਂ ਪੁਛਿਆ ਸੱਚੇ ਪਾਤਸ਼ਾਹ ਜੀ ਇਹ ਕੀ ? ਬਚਨ ਹੋਇਆ ਕੇ ਏਸ ਦਾ ਏਕ ਕਰਮ ਕੀਤਾ ਹੋਇਆ ਹੈ, ਸੋ ਮੇਰੇ ਮੋਹ੍ਰੇ ਆਇ ਖੜੋਤਾ ਹੈ। ਪੁਛਿਆ ਜੀ ਕੀ ਕਰਮ ਹੈ ? ਬਚਨ ਹੋਇਆ ਛੇਵੀਂ ਪਾਤਸ਼ਾਹੀ ਕੇ ਵਕਤ ਗਵਾਲੀਅਰ ਕੇ ਕਿਲ੍ਹੇ ਵਿਚ ਏਹ ਦਰੋਗਾ ਸੀ। ਹਰਦਾਸ ਏਸ ਦਾ ਨਾਂ ਸੀ। ਉਸ ਵਕਤ ਏਸ ਨੇ ਸਾਡੀ ਬੜੀ ਸੇਵਾ ਕੀਤੀ ਸੀ।"

ਸੂਬਾ ਲੱਖਾ ਸਿੰਘ ਲੁਧਿਆਣੇ ਜ਼ਿਲੇ ਦੇ ਜੰਮਪਲ ਸਨ। ਉਹਨਾਂ ਦਾ ਪ੍ਰਭਾਵ ਖੇਤਰ ਭਾਵੇਂ ਨਿਸਚਿਤ ਨਹੀਂ ਸੀ ਕੀਤਾ ਹੋਇਆ, ਫੇਰ ਵੀ ਅੰਬਾਲਾ ਜ਼ਿਲੇ ਵਿਚ, ਖਾਸ ਕਰਕੇ ਸਢੌਰੇ ਉਹਨਾਂ ਦਾ ਵਿਸ਼ੇਸ਼ ਪ੍ਰਭਾਵ ਸੀ। ਅੰਗਰੇਜ਼ਾਂ ਦਾ ਵਿਚਾਰ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਲੋਕਾਂ ਦਾ ਭਲਾ ਕਰਨ ਵਾਲੇ ਅਤੇ ਬਹੁਤ ਚੰਗੇ ਹਨ, ਪਰ ਉਹਨਾਂ ਦੇ ਸੂਬਿਆਂ ਦੇ ਵਿਚਾਰ 'ਖ਼ਤਰਨਾਕ' ਹਨ। ਇਸ ਪੱਖੋਂ ਸੂਬਾ ਲੱਖਾ ਸਿੰਘ ਉਤੇ ਉਹਨਾਂ ਦੀ ਵਿਸ਼ੇਸ਼ ਨਜ਼ਰ ਰਹਿੰਦੀ ਸੀ। ਅੰਗਰੇਜ਼ਾਂ ਦਾ ਵਿਚਾਰ ਸੀ ਕਿ ਸੂਬਾ ਲੱਖਾ ਸਿੰਘ ਸਤਿਗੁਰੂ ਜੀ ਦਾ ਫ਼ੌਜੀ ਮਾਮਲਿਆਂ ਵਿਚ ਪ੍ਰਮੁਖ ਸਲਾਹਕਾਰ ਹੈ ਅਤੇ ਉਹ ਸਦਾ ਹੀ ਅੰਗਰੇਜ਼ਾਂ ਵਿਰੁਧ ਪ੍ਰਚਾਰ ਕਰਦਾ ਰਹਿੰਦਾ ਹੈ। 'ਕੂਕਾ ਰਾਜ' ਦੀ ਸਥਾਪਨਾ ਬਾਰੇ ਪੰਜਾਬ ਸਰਕਾਰ ਦੀਆਂ ਖੁਫੀਆ ਰਿਪੋਰਟਾਂ ਅਨੁਸਾਰ, ਸੂਬਾ ਲੱਖਾ ਸਿੰਘ ਹੀ ਸਭ ਤੋਂ ਜ਼ਿਆਦਾ ਖੁਲ੍ਹ ਕੇ ਬੋਲਦੇ ਸਨ। ੧੮੬੭ ਈ: ਵਿਚ ਅਨੰਦਪੁਰ ਸਾਹਿਬ ਦੇ ਹੋਲੇ ਤੇ ਜਾਣ ਲਈ ਗੱਲ ਕਰਨ ਬਾਰੇ ਸੂਬਾ ਲੱਖਾ ਸਿੰਘ ਪ੍ਰਮੁਖ ਸਨ। ਏਸੇ ਤਰ੍ਹਾਂ ੧੮੬੯ ਈ: ਵਿਚ ਥਰਾਜ ਵਾਲੇ ਦੀ ਘਟਨਾ ਬਾਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਜਵਾਹਰ ਸਿੰਘ, ਗਿਆਨੀ ਸਿੰਘ ਦੇ ਨਾਲ ਲੋਕਾਂ ਦੀ ਮਦਦ ਕਰਨ ਅਤੇ ਸਮਝਾਉਣ ਲਈ ਸੂਬਾ ਲੱਖਾ ਸਿੰਘ ਨੂੰ ਵੀ ਭੇਜਿਆ ਸੀ। ਰਾਇਕੋਟ ਦੀ ਘਟਨਾ ਵਿਚ ਵੀ ਸੂਬਾ ਲੱਖਾ ਸਿੰਘ ਦਾ ਨਾਂ ਲਿਆ ਜਾਂਦਾ ਰਿਹਾ ਸੀ। ਸਰਕਾਰ ਸਮਝਦੀ ਸੀ ਕਿ ਰਾਇਕੋਟ ਵਿਖੇ ਬੁਚੜਾਂ ਨੂੰ ਸੋਧਣ ਵਾਲਿਆਂ ਨੇ ਘਟਨਾ ਤੋਂ ਕੁਛ ਦਿਨ ਪਹਿਲਾਂ ਸ੍ਰੀ ਭੈਣੀ ਸਾਹਿਬ ਵਿਚ ਸੂਬਾ ਲੱਖਾ ਸਿੰਘ ਨਾਲ ਸਲਾਹ ਕੀਤੀ ਸੀ। ਦਸੰਬਰ ੧੮੭੧ ਵਿਚ ਪੰਜਾਬ ਸਰਕਾਰ ਪਾਸ ਨਿਕਟ ਭਵਿਖ ਵਿਚ



Sri Satguru Jagjit Singh Ji eLibrary NamdhariElibrary@gmail.com

ਕੂਕਿਆਂ ਵਲੋਂ ਕਿਸੇ ਤਰ੍ਹਾਂ ਦੀ ਕਾਰਵਾਈ ਕੀਤੇ ਜਾਣ ਦੀ ਸੰਭਾਵਨਾ ਬਾਰੇ ਖਬਰਾਂ ਪਹੁੰਚੀਆਂ ਸਨ। ਨਤੀਜੇ ਵਜੋਂ ਜਨਵਰੀ ੧੮੭੨ ਈ: ਦੇ ਪਹਿਲੇ ਦਿਨਾਂ ਵਿਚ ਹੀ ਕੂਕਿਆਂ ਦੀਆਂ ਗਤੀਵਿਧੀਆਂ ਉਤੇ ਫੇਰ ਤੋਂ ਪਾਬੰਦੀਆਂ ਲਗਾਉਣ ਬਾਰੇ ਪੱਤਰ ਕੱਢ ਦਿਤਾ ਗਿਆ ਸੀ। ਸ੍ਰੀ ਭੈਣੀ ਸਾਹਿਬ ਮਾਘੀ ਦੇ ਮੇਲੇ ਤੋਂ ਕੁਛ ਦਿਨ ਪਹਿਲਾਂ ਫਿਲੌਰ ਵਿਖੇ ਸੂਬਾ ਲੱਖਾ ਸਿੰਘ ਗ੍ਰਿਫਤਾਰ ਕਰ ਲਏ ਗਏ ਸਨ, ਪਰ ਉਹਨਾਂ ਦੇ ਵਿਰੁਧ ਕੋਈ ਦੋਸ਼ ਸਾਬਤ ਨਾ ਹੋਣ ਕਰਨੇ ਛੇਤੀ ਹੀ ਰਿਹਾ ਕਰ ਦਿਤਾ ਗਿਆ।

ਜਨਵਰੀ ੧੮੭੨ ਈ: ਨੂੰ ਮਾਘੀ ਦੇ ਮੇਲੇ ਤੋਂ ਬਾਦ ਮਲੋਦ ਅਤੇ ਮਲੇਰਕੋਟਲੇ ਤੇ ਹਮਲਾ ਕਰਨ ਲਈ ਮਸਤਾਨਿਆਂ ਨੂੰ ਉਕਸਾਉਣ ਅਤੇ ਪਿਛੋਂ ਮਦਦ ਕਰਨ ਦੀ ਹਾਮੀ ਭਰਨ ਦਾ ਦੋਸ਼ ਵੀ ਸੂਬਾ ਲੱਖਾ ਸਿੰਘ ਜੀ ਤੇ ਅੰਗਰੇਜ਼ਾਂ ਨੇ ਲਗਾਇਆ ਸੀ। ਅੰਗਰੇਜ਼ਾਂ ਨੂੰ ਵਿਸ਼ਵਾਸ ਸੀ ਕਿ ਉਹਨਾਂ ਦੇ ਵਿਰੁਧ ਚਲਾਏ ਜਾ ਰਹੇ 'ਕੂਕਾ ਅੰਦੋਲਨ' ਪਿਛੇ ਵਿਸ਼ੇਸ਼ ਤੌਰ ਤੇ ਸੂਬਾ ਲੱਖਾ ਸਿੰਘ ਦੇ ਵਿਚਾਰ ਹੀ ਕੰਮ ਕਰ ਰਹੇ ਸਨ। ਕਿਉਂਕਿ ਇਹਨਾਂ ਦੀ ਭਾਵਨਾ ਅੰਗਰੇਜ਼ੀ ਰਾਜ ਦੇ ਵਿਰੁਧ ਸੀ, ਇਸ ਲਈ ਜਦੋਂ ਤਕ ਸੂਬਾ ਲੱਖਾ ਸਿੰਘ ਪੰਜਾਬ ਵਿਚ ਸਰਗਰਮ ਰਹਿਣਗੇ, ਅੰਗਰੇਜ਼ਾਂ ਦੇ ਆਪਣੇ ਰਾਜ ਲਈ ਖਤਰਾ ਬਣਿਆ ਹੀ ਰਹੇਗਾ। ਮੈਕਨਾਬ ਨੇ ਆਪਣੀ ਰਿਪੋਰਟ ਵਿਚ ਉਪਰੋਕਤ ਡਰ ਨੂੰ ਸਪਸ਼ਟ ਕਰਕੇ ਲਿਖਿਆ ਸੀ। ਉਸਨੇ ਤਜਵੀਜ਼ ਦਿਤੀ ਸੀ ਕਿ ਸੂਬਾ ਲੱਖਾ ਸਿੰਘ ਬਹੁਤ ਹੀ ਖਤਰਨਾਕ ਵਿਅਕਤੀ ਹੈ ਅਤੇ ਇਸ ਨੂੰ ਮੁੜ ਕੇ ਵਾਪਸ ਪੰਜਾਬ ਵਿਚ ਨਾ ਆਉਣ ਦਿਤਾ ਜਾਵੇ।

ਮਸਤਾਨਿਆਂ ਦੇ ਸ੍ਰੀ ਭੈਣੀ ਸਾਹਿਬ ਤੋਂ ਤੁਰਨ ਤੋਂ ਪਹਿਲਾਂ ਹੀ ਡਿਊਟੀ ਤੇ ਹਾਜ਼ਰ ਪੁਲਿਸ ਵਾਲੇ ਨੂੰ ਸ੍ਰੀ ਸਤਿਗੁਰੂ ਜੀ ਨੇ ਸੁਚੇਤ ਕਰ ਦਿਤਾ ਸੀ ਅਤੇ ਕੁਛ ਮਸਤਾਨਿਆਂ ਦੇ ਨਾਂ ਵੀ ਲਿਖਵਾ ਦਿਤੇ ਸਨ। ਪਰ ਜਦੋਂ ਮਸਤਾਨੇ ਮਲੇਰਕੋਟਲੇ ਨੂੰ ਤੁਰ ਹੀ ਪਏ ਤਾਂ ਸਤਿਗੁਰੂ ਜੀ ਨੇ ਸੂਬਾ ਲੱਖਾ ਸਿੰਘ ਨੂੰ ਲੁਧਿਆਣੇ ਡੀ.ਸੀ. ਨੂੰ ਖਬਰ ਦੇਣ ਲਈ ਭੇਜ ਦਿਤਾ ਸੀ। ਅੰਗਰੇਜ਼ ਤਾਂ ਘਟਨਾ ਨੂੰ ਹੋ ਲੈਣ ਦੇਣਾ ਚਾਹੁੰਦੇ ਸਨ ਤਾਂ ਕਿ ਉਹਨਾਂ ਨੂੰ ਕਾਰਵਾਈ ਕਰਨ ਦਾ ਮੌਕਾ ਮਿਲ ਸਕੇ। ਸੋ ਸੂਬਾ ਲੱਖਾ ਸਿੰਘ ਜੀ ਨੂੰ ਖਬਰ ਦੇਣ ਗਿਆਂ ਲੁਧਿਆਣੇ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ੧੮ ਜਨਵਰੀ ਸਵੇਰੇ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਹੀ ਅਲਾਹਾਬਾਦ ਰਵਾਨਾ ਕਰ ਦਿਤਾ।

ਸੂਬਾ ਲੱਖਾ ਸਿੰਘ ਜੀ ੧੧ ਮਹੀਨੇ ਅਲਾਹਾਬਾਦ ਵਿਚ ਆਪਣੇ ਸਾਥੀਆਂ ਨਾਲ ਨਜ਼ਰਬੰਦ ਰਹੇ ਸਨ। ਦਸੰਬਰ ੧੮੭੨ ਵਿਚ ਆਪ ਜੀ ਨੂੰ ਸੂਬਾ ਜਵਾਹਰ ਸਿੰਘ ਅਤੇ ਸੂਬਾ ਬ੍ਰਹਮਾ ਸਿੰਘ ਨਾਲ ਬਰ੍ਹਮਾ ਦੇ ਇਕ ਸ਼ਹਿਰ ਮੌਲਮੀਨ ਵਿਖੇ ਭੇਜ ਦਿਤਾ ਗਿਆ ਜਿਥੇ ਉਹ ੩੦ ਦਸੰਬਰ ੧੮੭੨ ਈ: ਨੂੰ ਪਹੁੰਚੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਵਿਖੇ ਰਖਿਆ ਗਿਆ ਸੀ। ਮੌਲਮੀਨ ਸ਼ਹਿਰ ਸਮੁੰਦਰ ਦੇ ਕੰਢੇ ਤੇ ਵਸਿਆ ਹੋਇਆ ਹੈ। ਏਥੇ ਹੀ ਜੇਲ੍ਹ ਦੇ ਨਾਲ ਲਗਦੇ ਬਗੀਚੇ ਵਿਚ ਇਕ ਮਕਾਨ, ਜਿਸ ਦੇ ਆਸੇ-ਪਾਸੇ ਬਾਗ ਸੀ, ਵਿਚ ਉਹਨਾਂ ਨੂੰ ਰਖਿਆ ਗਿਆ।

ਜਾਪਦਾ ਹੈ ਸੂਬਾ ਲੱਖਾ ਸਿੰਘ ਜੀ ਦਾ ਵਿਆਹ ਨਹੀਂ ਸੀ ਹੋਇਆ ਕਿਉਂਕਿ ਉਹਨਾਂ ਦੇ ਪਰਿਵਾਰ ਬਾਰੇ ਕਿਤੇ ਵੀ ਜ਼ਿਕਰ ਨਹੀਂ ਮਿਲਦਾ। ਮੌਲਮੀਨ ਵਿਚ ਰਹਿੰਦਿਆਂ ਤਿੰਨਾਂ ਸੂਬਿਆਂ ਦਾ ਖਤ-ਪੱਤਰਾਂ ਰਾਹੀਂ ਸੰਪਰਕ ਰੰਗੂਨ ਵਿਖੇ ਸਤਿਗੁਰੂ ਰਾਮ ਸਿੰਘ ਜੀ ਨਾਲ ਬਣਿਆ ਰਹਿੰਦਾ ਸੀ। ਕਈ ਸਿੰਘ ਜੋ ਦਰਸ਼ਨ ਕਰਨ ਰੰਗੂਨ ਸਤਿਗੁਰੂ ਜੀ ਪਾਸ ਜਾਂਦੇ ਸਨ, ਬਾਦ ਵਿਚ ਮੌਲਮੀਨ ਜਾ ਕੇ ਉਥੇ ਨਜ਼ਰਬੰਦ ਸੂਬਿਆਂ ਨੂੰ ਮਿਲ ਆਉਂਦੇ ਸਨ।

ਸੂਬਾ ਜਵਾਹਰ ਸਿੰਘ ਜੀ ੨੯ ਨਵੰਬਰ ੧੮੮੨ ਈ: ਨੂੰ ਮੌਲਮੀਨ ਵਿਖੇ ਹੀ ਚੜ੍ਹਾਈ ਕਰ ਗਏ ਸਨ। ੧੮੮੭ ਈ: ਵਿਚ ਸੂਬਾ ਬ੍ਰਹਮਾ ਸਿੰਘ ਨੂੰ ਕੁਛ ਸ਼ਰਤਾਂ ਅਧੀਨ ਪੰਜਾਬ ਭੇਜ ਦਿਤਾ ਗਿਆ, ਪਰ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਸੂਬਾ ਲੱਖਾ ਸਿੰਘ ਨੂੰ ਪੰਜਾਬ ਪਰਤਣ ਦੀ ਆਗਿਆ ਨਹੀਂ ਦਿਤੀ। ਲੈਫਟੀਨੈਂਟ ਗਵਰਨਰ ਦਾ ਵਿਚਾਰ ਸੀ ਕਿ ਸੂਬਾ ਲੱਖਾ ਸਿੰਘ ਦੇ ਆਉਂਦਿਆਂ ਹੀ ਕੂਕਾ ਅੰਦੋਲਨ ਫੇਰ ਤੋਂ ਜ਼ੋਰ ਫੜ ਲਵੇਗਾ। ਉਸ ਨੂੰ ਇਹ ਵੀ ਖਬਰਾਂ ਮਿਲ ਰਹੀਆਂ ਸਨ ਕਿ ਨਾਮਧਾਰੀ ਸਮਾਜ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਉਂਦਿਆਂ ਹੋਣ ਦੀ ਚਰਚਾ ਹੈ। ਇਸ ਹਾਲਾਤ ਵਿਚ ਬ੍ਰਿਟਿਸ਼ ਰਾਜ ਲਈ ਖਬਰਾਂ ਜਾਣਦਿਆਂ ਹੋਇਆਂ ਗਵਰਨਰ ਪੰਜਾਬ ਨੇ, ਲੱਖਾ ਸਿੰਘ ਦਾ ਵਿਹਾਰ ਨਜ਼ਰਬੰਦੀ ਦੌਰਾਨ ਤਸੱਲੀਬਖਸ਼ ਹੋਣ ਦੇ ਬਾਵਜੂਦ, ਪੰਜਾਬ ਪਰਤ ਆਉਣ ਤੋਂ ਮਨ੍ਹਾਂ ਕਰ ਦਿਤਾ।



Sri Satguru Jagjit Singh Ji eLibrary NamdhariElibrary@gmail.com

## ਚੁਨਾਰ ਭੇਜਣ ਦੀ ਪੇਸ਼ਕਸ਼

ਸੂਬਾ ਬ੍ਰਹਮਾ ਸਿੰਘ ਦੇ ਪੰਜਾਬ ਵਾਪਸ ਆ ਜਾਣ ਕਰਕੇ ਹੁਣ ਸੂਬਾ ਲੱਖਾ ਸਿੰਘ ਕੋਇੰਕਟਨ ਜੇਲ੍ਹ ਦੇ ਨਾਲ ਲਗਦੇ ਬਾਗ ਵਾਲੇ ਬੰਗਲੇ ਵਿਚ ਇਕੱਠੇ ਰਹਿ ਗਏ ਸਨ ਕਿਉਂਕਿ ਬਾਬਾ ਜਵਾਹਰ ਸਿੰਘ ਤਾਂ ੧੮੮੨ ਵਿਚ ਹੀ ਚੜ੍ਹਾਈ ਕਰ ਗਏ ਸਨ, ਇਸ ਲਈ ਸਾਲ ੧੮੮੮ ਵਿਚ ਸੂਬਾ ਲੱਖਾ ਸਿੰਘ ਨੇ ਸਰਕਾਰ ਨੂੰ ਲਿਖਿਆ ਕਿ ਉਸ ਦੀ ਬਦਲੀ ਚੁਨਾਰ ਵਿਖੇ ਕਰ ਦਿਤੀ ਜਾਵੇ। ਪਰ ਸਰਕਾਰ ਨੇ ਇਹ ਗੱਲ ਪ੍ਰਵਾਨ ਨਾ ਕੀਤੀ।

## ਮੌਲਮੀਨ ਵਿਖੇ ਮੁਕਤ ਰਹਿਣ ਦੀ ਮੰਗ

ਮੌਲਮੀਨ ਤੋਂ ਚੁਨਾਰ ਵਿਖੇ ਭੇਜ ਦੇਣ ਦੀ ਸੂਬਾ ਲੱਖਾ ਸਿੰਘ ਦੀ ਮੰਗ ਸਰਕਾਰ ਨੇ ਇਸ ਲਈ ਨਹੀਂ ਸੀ ਮੰਨੀ ਕਿ ਭਾਰਤ ਵਿਚ ਚੁਨਾਰ ਵਿਖੇ ਰਹਿਣ ਦੇਣ ਵਿਚ ਉਹਨਾਂ ਨੂੰ ਆਪਣੇ ਲਈ ਜ਼ਿਆਦਾ ਖਤਰਾ ਨਜ਼ਰ ਆਉਂਦਾ ਸੀ। ਉਹਨਾਂ ਨੂੰ ਯਕੀਨ ਸੀ ਕਿ ਪੰਜਾਬ ਵਿਚ ਰਹਿੰਦੇ ਨਾਮਧਾਰੀ ਸਿੱਖਾਂ ਨਾਲ ਸੰਪਰਕ ਬਣਾ ਲਵੇਗਾ ਅਤੇ ਇੰਜ ਉਹਨਾਂ ਲਈ ਮੁਸੀਬਤ ਖੜੀ ਹੋ ਜਾਵੇਗੀ। ਮੌਲਮੀਨ ਦੇ ਜੇਲ੍ਹ ਅਫਸਰ ਕੂਕੇ ਰਾਜਸੀ ਕੈਦੀਆਂ ਦੇ ਆਚਰਣ ਤੋਂ ਪ੍ਰਸੰਨ ਸਨ ਪਰ ਸਰਕਾਰੀ ਮਜਬੂਰੀਆਂ ਕਾਰਨ ਉਹ ਕੁਛ ਕਰ ਨਹੀਂ ਸਨ ਸਕਦੇ। ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਦਾ ਰਵੱਈਆ ਬਹੁਤ ਹੀ ਕਠੋਰ ਸੀ ਕੂਕਿਆਂ ਕੈਦੀਆਂ ਬਾਰੇ। ਚੁਨਾਰ ਵਿਖੇ ਭੇਜ ਦੇਣ ਤੋਂ 'ਨਾਂਹ' ਹੋਣ ਤੋਂ ਉਪਰੰਤ ਜੇਲ੍ਹ ਦੇ ਅਫ਼ਸਰਾਂ ਨੇ ਗਵਰਨਰ ਜਨਰਲ ਨੂੰ ੧੮੮੮ ਈਸਵੀ ਵਿਚ ਲਿਖਿਆ ਕਿ ਰਾਜਸੀ ਕੈਦੀ ਦੀ ਮੰਗ ਹੈ ਕਿ ਉਸ ਨੂੰ ਮੌਲਮੀਨ ਸ਼ਹਿਰ ਵਿਜ ਨਜ਼ਰਬੰਦੀ ਤੋਂ ਮੁਕਤ ਹੋ ਕੇ ਰਹਿਣ ਦੀ ਆਗਿਆ ਦਿਤੀ ਜਾਵੇ। ਇਹ ਮੰਗ ਮੰਨ ਲੈਣ ਨਾਲ ਸਰਕਾਰ ਨੂੰ ਵੀ ਖਰਚੇ ਤੋਂ ਕਾਫੀ ਬੱਚਤ ਹੋ ਸਕੇਗੀ। ਇਸ ਵਾਰ ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਤਾਂ ਮੰਨ ਗਿਆ ਪਰ ਭਾਰਤ ਦੇ ਗਵਰਨਰ ਜਨਰਲ ਨੇ ਉਸ ਫ਼ਾਈਲ ਤੇ ਲਿਖ ਦਿਤਾ ਕਿ ਕੁਛ ਸਮਾਂ ਹੋਰ ਰਾਜਸੀ ਕੈਦੀ ਲੱਖਾ ਸਿੰਘ ਨੂੰ ਨਜ਼ਰਬੰਦੀ ਹੇਠ ਰਹਿਣ ਦਿਓ।

## ਨਜ਼ਰਬੰਦੀ ਤੋਂ ਮੁਕਤੀ

ਸੂਬਾ ਲੱਖਾ ਸਿੰਘ ਜੀ ਦੀ ਸਿਹਤ ਢਿਲੀ ਹੋਣ ਲਗ ਪਈ। ਜੋੜਾਂ ਵਿਚ ਦਰਦਾਂ ਕਰਕੇ ਉਹਨਾਂ ਨੂੰ ਬਹੁਤ ਤਕਲੀਫ ਰਹਿੰਦੀ ਸੀ। ਭਾਵੇਂ ਨਜ਼ਰਬੰਦੀ ਤਾਂ ਨਜ਼ਰਬੰਦੀ ਹੀ ਸੀ ਜਿਸਦਾ ਪ੍ਰਭਾਵ ਇਕਠੇ ਰਹਿ ਜਾਣ ਕਰਕੇ ਸਰੀਰ ਤੇ ਪੈਣ ਲਗ ਪਿਆ। ਜੇਲ੍ਹ ਅਫ਼ਸਰਾਂ ਨੇ ੧੮੯੨ ਈਸਵੀ ਵਿਚ ਫੇਰ ਯਤਨ ਕਰਕੇ ਸਰਕਾਰ ਨੂੰ ਲਿਖਿਆ ਕਿ ਲੱਖਾ ਸਿੰਘ ਦੀ ਸਿਹਤ ਖ਼ਰਾਬ ਰਹਿੰਦੀ ਹੈ। ਉਹਨਾਂ ਨੂੰ ਡਰ ਹੈ ਕਿ ਨਜ਼ਰਬੰਦੀ ਦਾ ਅਸਰ ਉਸ ਦੀ ਸਿਹਤ ਵਾਸਤੇ ਨੁਕਸਾਨਦੇਹ ਨਾ ਬਣ ਜਾਵੇ। ਇਸ ਦੇ ਨਾਲ ਨਾਲ ਗਵਰਨਰ ਜਨਰਲ ਦਾ ਧਿਆਨ ਪਿਛਲੀ ਗਲ 'ਕੁਛ ਸਮਾਂ ਹੋਰ ਨਜ਼ਰਬੰਦ ਰੱਖਣ' ਵੱਲ ਦਿਵਾ ਕੇ ਉਸ ਨੂੰ ਮੌਲਮੀਨ ਵਿਖੇ ਹੀ ਰਹਿਣ ਦੀ ਆਗਿਆ ਦੇਣ ਲਈ ਕਿਹਾ। ਨਵੰਬਰ ੧੮੯੨ ਈਸਵੀ ਵਿਚ ਗਵਰਨਰ ਜਨਰਲ ਨੇ ਕੁਛ ਸ਼ਰਤਾਂ ਲਗਾ ਕੇ ਮੌਲਮੀਨ ਵਿਖੇ ਨਜ਼ਰਬੰਦੀ ਤੋਂ ਮੁਕਤ ਰਹਿ ਸਕਣ ਦੀ ਮਨਜ਼ੂਰੀ ਦੇ ਦਿਤੀ। ਮੁਖ ਇਹ ਸਨ :

(੧) ਮੌਲਮੀਨ ਦੇ ਦੋ ਚੰਗੇ ਰਸੂਖ ਵਾਲੇ ਵਿਅਕਤੀਆਂ ਵਲੋਂ ਸਿਕਿਉਰਟੀ ਬਾਂਡ ਭਰਾ ਲਿਆ ਜਾਵੇ।

(੨) ਬਿਨਾ ਡਿਪਟੀ ਕਮਿਸ਼ਨਰ ਦੀ ਆਗਿਆ ਦੇ ਉਹ ਸ਼ਹਿਰ ਤੋਂ ਬਾਹਰ ਨਹੀਂ ਜਾ ਸਕੇਗਾ।

(੩) ਪੰਜਾਬ ਵਿਚ ਕਿਸੇ ਨਾਲ ਖਤ-ਪੱਤਰ ਨਹੀਂ ਕਰੇਗਾ।

(੪) ਹਰ ਹਫਤੇ ਜੇਲ੍ਹ ਅਧਿਕਾਰੀਆਂ ਪਾਸ ਹਾਜ਼ਰੀ ਦੇਣੀ ਪਵੇਗੀ।

ਇਸ ਤਰ੍ਹਾਂ ੨ ਬਾਂਡ ਭਰਨ ਤੋਂ ਬਾਦ ੭ ਅਪਰੈਲ ੧੮੯੩ ਨੂੰ ਸੂਬਾ ਲੱਖਾ ਸਿੰਘ ਨੂੰ ਮੌਲਮੀਨ ਸ਼ਹਿਰ ਵਿਚ ਹੀ ਨਜ਼ਰਬੰਦੀ ਤੋਂ ਮੁਕਤ ਰਹਿਣ ਦੀ ਇਜਾਜ਼ਤ ਮਿਲ ਗਈ।

## ਪੈਨਸ਼ਨ ਲੱਗੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਨਜ਼ਰਬੰਦ ਸਾਰੇ ਕੂਕੇ ਰਾਜਸੀ ਕੈਦੀਆਂ ਨੂੰ ੧੮੧੮ ਈਸਵੀ ਦੀ ਬੰਗਾਲ ਰੇਗੂਲੇਸ਼ਨ ਦੀ ਧਾਰਾ ਤਿੰਨ ਅਧੀਨ ਗ੍ਰਿਫਤਾਰ ਕਰਕੇ ਰਖਿਆ ਗਿਆ ਸੀ। ਇਸ ਅਨੁਸਾਰ ਸਾਰਾ ਹੁੰਦਾ ਖਰਚ ਸਰਕਾਰੀ ਖਜ਼ਾਨੇ ਵਿਚੋਂ ਵੀ ਕੀਤਾ ਜਾਣਾ ਹੁੰਦਾ ਸੀ। ਭਾਵੇਂ ਸੂਬਾ ਲੱਖਾ ਸਿੰਘ ਨਜ਼ਰਬੰਦੀ ਤੋਂ ਮੁਕਤ ਹੋ ਚੁਕੇ ਸਨ, ਪਰ ਫਿਰ ਵੀ ਇਕ ਤਾਂ ਉਹ ਬਿਰਧ ਅਤੇ ਕਮਜ਼ੋਰ ਹੋ ਚੁਕੇ ਸੀ। ਕੰਮ ਕਾਜ ਨਹੀਂ ਸਨ ਕਰ ਸਕਦੇ। ਦੂਸਰਾ ਕੰਮ ਕਾਜ ਕਰਨ ਦੇ ਸਿਲਸਲੇ ਵਿਚ ਸ਼ਹਿਰ ਤੋਂ ਬਾਹਰ ਨਹੀਂ ਸਨ ਜਾ ਸਕਦੇ ਅਥਵਾ ਪੰਜਾਬ ਵਿਚ ਕਿਸੇ ਰਿਸ਼ਤੇਦਾਰ ਪਾਸ ਵੀ ਨਹੀਂ ਸਨ ਜਾ ਸਕਦੇ। ਇਸ ਲਈ ਉਹਨਾਂ ਨੂੰ ਖਰਚੇ ਦੀ ਲੋੜ ਸੀ।



Sri Satguru Jagjit Singh Ji eLibrary NamdhariElibrary@gmail.com

ਨਜ਼ਰਬੰਦੀ ਦੌਰਾਨ ਮਕਾਨ ਅਤੇ ਸੇਵਾਦਾਰ ਸਰਕਾਰ ਨੇ ਦਿਤੇ ਹੋਏ ਸਨ ਬਸਤਰਾਂ ਅਤੇ ਖਾਣ ਪੀਣ ਦਾ ਖਰਚ ਵੀ ਸਰਕਾਰ ਦੇ ਜ਼ਿੰਮੇ ਹੁੰਦਾ ਸੀ। ਪਰ ਹੁਣ ਸਾਰਾ ਖਰਚ ਵੀ ਉਹਨਾਂ ਨੂੰ ਆਪ ਕਰਨਾ ਪੈਣਾ ਸੀ। ਜਿਸ ਦੇ ਪਿਛੋਕੜ ਵਿਚ ੧੮੧੮ ਈਸਵੀ ਦਾ ਬੰਗਾਲ ਰੈਗੂਲੇਸ਼ਨ ਤਿੰਨ ਖੜ੍ਹੋਤਾ ਹੋਇਆ ਸੀ। ਇਕ ਗੱਲ ਹੋਰ ਵੀ ਸੀ ਜਿਸ ਕਰਕੇ ਖਰਚੇ ਵਲੋਂ ਪਿਠ ਨਹੀਂ ਸੀ ਕੀਤੀ ਜਾ ਸਕਦੀ। ਕੁਝ ਸਮਾਂ ਪਹਿਲਾਂ ਸੂਬਾ ਲੱਖਾ ਸਿੰਘ ਨੇ ਇਕ ਬਰਮੀ ਔਰਤ ਨਾਲ ਵਿਆਹ ਕਰ ਲਿਆ ਸੀ। ਪਹਿਲਾਂ ਉਸ ਦੇ ਮਾਂ-ਬਾਪ ਮਦਦ ਕਰਿਆ ਕਰਦੇ ਸਨ। ਪਰ ਹੁਣ ਐਹ ਸਭ ਔਖਾ ਹੋ ਚੁਕਾ ਸੀ। ਦੋ ਛੋਟੀਆਂ ਬੱਚੀਆਂ ਵੀ ਹੋ ਗਈਆਂ ਸਨ। ਇਹਨਾਂ ਸਭ ਗੱਲਾਂ ਵੱਲ ਜਦੋਂ ਸੂਬਾ ਲੱਖਾ ਸਿੰਘ ਨੇ ਸਰਕਾਰ ਦਾ ਧਿਆਨ ਦਿਵਾਇਆ ਤਾਂ ਸਰਕਾਰ ਨੇ ਉਸ ਦੇ ਜਿਉਂਦੇ ਰਹਿਣ ਤਕ ੨੫ ਰੁਪਏ ਮਹੀਨਾ ਪੈਨਸ਼ਨ ਲਗਾ ਦਿੱਤੀ। ਜਿਸਨੂੰ ਤਿੰਨ ਸਾਲ ਬਾਦ ੫ ਰੁਪਏ ਵਧਾ ਕੇ ੩੦ ਰੁਪਏ ਮਹੀਨਾ ਕਰ ਦਿਤਾ।

**ਸੂਬਾ ਲੱਖਾ ਸਿੰਘ ਦੀ ਚੜ੍ਹਾਈ**

ਨਜ਼ਰਬੰਦੀ ਦੇ ਦੌਰਾਨ ਹੀ ਸੂਬਾ ਲੱਖਾ ਸਿੰਘ ਦੀ ਸੇਹਤ ਕਾਫੀ ਖਰਾਬ ਹੋ ਗਈ ਸੀ। ਜੋੜਾਂ ਦੀ ਦਰਦਾਂ ਵੀ ਸਦਾ ਪਰੇਸ਼ਾਨ ਕਰਦਿਆਂ ਰਹਿੰਦੀਆਂ ਸਨ। ਵਤਨ ਤੋਂ ਦੂਰ ਰਹਿੰਦੀਆਂ ਹੋਇਆਂ ੧੯੦੩ ਈਸਵੀ ਵਿਚ ੫ ਫਰਵਰੀ ਨੂੰ ਸੂਬਾ ਲਖਾ ਸਿੰਘ ਜੀ ਚੜ੍ਹਾਈ ਕਰ ਗਏ। ਉਸ ਸਮੇਂ ਉਹਨਾਂ ਦੀ ਉਮਰ ੬੭ ਸਾਲ ਦੀ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਮੁਖ ਸੇਵਕ ਅਤੇ ਸੂਬੇ ਬਾਬਾ ਲੱਖਾ ਸਿੰਘ ਜੀ ਨੇ ਆਪਣਾ ਸਾਰਾ ਜੀਵਨ ਸ੍ਰੀ ਸਤਿਗੁਰੂ ਜੀ ਦੇ ਆਦਰਸ਼ਾਂ ਤੇ ਫੁੱਲ ਚੜ੍ਹਾਉਂਦਿਆਂ ਹੋਇਆਂ ਭਾਰਤ ਦੀ ਸੁਤੰਤਰਤਾ ਲਈ ਅਰਪਤ ਕਰ ਦਿਤਾ ਅਤੇ ਵਤਨ ਤੋਂ ਦੂਰ ਰਹਿ ਕੇ ਵਤਨ ਲਈ ਆਪਣੀ ਜਾਨ ਨਿਛਾਵਰ ਕਰ ਦਿਤੀ। ਦੇਸ਼ ਸਦਾ ਹੀ ਐਸੇ ਸੂਰਬੀਰ ਅਤੇ ਦੇਸ਼ ਭਗਤ ਸਿੱਖ, ਸੂਬਾ ਲੱਖਾ ਸਿੰਘ ਦਾ ਰਿਣੀ ਰਹੇਗਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਮਧਾਰੀ ਇਤਿਹਾਸ ਦੀ ਖੋਜ ਦਾ ਬਹੁਤ ਕੰਮ ਕਰਵਾ ਰਹੇ ਹਨ, ਇਸ ਲਈ ਅਨੇਕਾਂ ਥਾਵਾਂ ਤੇ ਜਾ ਜਾ ਕੇ ਇਤਿਹਾਸਕ ਸਮੱਗਰੀ ਅਤੇ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਸ਼ਹੀਦੀ ਅਸਥਾਨਾਂ ਦੀ ਸੇਵਾ ਸੰਭਾਲ ਅਤੇ ਉਸਾਰੀ ਹੋ ਰਹੀ ਹੈ। ਬਰ੍ਹਮਾ ਵਿਚ ਰੰਗੂਨ, ਮਰਗੋਈ ਤੇ ਅਮੋਲਮੀਨ ਖੋਜ ਕਰਨ ਦੇ ਉਪਰਾਲੇ ਕੀਤੇ ਗਏ ਹਨ, ਅਤੇ ਹੋਰ ਵੀ ਕੀਤੇ ਜਾ ਰਹੇ ਹਨ।

# ਦੋ ਗ਼ਜ਼ਲਾਂ

—ਲਖਵਿੰਦਰ ਸਿੰਘ ਬਾਜਵਾ

ਸੁਣ ਲਿਆ ਕਰ ਦੂਸਰੇ ਦੀ ਨਾ ਕਿਸੇ ਨੂੰ ਕਿਹਾ ਕਰ
ਜੇ ਸਦਾ ਸੁਖ ਲੋੜਨੈ ਤਾਂ ਐ ਦਿਲਾ ਚੁਪ ਰਿਹਾ ਕਰ
ਬੋਲ ਦੇਂਗਾ ਸਚ ਤੈਨੂੰ ਕਹਿਣਗੇ ਲੋਕੀਂ ਬੁਰਾ
ਝੂਠ ਬੋਲਣ ਪਾਪ ਹੈ ਨਾ ਮਹਿਫਲਾਂ ਵਿਚ ਬਿਹਾ ਕਰ
ਗ਼ਰਜ਼ ਨੂੰ ਕਰਦਾ ਮੁਹਬਤ ਵੇਖਿਆ ਸਾਰਾ ਜਹਾਨ
ਤੂੰ ਕਿਸੇ ਦੀ ਝੋਲ ਵਿਚ ਬਿਨ ਪੁਛਿਆ ਨਾ ਪਿਆ ਕਰ
ਇਹ ਚਮਨ ਉਜੜ ਗਿਆ ਤਾਂ ਖਾਰ ਹੀ ਰਹਿ ਜਾਣਗੇ
ਡਾਲੀਆਂ ਤੋਂ ਤੋੜ ਕੇ ਫੁਲ ਨਾ ਕਿਸੇ ਨੂੰ ਦਿਆ ਕਰ
ਤੂੰ ਖਡੌਣਾ ਸ਼ੀਸ਼ਿਆਂ ਦਾ ਸੋਚ ਹਸਤੀ ਆਪਣੀ
ਤਿੜਕ ਜੇਂਗਾ ਕਮਲਿਆ ਨਾ ਪਥਰਾਂ ਸੰਗ ਖਹਿਆ ਕਰ
ਛਡਦੇ ਕਰਨਾ ਗਿਲਾ ਹੁਣ ਆਪਣੇ ਹਮਦਰਦ ਸੰਗ
ਗੈਰ ਮਿਹਣੇ ਦੇਣਗੇ ਚੰਗਾ ਬੁਰਾ ਨਾ ਕਿਹਾ ਕਰ
ਬਾਜਵਾ ਨਹੀਂ ਭਿਜਦਾ ਮਨ ਕਿਸੇ ਦਾ ਦੁਖ ਵੇਖ ਕੇ
ਅਥਰੂ ਬਣ ਕਮਲਿਆ ਨਾ ਅਖੀਆਂ ਚੋਂ ਵਹਿਆ ਕਰ।

———

ਬੀਜ ਕਿਸ ਨੇ ਬੀਜਿਆ ਹੈ ਜ਼ਹਿਰ ਦਾ ਵਿਚ ਦਿਲਾਂ ਦੇ
ਪਿਆਰ ਦਾ ਹੁਣ ਲਫ਼ਜ਼ ਵੀ ਨਾ ਠਹਿਰਦਾ ਵਿਚ ਦਿਲਾਂ ਦੇ
ਆਸ ਕੀ ਕਰੀਏ ਕਿ ਕਿਦਾਂ ਮਿਲਣਗੇ ਸਾਨੂੰ ਉਹ ਫਿਰ
ਵਿਥ ਹੈ ਜਿਦਾਂ ਕਿਨਾਰਾ ਨਹਿਰ ਦਾ ਵਿਚ ਦਿਲਾਂ ਦੇ
ਨਿਕਲੇ ਬੇ-ਆਬਰੂ ਹੋ ਪਰਤੀਏ ਵਾਪਸ ਕਿਵੇਂ
ਰਿਹਾ ਨਾ ਇਤਬਾਰ ਤੇਰੇ ਸ਼ਹਿਰ ਦਾ ਵਿਚ ਦਿਲਾਂ ਦੇ
ਕੌਣ ਸੁਣਦਾ ਸਾਡੀਆਂ ਦਿਤੀਆਂ ਸਫਾਈਆਂ ਦੋਸਤੋ
ਫੂਕ ਭਰਦਾ ਰਿਹਾ ਏ ਕੋਈ ਪਹਿਰ ਦਾ ਵਿਚ ਦਿਲਾਂ ਦੇ
ਆਪਣੇ ਹਮ-ਜਾਤ ਵੀ ਨੇ ਕੰਡ ਕਰਕੇ ਲੰਘਦੇ
ਕੰਮ ਕਰਦਾ ਰਿਹਾ ਏ ਕੋਈ ਕਹਿਰਦਾ ਵਿਚ ਦਿਲਾਂ ਦੇ
ਨਿਮਰਤਾ ਦਾ ਹੋ ਗਿਆ ਹੁਣ ਖਾਤਮਾ ਹੈ 'ਬਾਜਵਾ'
ਵਾਸ ਹੋਇਆ ਖੁਦੀ ਦੀ ਹੁਣ ਲਹਿਰ ਦਾ ਵਿਚ ਦਿਲਾਂ ਦੇ।

ਸਕੱਤਰ ਸਾਹਿਤ ਸਭਾ
ਸ੍ਰੀ ਜੀਵਨ ਨਗਰ



Sri Satguru Jagjit Singh Ji eLibrary NamdhariElibrary@gmail.com

# ਸ੍ਰੀ ਭੈਣੀ ਸਾਹਿਬ ਵਿਦਿਆਲਾ ਦੇ

# ਪ੍ਰਥਮ ਸੰਗੀਤ ਉਸਤਾਦਾਂ ਨੂੰ ਨਮਸਕਾਰ

★ ਪ੍ਰੀਤਮ ਸਿੰਘ ਕਵੀ

ਸਮਾਂ ਈਸਵੀ ਸੰਨ ਦਾ ਸਾਲ ੧੯੨੮, ਨਾਮਧਾਰੀ ਵਿਦਿਆਲਾ, ਸ੍ਰੀ ਭੈਣੀ ਸਾਹਿਬ ਵਿਚ ਪਹਿਲੀ ਵਾਰ ਸੰਗੀਤ ਦੀਆਂ ਧੁਨਾਂ 'ਸਾ ਰੇ ਗਾ ਮਾ ਪਾ ਧਾ ਨੀ ਸਾ' ਦੇ ਰੂਪ ਵਿਚ ਗੂੰਜੀਆਂ। ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਉਪਕ੍ਰਮ ਸੀ। ਆਪ ਜੀ ਨੂੰ ਪਤਾ ਸੀ ਕਿ ਰੱਬ ਤੇ ਰੂਹ ਦੀ ਖੁਰਾਕ ਸੰਗੀਤ ਹੈ ਅਤੇ ਭਾਈ ਮਰਦਾਨੇ ਦੀ ਰਬਾਬ ਸਤਿਗੁਰੂ ਨਾਨਕ ਦੇਵ ਜੀ ਦੇ ਸੰਗ-ਸਾਥ ਵਿਚ ਕਿਵੇਂ "ਸਤਿਕਰਤਾਰ" ਦੀ ਧੁਨ ਉਪਜਾਕੇ ਗੁਰੂ ਬਾਬੇ ਦੀ ਲਿਵ ਅਕਾਲ ਪੁਰਖ ਨਾਲ ਜੋੜਦੀ ਸੀ।

ਸਤਿਗੁਰੂ ਰਾਮ ਸਿੰਘ ਜੀ ਨੇ ਨਾਨਕ ਰਾਜ ਦੀ ਬਹਾਲੀ ਕੀਤੀ ਸੀ। ਗੁਰੂ ਕੀ ਹਜ਼ੂਰੀ ਵਿਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ, ਸ਼ਾਮਾਂ ਨੂੰ ਸ਼ਬਦ ਚੌਂਕੀ ਵੀ ਸੁਕੀਰਤਨੀਆਂ ਵਲੋਂ ਹੁੰਦੀ। ਸਤਿਗੁਰੂ ਜੀ ਨੇ ਲੱਭ ਲੱਭ ਕੇ ਰਾਗੀ ਰਬਾਬੀ ਇਕੱਤਰ ਕੀਤੇ ਸਨ ਕਿ ਪਿੱਛੇ ਤੋਂ ਚਲੀਆਂ ਆਉਂਦੀਆਂ ਸ਼ਬਦ ਧੁਨਾਂ ਨੂੰ ਜਿਉਂ ਦਾ ਤਿਉਂ ਅੱਗੇ ਲੈ ਜਾਇਆ ਜਾਏ। ਰਾਗ, ਤਾਲ, ਗਾਇਨ ਪਰੰਪਰਾ ਅਤੇ ਸ਼ਬਦਾਂ ਦੀਆਂ ਬੰਦਸ਼ਾਂ ਸੰਭਾਲਣ ਦਾ ਇਹ ਪਲੇਠਾ ਜਤਨ ਸੀ। ਧਾਰਮਿਕ, ਰਾਜਨੀਤਕ ਤੇ ਸਮਾਜਿਕ ਚੜ੍ਹਤਲ ਵਾਸਤੇ ਹੋਰ ਜਤਨਾਂ ਦੇ ਨਾਲ ਸੰਗੀਤ ਪ੍ਰਤੀ ਵੀ ਇਹੋ ਜ਼ਿੰਮੇਵਾਰੀ ਸੀ। ਸਤਿਗੁਰੂ ਹਰੀ ਸਿੰਘ ਜੀ ਨੇ ਵੀ ਆਪਣੇ ਸਮੇਂ ਸਮੁੱਚੀ ਪਰੰਪਰਾ ਨੂੰ ਸੰਜੀਵ ਰੱਖਿਆ।

ਸਾਡਾ ਵਿਚਾਰਯੋਗ ਸਮਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੈ। ਆਪ ਨੇ ਪਹਿਲੇ ਪ੍ਰਥਮੇ ਪਟਿਆਲੇ ਵਾਲੇ ਭਾਈ ਗੱਜਾ ਸਿੰਘ ਜੀ ਦੇ ਸ਼ਾਗਿਰਦ ਭਾਈ ਮਸਤਾਨ ਸਿੰਘ ਤੋਂ ਦਿਲਰੁਬਾ ਵਜਾਣ ਅਤੇ ਸੰਗੀਤ ਦੀ ਬਾਕਾਇਦਗੀ ਦਾ ਗਿਆਨ ਲਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜਵਾਨੀ ਦੇ ਦਿਨਾਂ ਵਿਚ ਪਹਿਲਾ ਸ਼ੌਕ ਭਜਨ ਬਾਣੀ, ਸਰੀਰ ਸੁਰੱਖਿਆ ਸੁਡੌਲਤਾ ਅਤੇ ਸ਼ਕਤੀ ਸੰਪੰਨਤਾ ਸੀ ਅਤੇ ਦੂਜਾ ਸੀ ਸ਼ਾਸਤਰੀ ਸੰਗੀਤ ਦੀ ਸਮਝਦਾਰੀ ਹਾਸਲ ਕਰਨਾ।

ਆਪਣੀ ਸੰਗੀਤ ਪ੍ਰਤੀ ਜਾਗਰੂਕਤਾ ਦਾ ਹੀ ਇਹ ਸਿੱਟਾ ਸੀ ਕਿ ਸਤਿਗੁਰੂ ਜੀ ਨੇ ਆਪਣੇ ਸਾਹਿਬਜ਼ਾਦਿਆਂ ਨੂੰ ਵੀ ਸੰਗੀਤ ਗਿਆਨ, ਸ਼ੁਰੂ ਬਚਪਨ ਤੋਂ ਹੀ ਦਿਵਾਣਾ ਜ਼ਰੂਰੀ ਸਮਝਿਆ।

ਸਤਿਗੁਰੂ ਜਗਜੀਤ ਸਿੰਘ ਜੀ ਦੱਸਦੇ ਹਨ ਕਿ ਉਨ੍ਹਾਂ ਨੂੰ ਸਾਢੇ ਚਾਰ ਸਾਲ ਦੀ ਆਯੂ ਵਿਚ ਹੀ ਸੰਗੀਤ ਸੁਰਾਂ ਸਿਖਾਣ ਦਾ ਕਾਰਜ ਆਰੰਭ ਹੋ ਗਿਆ ਸੀ। ਇਸ ਦਾ ਮਤਲਬ ਇਹ ਹੈ ਕਿ ੧੯੨੫ ਈਸਵੀ ਦੇ ਦੂਜੇ ਅੱਧ ਵਿਚ ਆਪ ਜੀ ਸੁਰਾਂ ਭਰਨ ਲੱਗ ਪਏ ਸਨ ਅਤੇ ਆਪ ਜੀ ਦੇ ਪ੍ਰਥਮ ਉਸਤਾਦ ਸਨ ਭਾਈ ਹਰਨਾਮ ਸਿੰਘ ਚਵਿੰਡਾ ਜ਼ਿਲ੍ਹਾ ਅੰਮ੍ਰਿਤਸਰ ਵਾਲੇ। ਭਾਈ ਹਰਨਾਮ ਸਿੰਘ ਜੀ ਲੰਮਾ ਸਮਾਂ ਖਾਸਕਰ ਜਵਾਨੀ ਵਿਚ ਨਾਮਧਾਰੀ ਦੀਵਾਨਾਂ ਦੀ ਸ਼ੋਭਾ ਸਨ। ਦਰਮਿਆਨਾ ਕੱਦ, ਰੰਗ ਦੇ ਗੋਰੇ, ਢੰਗ ਦੇ ਮਰਿਯਾਦਾ ਬੱਧੇ ਚੜ੍ਹਦੀ ਕਲਾ ਦੇ ਇਸ ਕਲਾਕਾਰ ਨੇ ਲੋਕ ਸੰਗੀਤ ਦੀਵਾਨਾਂ ਨੂੰ ਨਵੇਲੀ ਗਾਇਨ ਦਿਸ਼ਾ ਦਿਤੀ।

ਪ੍ਰੰਤੂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਹਿਜੇ ਸਹਿਜੇ ਲੋਕ-ਮੁਖੀ ਧੁਨਾਂ ਤੋਂ ਵਿਰੱਕਤ ਹੋ ਪਰੰਪਰਾ ਮੁਖ ਗਾਇਨ ਪੱਧਤੀ ਨੂੰ ਤਰਜੀਹ ਦਿਤੀ ਅਤੇ ਇੰਝ ਪੂਰਬਲੇ ਰਬਾਬੀ ਘਰਾਨਿਆਂ—ਭਾਈ ਦਿੱਤੂ, ਭਾਈ ਕਿਰਪਾਲ ਸਿੰਘ, ਭਾਈ ਕਾਲੂ, ਭਾਈ ਲਾਲ, ਭਾਈ ਤਾਬਾ, ਭਾਈ ਨਸੀਰ ਆਦਿ ਗੁਣੀ ਕੀਰਤਨੀਆਂ ਤੋਂ ਆਪਣੇ ਬੱਚਿਆਂ ਵਿਚ ਪੁਰਾਤਨ ਸ਼ਬਦ ਰੀਤਾਂ ਨੂੰ ਸਿਖਵਾਇਆ ਅਤੇ ਇਨ੍ਹਾਂ ਵਿਚ ਬਢੋਤਰੀ ਕੀਤੀ।

ਉਸਤਾਦ ਭਾਈ ਹਰਨਾਮ ਸਿੰਘ ਚਵਿੰਡਾ ਨਾਮਧਾਰੀ ਸੰਗੀਤ ਸਕੂਲ ਦੀ ਪਹਿਲੀ ਹਸਤੀ ਸਨ, ਜਿਨ੍ਹਾਂ ਨੇ ਸ੍ਰੀ ਭੈਣੀ ਸਾਹਿਬ ਵਿਖੇ ਨਿਰੰਤਰ ੨੫ ਸਾਲ ਰਹਿ ਕੇ ਬੱਚਿਆਂ ਵਿਚ ਸ਼ਾਸਤਰੀ ਸੰਗੀਤ ਕਲਾ ਆਰੋਪਣ ਕੀਤੀ। ਭਾਈ ਸਾਹਿਬ ਇਸ ਸਮੇਂ ੫੦ ਕੁ ਸਾਲਾਂ ਦੀ ਆਯੂ ਦੇ ਪ੍ਰਤੀਤ ਦਿੰਦੇ ਸਨ। ਆਪ ਜੀ ਦਾ ਉਠਣਾ ਬੈਠਣਾ, ਰਹਿਣ ਸਹਿਣ, ਕਲਾ ਪ੍ਰਿਯ ਅਤੇ ਨੇਮਬੱਧ ਸੀ। ਅੰਮ੍ਰਿਤ ਵੇਲੇ ਦਾ ਇਸ਼ਨਾਨ



Sri Satguru Jagjit Singh Ji eLibrary NamdhariElibrary@gmail.com

ਅਤੇ ਭਜਨ ਬਾਣੀ ਨਾਲ ਦਿਨ ਆਰੰਭ ਕਰਨਾ ਅਚੁੱਕ ਨੇਮ ਸੀ। ਮੈਨੂੰ ਉਨ੍ਹਾਂ ਦੀ ਭੈਣੀ ਸਾਹਿਬ ਰਹਿੰਦਿਆਂ ਸੇਵਕੀ ਦਾ ਸਮਾਂ ਮਿਲਿਆ ਹੈ। ਨੇਮਬੱਧਤਾ ਉਨ੍ਹਾਂ ਦਾ ਬਿਨਾਂ ਝੁਕਝੁਕਾ ਤੋਂ ਗੁਣ ਸੀ।

ਪਹਿਲੇ ਪ੍ਰਥਮੇ ਉਨ੍ਹਾਂ ਦੀ ਨਿਵਾਸ ਕੁਟੀਆ, ਅੱਜ ਕਲ੍ਹ ਦੇ ਭੈਣੀ ਸਾਹਿਬ ਵਾਲੀ ਸ਼ਮਸ਼ਾਨ ਸ਼ਾਲਾ ਦੇ ਕੋਲ ਸੀ। ਏਥੋਂ ਆਪ ਜੀ ਆਉਂਦੇ ਅਤੇ ਸੰਗੀਤ ਸਿਖਿਆ ਸਵੇਰੇ ੪ ਤੋਂ ੬ ਤਕ ਸਰਦੀਆਂ ਵਿਚ ਅਤੇ ੩ ਤੋਂ ੫ ਤਕ ਗਰਮੀਆਂ ਵਿਚ ਚਲਦੀ। ਸ੍ਰੀ ਭੈਣੀ ਸਾਹਿਬ ਵਿਖੇ ਪੱਕੀਆਂ ਇੱਟਾਂ ਦੇ ਬਣੇ ਰਾਮਸਰ ਕੋਲ ਦੇ ਸਕੂਲ ਵਿਚ ਲਹਿੰਦੀ-ਉਤਰੀ ਨੁੱਕਰੇ ਉਹ ਕਮਰਾ ਸੀ ਜਿਥੇ ਸਾਹਿਬਜ਼ਾਦਿਆਂ ਅਤੇ ਹੋਰ ਬੱਚਿਆਂ ਨੂੰ ਸੁਰਾਂ ਭਰਾਈਆਂ ਜਾਂਦੀਆਂ, ਟਿਕ ਕੇ ਇਕੋ ਲੈਅ ਵਿਚ ਗਾਉਣ ਵਾਸਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਸ ਵੇਲੇ ਦੇ ਮਿਸਤਰੀ ਤੇ ਬਾਅਦ ਵਿਚ ਬਣੇ ਸੂਬਾ ਗੰਡਾ ਸਿੰਘ ਜੀ ਤੋਂ ਇਕ ਲੈਅ-ਮਸ਼ੀਨ ਬਣਵਾ ਦਿਤੀ, ਜਿਸ ਵਿਚ ਤਿੰਨ ਤਾਲ, ਚਾਰ ਤਾਲ, ਧਮਾਰ ਆਦਿ ਦੀਆਂ ਤਾਲੀਆਂ ਤੇ "ਟਿੱਕ-ਟਿੱਕ" ਹੁੰਦੀ ਸੀ। "ਤਾਲੀ" ਅਤੇ "ਖਾਲੀ" ਦਾ ਨਿਸ਼ਾਨ ਪੂਰੀ ਤਰ੍ਹਾਂ ਵਿਭਿੰਨ ਸੀ।

ਭਾਈ ਹਰਨਾਮ ਸਿੰਘ ਜੀ ਦੀ ਮਿਹਨਤ, ਉੱਦਮ ਅਤੇ ਪਹੁੰਚ ਨੇ ਨਾਮਧਾਰੀ ਵਿਦਿਆਲਾ ਦੇ ਸੰਗੀਤ ਸਿਖਦੇ ਬੱਚਿਆਂ ਵਿਚ ਕੁਛ ਵਿਸ਼ੇਸ਼ ਗੁਣ ਵਿਕਸਤ ਕੀਤੇ। ਸਵੱਛਤਾ, ਮਰਿਯਾਦਾ, ਬੋਲਚਾਲ ਦੀ ਹਲੀਮੀ ਅਤੇ ਕਲਾਕਾਰਾਂ ਵਰਗੀਆਂ ਖੂਬੀਆਂ। ਗਾਉਣ ਵਾਲਿਆਂ ਦੇ ਆਯੂ ਵਰਗ ਅਨੁਸਾਰ ਦੋ ਕਲਾਸਾਂ ਹੁੰਦੀਆਂ—ਇਕ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਸੰਗੀਤ ਸਿਖਦੇ, ਦੂਜੀ ਵਿਚ ਮਹਾਰਾਜ ਬੀਰ ਸਿੰਘ ਜੀ।

ਸੁਰ ਸ਼ੁਧੀ ਅਤੇ ਸ਼ਬਦ ਸ਼ੁਧੀ, ਇਸ ਵਲ ਖਾਸ ਧਿਆਨ ਰੱਖਿਆ ਜਾਂਦਾ।

੧੯੩੨ ਈ: ਦੇ ਲਾਗੇ ਇਸ ਸਕੂਲ ਵਿਚ ਇਕ ਹੋਰ ਸੰਗੀਤ ਅਧਿਆਪਕ ਦਾ ਵਾਧਾ ਹੋਇਆ। ਇਹ ਸਨ ਬਜ਼ੁਰਗ ਉਮਰ ਦੇ ਖ਼ਾਂ ਸਾਹਿਬ ਊਧੋ ਖ਼ਾਂ ਅਤੇ ਇਹਨਾਂ ਦਾ ਵੱਡਾ ਬੇਟਾ ਉਸਤਾਦ ਰਹੀਮ ਬਖ਼ਸ਼। ਇਹਨਾਂ ਦਾ ਪਿੰਡ ਭੈਣੀ ਸਾਹਿਬ ਤੋਂ ਦੱਖਣ-ਪੂਰਬ ਦੀ ਦਿਸ਼ਾ ਵਲ ਰਾਮਪੁਰ ਸੀ। ਇਹ ਤਲਵੰਡੀ ਘਰਾਣੇ ਦੇ ਕਲਾਉਂਤ (ਕਲਾਵੰਤ) ਸਨ। ਇਨ੍ਹਾਂ ਤੋਂ ਸਾਨੂੰ ਛੋਟਾ ਖਿਆਲ, ਵੱਡਾ ਖਿਆਲ ਅਤੇ ਧਰੁਪਦ ਧਮਾਰ ਆਦਿ ਦੀ ਸਿਖਿਆ ਮਿਲੀ। ਇਹ ਮੁਸਲਮਾਨ



ਉਸਤਾਦ ਰਹੀਮ ਬਖ਼ਸ਼

ਮਰਾਸੀ ਪਿਤਾ ਪੁਤਰ ਸਾਡੇ ਸਭ (ਸੰਗੀਤ ਸਿਖਦੇ ਬੱਚਿਆਂ) ਲਈ ਉਸਤਾਦ ਹਰਨਾਮ ਸਿੰਘ ਜੀ ਵਾਂਗ ਹੀ ਸਤਿਕਾਰਤ ਸਨ।

ਸਤਿਗੁਰੂ ਪ੍ਰਤਾਪ ਸਿੰਘ ਜੀ, ਕਿਉਂਕਿ ਸੰਗੀਤ ਦੇ ਮਹਾਂ-ਪਾਰਖੀ ਸਨ, ਖਾਸਕਰ ਸ਼ਾਸਤਰੀ ਸੰਗੀਤ ਦੇ, ਇਸ ਲਈ ਉਨ੍ਹਾਂ ਦੀ ਰੀਝ ਸੀ ਕਿ ਉਨ੍ਹਾਂ ਦੇ ਸਕੂਲ ਦੇ ਬੱਚੇ ਸ਼ਾਸਤਰੀ ਸੰਗੀਤ ਬਿਨਾਂ ਹੋਰ ਕਿਸੇ ਪਾਸੇ ਧਿਆਨ ਨਾ ਦੇਣ। ਉਸਤਾਦ ਹਰਨਾਮ ਸਿੰਘ ਜੀ ਦੀ ਇਹ ਇੱਛਾ ਰਹਿੰਦੀ ਕਿ ਇਨ੍ਹਾਂ ਦੇ ਸਕੂਲ ਦੇ ਬੱਚੇ ਮੁਕਾਬਲੇ ਵਿਚ ਪੈਣ ਲਈ ਸੰਗੀਤ ਕਾਨਫਰੰਸਾਂ, ਸੰਮੇਲਨਾਂ ਵਿਚ ਭਾਗੀਦਾਰ ਹੋਣ ਤਾਂ ਕਿ ਬੱਚਿਆਂ ਨੂੰ ਆਪਣੀ ਸ਼ਕਤੀ ਦਾ ਅਹਿਸਾਸ ਹੋਵੇ ਅਤੇ ਮੁਕਾਬਲਿਆਂ ਵਿਚ ਨਿਤਰਨ ਦੀ ਰੁਚੀ ਪਣਪੇ।

ਉਸਤਾਦ ਹਰਨਾਮ ਸਿੰਘ, ਉਸਤਾਦ ਊਧੋ ਖ਼ਾਂ ਸਾਹਿਬ ਅਤੇ ਉਸਤਾਦ ਰਹੀਮ ਬਖ਼ਸ਼ ਦੀ ਹੀ ਮਿਹਨਤ, ਲਗਨ ਅਤੇ ਸਿਖਿਆ ਦਾ ਇਹ ਫ਼ਲ ਹੈ ਕਿ ਅੱਜ ਵੀ ਸ੍ਰੀ ਭੈਣੀ ਸਾਹਿਬ ਦਾ ਸੰਗੀਤ ਸਕੂਲ ਆਪਣੀ ਹੋਂਦ ਰਖਦਾ ਹੈ। ਸਤਿਗੁਰੂ



Sri Satguru Jagjit Singh Ji eLibrary NamdhariElibrary@gmail.com

ਜਗਜੀਤ ਸਿੰਘ ਜੀ ਦੀ ਸਰਪ੍ਰਸਤੀ ਸਦਕਾ ਅੱਜ ਇਸ ਸਕੂਲ ਦੇ ਬੱਚੇ ਦੇਸ਼-ਵਿਦੇਸ਼ ਵਿਚ ਆਪਣੀ ਕਲਾ ਦਾ ਜੌਹਰ ਵਿਖਾਣ ਦੇ ਯੋਗ ਹੋਏ ਹਨ।

ਅੱਜ ਸਤਿਗੁਰੂ ਜਗਜੀਤ ਸਿੰਘ ਜੀ ਦੇ ਧਿਆਨ ਅਤੇ ਕਿਰਪਾ ਸਦਕਾ ਭਾਰਤ ਦੇ ਸਰਬ-ਸਰੇਸ਼ਟ ਗਾਇਕਾਂ ਵਾਦਕਾਂ ਦੇ, ਨਾਮਧਾਰੀ ਸਮਾਜ ਦੇ ਬੱਚੇ, ਨਾਮੀ ਸ਼ਾਗਿਰਦ ਹਨ। ਇਸ ਤੋਂ ਪਹਿਲਾਂ ਕਿ ਅੱਜ ਦੇ ਉਸਤਾਦਾਂ ਸ਼ਾਗਿਰਦਾਂ ਦੀ ਚਰਚਾ ਕਰੀਏ ਚੰਗਾ ਰਹੇਗਾ ਕਿ ਉਸਤਾਦ ਹਰਨਾਮ ਸਿੰਘ ਜੀ, ਉਧੋ ਖ਼ਾਂ ਅਤੇ ਰਹੀਮ ਬਖ਼ਸ਼ ਜੀ ਦੇ ਸ਼ਾਗਿਰਦਾਂ ਦੇ ਨਾਮ ਲਿਖ ਲਈਏ :—

**ਪਹਿਲੀ ਟੋਲੀ**

੧. ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

੨. ਪੰਡਤ ਰਾਜਿੰਦਰ ਸਿੰਘ ਗੁਰੂਸਰ ਜ਼ਿਲਾ ਫਿਰੋਜ਼ਪੁਰ

੩. ਸ੍ਰੀ ਕੁੰਦਨ ਸਿੰਘ ਨਕਈ, ਪਿੰਡ ਸਹਾਰੀ, ਜ਼ਿਲਾ ਲਾਹੌਰ।

੪. ਸ੍ਰੀ ਤਰਲੋਕ ਸਿੰਘ ਨਕਈ, ਪਿੰਡ ਸਹਾਰੀ, ਜ਼ਿਲਾ ਲਾਹੌਰ।

੫. ਸ੍ਰੀ ਬਲਵੰਤ ਸਿੰਘ ਸਪੁਤਰ ਸ: ਸੰਤ, ਸਿੰਘ ਬੀੜ ਮਰਾੜ੍ਹ।

੬. ਪ੍ਰੀਤਮ ਸਿੰਘ ਕਵੀ ਪਿੰਡ ਡਫਰਕੇ ਜ਼ਿਲਾ ਲਾਹੌਰ ਨਾਭਾ।

੭. ਸ੍ਰੀ ਸੰਤੋਖ ਸਿੰਘ ਰਿਖੀ, ਗੁਜਰਾਂ ਵਾਲਾ।

**ਦੂਜੀ ਟੋਲੀ**

੧. ਮਹਾਰਾਜ ਬੀਰ ਸਿੰਘ ਜੀ

੨. ਸ੍ਰੀ ਹਜੂਰ ਸਿੰਘ ਚੰਦਰਹਾਂਸ ਪਿੰਡ ਕੋਟਲੀ ਅਰੂੜਾ, ਜਿਲਾ ਗੁਜਰਾਂ ਵਾਲਾਂ।

੩. ਸ੍ਰੀ ਮਾਨ ਸਿੰਘ ਪਿੰਡ ਕੋਟਲੀ ਅਰੂੜ, ਜ਼ਿਲਾ ਗੁਜਰਾਂ ਵਾਲਾ।

੪. ਸ੍ਰੀ ਗੁਰਬਖਸ਼ ਸਿੰਘ ਰਾਵਲਪਿੰਡੀ

੫. ਸ੍ਰੀ ਬਲਵੰਤ ਸਿੰਘ ਰਾਵਲਪਿੰਡੀ

ਅੱਜ ਦਾ ਸਮਾਂ ਗਿਣਿਆਂ, ਹੇਠ ਲਿਖੇ ਅਨੁਸਾਰ ਉਸਤਾਦੀ-ਸ਼ਗਿਰਦੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਪ੍ਰਤੀ ਸੰਵੇਦਨ ਸ਼ੀਲਤਾ ਅਤੇ ਲਗਾਉ ਦਾ ਪਰਿਚੇ



ਪੰਡਿਤ ਮਹਾਂਦੇਵ ਪ੍ਰਸਾਦ ਕੱਥਕ

ਦਿੰਦੀ ਹੈ। ਏਥੇ ਛੋਟਾ ਜਿਹਾ ਵੇਰਵਾ ਉਸਤਾਦੀ ਸ਼ਗਿਰਦੀ ਦਾ ਦਿੰਦੇ ਹਾਂ : ਉਪਰ ਉਸਤਾਦ ਜਨਾਂ ਦੇ ਨਾਮ ਹਨ ਥਲੇ ਸ਼ਾਗਿਰਦ ਕਲਾਕਾਰਾਂ ਦੇ।

**੧. ਉਸਤਾਦ ਵਲਾਇਤ ਖਾਂ—**

੧. ਸ੍ਰੀ ਧਰਮਵੀਰ ਸਿੰਘ ਯੂ. ਕੇ. (ਸਿਤਾਰ)

੨. ਸ੍ਰੀ ਸ਼ੇਰ ਸਿੰਘ ਚਾਵਲਾ, ਅਮ੍ਰੀਕਾ (ਸਿਤਾਰ)

੩. ਸ੍ਰੀ ਬਲਜੀਤ ਸਿੰਘ ਖਾਪੜਖੇੜੀ (ਗਾਇਣ)

੪. ਸ੍ਰੀ ਮੋਹਣ ਸਿੰਘ ਭੈਣੀ ਸਾਹਿਬ (ਗਾਇਣ)

੫. ਸ੍ਰੀ ਸੁਖਦੇਵ ਸਿੰਘ ਭੈਣੀ ਸਾਹਿਬ (ਗਾਇਣ)

**੨. ਉਸਤਾਦ ਅਮਜਦ ਅਲੀ ਖਾਂ—**

੧. ਸ੍ਰੀ ਗੁਰਦੇਵ ਸਿੰਘ ਯੂ. ਕੇ. (ਸਰੋਦ)

੨. ਸ੍ਰੀ ਹਰਭਜਨ ਸਿੰਘ ਦਿੱਲੀ। (ਸਿਤਾਰ)

**੩. ਪੰਡਤ ਰਾਮ ਨਾਰਾਇਣ ਬੰਬਈ—**

੧. ਸ੍ਰੀ ਸੁਰਜੀਤ ਸਿੰਘ, ਦਿੱਲੀ (ਸਾਰੰਗੀਵਾਦਕ)

੨. ਸ੍ਰੀ ਅਰਵਿੰਦਰ ਸਿੰਘ ਮੰਡੀ (ਬੰਬਈ)



Sri Satguru Jagjit Singh Ji eLibrary NamdhariElibrary@gmail.com

੪. ਪੰਡਤ ਸ਼ਿਵ ਕੁਮਾਰ ਸ਼ਰਮਾ (ਸੰਤੂਰ)

੧. ਸ੍ਰੀ ਹਰਜਿੰਦਰਪਾਲ ਸਿੰਘ ਜੱਬਲਪੁਰ (ਐਮ. ਪੀ.)

੨. ਸ੍ਰੀ ਕਿਰਨਪਾਲ ਸਿੰਘ ਯੂ. ਕੇ.

੩. ਸ੍ਰੀ ਹਰਪਾਲ ਸਿੰਘ ਭੱਲੀ (ਨਰੋਬੀ)

੫. ਪੰਡਤ ਹਰੀ ਪ੍ਰਸਾਦ ਚੌਰਸੀਆ (ਬੰਸਰੀ)

੧. ਸ੍ਰੀ ਸਤਪਾਲ ਸਿੰਘ ਜੰਮੂ ।

੬. ਪੰਡਤ ਕਿਸ਼ਨ ਮਹਾਰਾਜ ਬਨਾਰਸ (ਤਬਲਾ)

੧. ਸ੍ਰੀ ਸੁਖਦੇਵ ਸਿੰਘ, ਜਲੰਧਰ

੨. ਸ੍ਰੀ ਸੁਖਵਿੰਦਰ ਸਿੰਘ ਪਿੰਕੀ, ਯੂ. ਕੇ., ਭੈਣੀ ਸਾਹਿਬ

੩. ਸ੍ਰੀ ਹਰਪਾਲ ਸਿੰਘ ਭੱਲੀ ਨਰੋਬੀ

੪. ਸ੍ਰੀ ਸੁਖਵਿੰਦਰ ਸਿੰਘ ਜਲੰਧਰ

੫. ਸ੍ਰੀ ਸੁਖਦੇਵ ਸਿੰਘ ਸੁਖੀ, ਭੈਣੀ ਸਾਹਿਬ

੭. ਪੰਡਤ ਬਿਰਜੂ ਮਹਾਰਾਜ (ਨ੍ਰਿਤ)

੧. ਸ੍ਰੀ ਅਮਰ ਸਿੰਘ ਅੰਬਾ, ਭੈਣੀ ਸਾਹਿਬ

੮. ਪੰਡਤ ਦੁਰਗਾ ਲਾਲ (ਨ੍ਰਿਤ)

੧. ਸ੍ਰੀ ਬਲਵੰਤ ਸਿੰਘ ਦਿੱਲੀ

੨. ਸ੍ਰੀ ਸੁਖਦੇਵ ਸਿੰਘ ਭੈਣੀ ਸਾਹਿਬ (ਪਖਾਵਜ)

੯. ਪੰਡਤ ਸਾਮਤਾ ਪ੍ਰਸਾਦ ਬਨਾਰਸ (ਤਬਲਾ)

੧. ਸ੍ਰੀ ਅਵਤਾਰ ਸਿੰਘ ਅਮ੍ਰਿਤਸਰੀ (ਸਵ:)

੨. ਸ੍ਰੀ ਗੁਰਦਿਤ ਸਿੰਘ ਦਿੱਲੀ

੧੦. ਉਸਤਾਦ ਅੱਲਾ ਰੱਖਾ (ਤਬਲਾ)

੧. ਸ੍ਰੀ ਜਤਿੰਦਰਪਾਲ ਸਿੰਘ ਜਲੰਧਰ (ਪਖਾਵਜ)

੨. ਸ੍ਰੀ ਕੁਲਵੰਤ ਸਿੰਘ ਜਲੰਧਰ (ਤਬਲਾ)

੩. ਸ੍ਰੀ ਤਰਸੇਮ ਸਿੰਘ ਜਲੰਧਰ (ਤਬਲਾ)



ਉਸਤਾਦ ਭਾਈ ਮਸਤਾਨ ਸਿੰਘ ਜੀ

੪. ਸ੍ਰੀ ਕੁਲਵਿੰਦਰ ਸਿੰਘ ਜਲੰਧਰ

੫. ਸ੍ਰੀ ਸੁਰਿੰਦਰ ਸਿੰਘ ਮੰਡੀ (ਬੰਬਈ)

੧੧. ਉਸਤਾਦ ਬਿਸਮਿਲਾ ਖਾਂ (ਸ਼ਹਿਨਾਈ)

੧. ਸ੍ਰੀ ਬਲਜੀਤ ਸਿੰਘ ਖਾਪੜ ਖੇੜੀ

੧੨. ਉਸਤਾਦ ਪਿਆਰਾ ਸਿੰਘ

(ਤਾਰ ਸ਼ਹਿਨਾਈ) ੧. ਸ੍ਰੀ ਗੁਰਦੇਵ ਸਿੰਘ ਸਰੋਦ

੨. ਠਾਕੁਰ ਉਦੇ ਸਿੰਘ ਜੀ

੩. ਸ੍ਰੀ ਬਲਜੀਤ ਸਿੰਘ ਖਾਪੜ ਖੇੜੀ

੪. ਸ੍ਰੀ ਹਰਬੰਸ ਸਿੰਘ ਘੁੱਲਾ

੧੩. ਪੰਡਤ ਪ੍ਰੇਮ ਵਲਭ (ਤਬਲਾ)

੧. ਸ੍ਰੀ ਸੁਰਜੀਤ ਸਿੰਘ ਮੱਤੂ ਯੂ. ਕੇ.

੧੪. ਸ੍ਰੀ ਰਾਜਨ-ਸਾਜਨ ਮਿਸ਼ਰਾ ਬੰਧੂ (ਗਾਇਨ)

(੧) ਸ੍ਰੀ ਮੋਹਣ ਸਿੰਘ ਭੈਣੀ ਸਾਹਿਬ

(੨) ਸ੍ਰੀ ਸੁਖਦੇਵ ਸਿੰਘ ਭੈਣੀ ਸਾਹਿਬ

(੩) ਸ੍ਰੀ ਸਵਿੰਦਰਪਾਲ ਸਿੰਘ ਜਲੰਧਰ



Sri Satguru Jagjit Singh Ji eLibrary NamdhariElibrary@gmail.com

(੪) ਬੀਬੀ ਕੰਵਲਜੀਤ ਕੌਰ ਸਵੀਟੀ ਦਿੱਲੀ

(੫) ਸ੍ਰੀ ਗੁਰਮੀਤ ਸਿੰਘ ਖਾਪੜਖੇੜੀ

(੬) ਸ੍ਰੀ ਮਈਆ ਸਿੰਘ ਬੰਕੋਕ (ਥਾਈਲੈਂਡ)

੧੫. ਪੰਡਤ ਹਨੂਮਾਨ ਪ੍ਰਸ਼ਾਦ ਮਿਸ਼ਰਾ (ਸਾਰੰਗੀ)

(੧) ਸ੍ਰੀ ਸੁਰਜੀਤ ਸਿੰਘ ਦਿੱਲੀ

(੨) ਹਰਿੰਦਰਪਾਲ ਸਿੰਘ ਰਿਐਤ ਯੂ. ਕੇ.

੧੬. ਉਸਤਾਦ ਇਮਰਤ ਖਾਂ (ਸਿਤਾਰ)

(੧) ਸ੍ਰੀ ਸੁਰਿੰਦਰ ਸਿੰਘ ਸ਼ਿੰਦਰੀ, ਭੈਣੀ ਸਾਹਿਬ

(੨) ਸ੍ਰੀ ਗੁਰਮੁਖ ਸਿੰਘ ਭੈਣੀ ਸਾਹਿਬ

(੩) ਸ੍ਰੀ ਅਮਰੀਕ ਸਿੰਘ ਭੈਣੀ ਸਾਹਿਬ

(੪) ਸ੍ਰੀ ਤਜਿੰਦਰ ਸਿੰਘ ਰੀਟਾ (ਕੈਨੇਡਾ)

(੫) ਚਰਨ ਸਿੰਘ ਜੰਮੂ

੧੭. ਸ੍ਰੀ ਐਲ. ਕ, ਪੰਡਿਤ (ਗਾਇਨ)

(੧) ਬੀਬੀ ਸਰਬਜੀਤ ਕੌਰ, ਦਿੱਲੀ

੧੮. ਪੰਡਤ ਗੋਪਾਲ ਕ੍ਰਿਸ਼ਨ (ਵੀਣਾ)

(੧) ਸ੍ਰੀ ਬਲਜੀਤ ਸਿੰਘ, ਖਾਪੜਖੇੜੀ

(੨) ਸ੍ਰੀ ਮਹਿਲ ਸਿੰਘ ਸੰਤ ਨਗਰ (ਸਰਸਾ)

੧੯. ਸ੍ਰੀ ਰਾਮ ਜੀ ਮਿਸ਼ਰਾ (ਤਬਲਾ)

(੧) ਸ੍ਰੀ ਹਰਪ੍ਰੀਤ ਸਿੰਘ ਸੋਨੂ (ਗਵਾਲੀਅਰ)

੨੦. ਪ੍ਰੋ. ਯਸ਼ਪਾਲ ਚੰਡੀਗੜ੍ਹ (ਗਾਇਨ)

(੧) ਸ੍ਰੀ ਅਸ਼ਵਿੰਦਰ ਲੁਧਿਆਣਾ

(੨) ਬੀਬੀ ਸ਼ਿਵਰੰਜਨੀ ਕੌਰ ਲੁਧਿਆਣਾ

(੩) ਬੀਬੀ ਜਗਦੀਪ ਕੌਰ ਦੀਪੀ, ਜੰਮੂ ।

ਇਥੇ ਅਸੀਂ ਕੁਝ ਹੋਰ ਮਾਨਯੋਗ ਉਸਤਾਦ ਹਸਤੀਆਂ ਦਾ ਜ਼ਿਕਰ ਵੀ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਗੀਤ ਸਿਖਿਆ ਦਿਤੀ, ਜੋ ਬਾਅਦ ਵਿਚ ਹੋਰ ਵਡੇ ਗੁਰੂਜਨਾਂ ਪਾਸ ਗਏ ।

ਮਸ਼ਹੂਰ ਪਖਾਵਜੀ ਉਸਤਾਦ ਨਿਹਾਲ ਸਿੰਘ ਨੇ ਬਹੁਤ ਮਿਹਨਤ ਨਾਲ ਸ੍ਰੀ ਭੈਣੀ ਸਾਹਿਬ ਰਹਿ ਕੇ ਤਬਲੇ ਪਖਾਵਜ ਦੀ ਸਿਖਿਆ ਦਿਤੀ। ਸੁਖਵਿੰਦਰ ਸਿੰਘ ਪਿੰਕੀ ਦੇ ਪ੍ਰਥਮ ਉਸਤਾਦ ਭਾਈ ਨਿਹਾਲ ਸਿੰਘ ਹੀ ਸਨ। ਸ. ਮਹਿੰਦਰ ਸਿੰਘ ਠਮਰੀ ਵਾਲੇ ਸ੍ਰੀ ਭੈਣੀ ਸਾਹਿਬ, ਮੰਡੀ, ਦਿੱਲੀ ਆਦਿ ਥਾਵਾਂ ਤੇ ਰਹਿ ਕੇ ਬੱਚਿਆਂ ਨੂੰ ਤਾਲੀਮ ਦੇਂਦੇ ਆ ਰਹੇ ਹਨ। ਉਸਤਾਦ ਹਰਭਜਨ ਸਿੰਘ ਜੀ ਦਾ ਯੋਗਦਾਨ ਬਹੁਤ ਸਲਾਹੁਣਯੋਗ ਹੈ । ਇਹ ਅਜ ਕਲ੍ਹ ਸ੍ਰੀ ਭੈਣੀ ਸਾਹਿਬ ਰਹਿਕੇ ਸੰਗੀਤ ਵਿਦਿਆਰਥੀਆਂ ਨੂੰ ਗਾਇਨ ਦੀ ਸਿਖਿਆ ਦੇ ਰਹੇ ਹਨ । ਸਵਰਗੀ ਸ. ਅਵਤਾਰ ਸਿੰਘ ਜੀ ਤਬਲੇ ਦੇ ਕੁਸ਼ਲ ਕਲਾਕਾਰ ਸਨ। ਬੱਚਿਆਂ ਨੂੰ ਤਬਲਾ ਸਿਖਾਉਣ ਅਤੇ ਸੰਗੀਤ ਸੰਬੰਧੀ ਹੋਰ ਕਾਰਜ ਵਿਚ ਉਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਾਇਕ ਸਨ। ਪੰਡਿਤ ਰਮਾਂ ਕਾਂਤ ਜੀ ਜਲੰਧਰ ਅਤੇ ਸ੍ਰੀ ਭੈਣੀ ਸਾਹਿਬ ਵਿਚ ਅਨੇਕਾਂ ਹੀ ਵਿਦਿਆਰਥੀਆਂ ਨੂੰ ਤਬਲੇ ਦੀ ਸਿਖਿਆ ਦਿੰਦੇ ਆ ਰਹੇ ਹਨ। ਪ੍ਰੋ. ਕਿਰਪਾਲ ਸਿੰਘ ਜਲੰਧਰ ਗਾਇਨ ਦੀ ਸਿਖਿਆ ਦਿੰਦੇ ਹਨ। ਸ੍ਰੀ ਨਰਿੰਦਰ ਕੁਮਾਰ ਨਰੂਲਾ ਪਟਿਆਲਾ ਸਿਤਾਰ ਵਾਲੇ ਵੀ ਸੰਗੀਤ ਸਿਖਿਆ ਦੀ ਸੇਵਾ ਕਰਦੇ ਆ ਰਹੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤ ਪ੍ਰਤੀ ਪ੍ਰਤੀਬੱਧਤਾ ਦਰਸਾਂਦਿਆਂ ਸ੍ਰੀ ਭੈਣੀ ਸਾਹਿਬ ਵਿਖੇ ੧੯੯੩ ਅਪ੍ਰੈਲ ਤੋਂ "ਨਾਮਧਾਰੀ ਕਲਾ ਕੇਂਦਰ" ਦੇ ਨਾਮ ਨਾਲ ਇਕ ਸੰਗੀਤ ਸਮਰਪਤ ਸੰਸਥਾ ਸਥਾਪਤ ਕੀਤੀ ਹੈ, ਜਿਸ ਦਾ ਪ੍ਰਬੰਧਕ ਯੂਨਿਟ ਹੈ :

ਉਸਤਾਦ ਹਰਭਜਨ ਸਿੰਘ ਜੀ (ਸਿਤਾਰ, ਗਾਇਨ), ਸ੍ਰੀ ਵਰਿੰਦਰ ਕੁਮਾਰ ਜੀ ਜਲੰਧਰ (ਸਿਤਾਰ), ਬੀਬੀ ਨਰਿੰਦਰ ਕੌਰ, ਨਰੋਬੀ (ਗਾਇਨ), ਸ੍ਰੀ ਹਰਜਿੰਦਰਪਾਲ ਸਿੰਘ (ਸੰਤੂਰ), ਸ੍ਰੀ ਸੁਰਜੀਤ ਸਿੰਘ ਦਿੱਲੀ, (ਸਾਰੰਗੀ), ਸ੍ਰੀ ਮੋਹਣ ਸਿੰਘ, ਸ੍ਰੀ ਸੁਖਦੇਵ ਸਿੰਘ ਭੈਣੀ ਸਾਹਿਬ (ਗਾਇਨ) ਅਤੇ ਸ੍ਰੀ ਰਾਜੇਸ਼ ਕੁਮਾਰ ਮਾਲਵੀਆ ਜੱਬਲਪੁਰ (ਤਬਲਾ) ਅਤੇ ਸ. ਸੁਖਦੇਵ ਸਿੰਘ (ਤਬਲਾ) ਜਲੰਧਰ। ਇਸ ਕਲਾ ਕੇਂਦਰ ਵਿਚ ਅਜ ਕਲ ੪੦ ਲੜਕੇ ਅਤੇ ੨੦ ਲੜਕੀਆਂ ਉਪਰੋਕਤ ਕਲਾਕਾਰਾਂ ਤੋਂ ਸੰਗੀਤ ਕਲਾ ਗਿਆਨ ਹਾਸਲ ਕਰ ਰਹੇ ਹਨ ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਦੁਆਰਾ ਇਹ ਏਸੇ ਕਲਾ ਕੇਂਦਰ ਦਾ ਉਦਮ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ ਦਾ ੧੭ਵਾਂ ਫੰਕਸ਼ਨ ਜਲੰਧਰ ਵਿਖੇ ਹੋ ਰਿਹਾ ਹੈ ਅਤੇ ਇਹ ਸੰਗੀਤ ਸੰਮੇਲਨ ਨਾਮਧਾਰੀ ਸੰਗੀਤ ਵਿਦਿਆਲਾ ਦੇ ਪ੍ਰਥਮ ਉਸਤਾਦ ਹਸਤੀਆਂ, ਭਾਈ ਸਾਹਿਬ ਭਾਈ ਹਰਨਾਮ ਸਿੰਘ ਚਵਿੰਡਾ ਅਤੇ ਉਸਤਾਦ ਊਧੋ ਖਾਂ ਸਾਹਿਬ ਰਾਮਪੁਰੀ ਨੂੰ ਸਮਰਪਿਤ ਹੈ। ਇਹ ਆਪਣੀ ਕਿਸੇ ਮਾਣ ਪ੍ਰਤਿਸ਼ਠਾ ਲਈ ਨਹੀਂ ਸਗੋਂ ਸੰਗੀਤ ਦੀ ਸ੍ਰੀ ਭੈਣੀ ਸਾਹਿਬ ਵਿਚ ਰਾਗ ਬੋਲ ਰੱਖਣ ਵਾਲੇ ਸੰਗੀਤ ਗੁਰੂਆਂ ਨੂੰ ਸਨਮਾਨ ਅਰਪਿਤ ਕਰਕੇ ਉਰਿਣ ਹੋਣ ਦੇ ਜਤਨਾਂ ਸਦਕਾ ਹੈ ।



Sri Satguru Jagjit Singh Ji eLibrary NamdhariElibrary@gmail.com

# ਅੰਬਾਂ ਦੀ ਵਾਸ਼ਨਾ

ਸਭ ਜਾਣਦੇ ਹਨ ਕਿ ਨਵਤੇਜ ਸਿੰਘ ਬਹੁਤ ਵਧੀਆ ਲੇਖਕ ਸੀ। ਉਹ ਮਨੋਵਿਗਿਆਨ ਤੇ ਮਾਰਕਸਵਾਦ ਦਾ ਵਿਦਿਆਰਥੀ ਸੀ। ਜ਼ਿੰਦਗੀ ਅਤੇ ਸਾਹਿਤ ਦੀ ਉਸਨੂੰ ਡੂੰਘੀ ਸੂਝ ਸੀ। ਉਹ ਰੋਜ਼-ਮੱਰਰਾ ਰੋਜ਼-ਮੱਰਰਾ ਜੀਵਨ ਦੇ ਸਿਆਸੀ ਸਮਾਜੀ ਦਬਾਵਾਂ ਅਧੀਨ ਦਲੇਮਲੇ ਜਾ ਰਹੇ ਜਨ-ਸਾਧਾਰਨ ਦੀ ਪੀੜ ਨੂੰ 'ਮੇਰੀ ਧਰਤੀ ਮੇਰੇ ਲੋਕ' ਨਾਂ ਦੇ ਕਾਲਮ ਅਧੀਨ ਹਰੇਕ ਮਹੀਨੇ ਪ੍ਰੀਤ ਲੜੀ ਵਿਚ ਪੇਸ਼ ਕਰਦਾ। ਉਹਦੀ ਇਹ ਲਿਖਤ ਸਾਹਿਤਕ ਪੱਤਰਕਾਰੀ ਦਾ ਉੱਤਮ ਨਮੂਨਾ ਤਾਂ ਹੁੰਦੀ ਹੀ, ਸਗੋਂ ਕਈ ਵਾਰ ਮੁਕੰਮਲ ਕਹਾਣੀ ਵੀ ਹੁੰਦੀ। ਅਜਿਹਾ ਇਸ ਲਈ ਸੰਭਵ ਹੋਇਆ ਕਿਉਂਕਿ ਉਹ ਖੁਦ ਕਹਾਣੀਕਾਰ ਸੀ। ਪੰਜਾਬੀ ਕਹਾਣੀ ਦੀ ਦੂਜੀ ਪੀੜ੍ਹੀ ਦੇ, ਉਹ ਚੋਣਵੇਂ ਕਹਾਣੀਕਾਰਾਂ ਵਿਚੋਂ ਇਕ ਸੀ। ਉਸ ਨੇ 'ਦੇਸ਼ ਵਾਪਸੀ', 'ਨਵੀਂ ਰੁੱਤ', 'ਬਾਸਮਤੀ ਦੀ ਮਹਿਕ' ਅਤੇ 'ਚਾਨਣ ਦੇ ਬੀਜ' ਆਦਿ ਕਹਾਣੀ-ਸੰਗ੍ਰਹਿ ਪੰਜਾਬੀ ਜ਼ਬਾਨ ਨੂੰ ਦਿਤੇ। ਉਸ ਦੀਆਂ ਕਹਾਣੀਆਂ ਵਿਦੇਸ਼ੀ ਜ਼ਬਾਨਾਂ ਵਿਚ ਅਨੁਵਾਦ ਹੋਈਆਂ ਤੇ ਉਹਨੂੰ ਕਈ ਅੰਤਰ-ਰਾਸ਼ਟਰੀ ਪੁਰਸਕਾਰ ਵੀ ਮਿਲੇ। ਮੇਰੀ 'ਸਾਹਿਤਕ ਸੰਭਾਲ' ਦੇ ਦੌਰ ਵਿਚ ਜਿੰਨੀ ਵਡੇਰੀ ਪ੍ਰਤੀਕਿਰਿਆ ਉਸ ਦੀ ਕਹਾਣੀ "ਪਹਿਲੀ ਚੁੰਮੀ" ਦੀ ਹੋਈ, ਓਨੀ ਸ਼ਾਇਦ ਹੀ ਪੰਜਾਬੀ ਦੀ ਕਿਸੇ ਕਹਾਣੀ ਦੀ ਹੋਈ ਹੋਵੇ! ਪਰ ਅੱਜ ਮੈਨੂੰ ਹੈਰਾਨੀ ਹੁੰਦੀ ਹੈ ਕਿ 'ਬਸ਼ੀਰਾ', 'ਬਾਸਮਤੀ ਦੀ ਮਹਿਕ' ਤੇ 'ਦੇਸ਼ ਵਾਪਸੀ' ਜਿਹੀਆਂ ਕਹਾਣੀਆਂ ਲਿਖਣ ਵਾਲਾ ਇਹ ਕਹਾਣੀਕਾਰ ਪੰਜਾਬੀ ਕਹਾਣੀ ਦੀ ਗੱਲ ਕਰਦਿਆਂ ਅੱਖੋਂ ਓਹਲੇ ਕਿਉਂ ਹੋ ਜਾਂਦਾ ਹੈ? ਸੇਖੋਂ, ਸੁਜਾਨ ਸਿੰਘ ਅਤੇ ਦੁੱਗਲ ਦੀ ਪੀੜ੍ਹੀ ਤੋਂ ਗੱਲ ਸ਼ੁਰੂ ਕਰਕੇ ਤੇ ਦੂਜੀ ਪੀੜ੍ਹੀ ਦੇ ਵਿਰਕ, ਧੀਰ ਆਦਿ ਦਾ ਜ਼ਿਕਰ ਕਰਕੇ ਗੱਲ-ਕਾਰ ਤੀਜੀ ਪੀੜ੍ਹੀ ਵੱਲ ਤਿਲਕ ਆਉਂਦੇ ਹਨ। ਸਰਨਾ ਦਾ ਜ਼ਿਕਰ ਹੁਣ ਆਕੇ ਸ਼ੁਰੂ ਹੋਇਆ ਹੈ। ਨੌਰੰਗ ਸਿੰਘ ਤੇ ਨਵਤੇਜ ਜਿਹੇ ਕਈ ਕਹਾਣੀਕਾਰ ਜ਼ਿਕਰ-ਹੀਣੇ ਹੀ ਰਹਿ ਜਾਂਦੇ ਹਨ। ਮੈਂ ਸੋਚਦਾ ਹਾਂ ਕਿ ਕੀ ਸਾਹਿਤਕ ਉਮਰ ਏਨੀ ਕੁ ਹੀ ਹੁੰਦੀ ਹੈ? ਜਾਂ ਇਸ ਦਾ ਬੰਦੇ ਦੇ ਸਰੀਰਕ ਤੌਰ ਤੇ ਜਿਉਂਦੇ ਰਹਿਣ ਜਾਂ ਤੁਰ ਜਾਣ ਨਾਲ ਕੋਈ ਸੰਬੰਧ ਹੈ? ਜਾਂ ਕੋਈ ਹੋਰ ਕਾਰਨ? ਜੇ ਕਿਸੇ ਸਿਆਣੇ ਨੂੰ ਪਤਾ ਹੋਵੇ ਤਾਂ ਜ਼ਰੂਰ ਦੱਸੇ।

ਮਨੋ-ਵਿਗਿਆਨ ਦੀ ਸੋਝੀ ਹੋਣ ਕਰਕੇ ਉਹਦੀਆਂ ਕਹਾਣੀਆਂ ਵਿਚ ਬਾਹਰੀ ਪ੍ਰਭਾਵਾਂ ਅਤੇ ਦਬਾਵਾਂ ਅਧੀਨ ਮਨੁਖੀ-ਮਨ ਅਤੇ ਵਿਹਾਰ ਵਿਚ ਆਉਂਦੀਆਂ ਤਬਦੀਲੀਆਂ ਦੀ ਕਲਾਤਮਕ ਪਕੜ ਮਿਲਦੀ ਹੈ। ਪਰ ਮਾਰਕਸਵਾਦ ਦੀ ਸੋਝੀ ਅਧੀਨ ਉਹ ਆਪਣੀਆਂ ਕਹਾਣੀਆਂ ਵਿਚ ਅਕਸਰ ਹੀ ਵਰਗਾਂ ਵਿਚ ਵੰਡੇ ਸਮਾਜ ਨੂੰ ਆਪਣੀ ਲਿਖਤ ਦਾ ਆਧਾਰ ਬਣਾਉਂਦਾ। ਵਿਹੂਣੇ ਲੋਕਾਂ ਲਈ ਉਹ ਆਪਣੇ ਪਾਠਕ ਦੇ ਮਨ ਵਿਚ ਤਰਸ ਅਤੇ ਹਮਦਰਦੀ ਦੇ ਭਾਵ ਪੈਦਾ ਕਰਨਾ ਲੋਚਦਾ ਤੇ 'ਉਪਰਲੀ ਧਿਰ' ਦੇ ਧੱਕੇ, ਧੋਖੇ ਤੇ ਜ਼ੁਲਮ ਨੂੰ ਨਫਰਤ ਦਾ ਨਿਸ਼ਾਨਾ ਬਣਾਉਂਦਾ। ਇੰਜ ਉਸ ਦੀਆਂ ਕਹਾਣੀਆਂ ਪ੍ਰਗਤੀਵਾਦੀ ਮਾਡਲ' ਅਧੀਨ ਢਲੀਆਂ ਹੁੰਦੀਆਂ। ਉਹਦੀਆਂ ਕਹਾਣੀਆਂ ਵਿਚ ਇਸ ਮਾਡਲ ਦੀ ਖੂਬੀਆਂ ਵੀ ਹਨ ਤੇ ਖ਼ਾਮੀਆਂ ਵੀ।

'ਦੇਸ਼ ਵਾਪਸੀ' ਨਵਤੇਜ ਦੀਆਂ ਬਹੁ-ਚਰਚਿਤ ਕਹਾਣੀਆਂ ਵਿਚੋਂ ਹੈ। ਮਤਾਬਦੀਨ ਅਤੇ ਸੰਤ ਸਿੰਘ ਦੀ ਸਾਂਝ ਆਪਸੀ ਸਹਿਹੋਂਦ ਵਾਲੀ ਭਾਈਚਾਰਕ ਸਾਂਝ ਵੀ ਹੈ ਤੇ ਮੂਲ ਮਾਨਵੀ ਸਾਂਝ ਵੀ। ਗੁਰਦੁਆਰੇ ਵਿਚ ਸੇਵਾ ਕਰਦਾ ਮਤਾਬਦੀਨ ਸਿਰ ਤੇ ਰੁਮਾਲ ਬੰਨ੍ਹ ਕੇ ਰਖਦਾ ਹੈ। ਪਰ ਫਿਰਕੂ ਨਫਰਤ ਦੀਆਂ ਤੇਜ਼ ਰੌਆਂ ਇਸ ਸਾਂਝੇ ਭਾਈਚਾਰੇ ਨੂੰ ਖੋਰਦੀਆਂ ਹੋਈਆਂ ਗੁਰਦਵਾਰੇ ਵਿਚ ਵੀ ਪਹੁੰਚ ਜਾਂਦੀਆਂ ਹਨ ਤੇ ਦੇਸੋਂ ਆਇਆ ਕੋਈ ਆਦਮੀ ਸੰਤ ਸਿੰਘ ਨੂੰ ਮਤਾਬਦੀਨ ਕੋਲੋਂ ਇਸ ਲਈ ਬਚ ਕੇ ਰਹਿਣ ਲਈ ਆਖਦਾ ਹੈ ਕਿਉਂਕਿ 'ਮੁਸਲਮਾਨ ਸੱਪ ਹਨ ਪਰ ਸੰਤ ਸਿੰਘ ਤੇ ਮਤਾਬਦੀਨ ਕੰਮ ਦੀ ਸਾਂਝ, ਜਹਾਜ਼ ਵਿਚ ਸਫਰ ਲਈ ਰਸਦ ਦੀ ਸਾਂਝ ਤੇ ਮੁਹੱਬਤ ਦੀ ਸਾਂਝ ਸਦਕਾ ਇਸ ਨਫਰਤ ਤੋਂ ਉਪਰ ਉਠ ਜਾਂਦੇ ਹਨ ਤੇ ਨਿਰੋਲ ਮਾਨਵੀ ਦਾਇਰਿਆਂ ਵਿਚ ਵਿਚਰਦੇ ਹਨ। ਬਚਨੋਂ ਦੇ ਮੂੰਹ ਵਿਚੋਂ ਆਉਂਦੀ ਅੰਬਾਂ ਦੀ ਵਾਸ਼ਨਾ ਤਾਜੋ ਦੇ ਜ਼ਿਕਰ ਤਕ ਪਹੁੰਚ ਕੇ ਮਾਸੂਮ ਇਨਸਾਨੀ ਰਿਸ਼ਤਿਆਂ ਦੀ ਖ਼ੁਸ਼ਬੂ ਖਿਡਾਉਂਦੀ ਹੈ। ਦੇਸ਼ ਵਾਪਸੀ ਦਾ ਹੇਰਵਾ ਤੇ ਦੇਸ਼ ਦੀ ਧਰਤੀ ਤੇ ਹੁੰਦੀ ਕਤਲੋਗਾਰਤ ਦੇ ਵਿਰੋਧੀ ਜੁੱਟ ਦੀ ਸਿਰਜਣਾ ਵਿਚ ਕਹਾਣੀ ਦਾ ਦਰਦ ਲੁਕਿਆ ਹੋਇਆ ਹੈ।

'ਦੇਸ਼ ਵਾਪਸੀ' ਨੂੰ ਦੋਬਾਰਾ ਪਾਠਕਾਂ ਦੀ ਨਜ਼ਰ ਕਰਦਿਆਂ ਅਸੀਂ ਆਪਣੇ ਪਿਆਰੇ ਕਹਾਣੀਕਾਰ ਨੂੰ ਮੁੜ ਯਾਦ ਕਰ ਰਹੇ ਹਾਂ ਅਤੇ ਚਾਹੁੰਦੇ ਹਾਂ ਕਿ ਸਭ ਦੇ ਮੂੰਹ ਵਿਚੋਂ ਹਮੇਸ਼ਾਂ ਅੰਬਾਂ ਦੀ ਵਾਸ਼ਨਾ ਆਉਂਦੀ ਰਹੇ।

**ਵਰਿਆਮ ਸਿੰਘ ਸੰਧੂ**



Sri Satguru Jagjit Singh Ji eLibrary NamdhariElibrary@gmail.com

# ਦੇਸ਼ ਵਾਪਸੀ

—ਨਵਤੇਜ ਸਿੰਘ

ਲਾਂਚ ਵਿਚ ਤੀਜੇ ਦਰਜੇ ਦੇ ਮੁਸਾਫ਼ਰਾਂ ਵਾਲੀ ਥਾਂ ਨਕੋ ਨਕ ਭਰੀ ਹੋਈ ਸੀ। ਉਹ ਪਹਿਲੇ ਦਰਜੇ ਦੀ ਖੁਲ੍ਹ ਵਿਚੋਂ ਦੋ ਅੰਗਰੇਜ਼ ਫ਼ੌਜੀ ਅਫ਼ਸਰ ਏਸ ਕੁਰਬਲ ਕੁਰਬਲ ਕਰਦੀ ਥਾਂ ਵੱਲ ਤਕਦਿਆਂ ਗੱਲਾਂ ਕਹ ਰਹੇ ਸਨ:

"ਇਹ ਪੀਨਾਂਗ ਤੋਂ ਇੰਡੀਆ ਲਈ ਜਹਾਜ਼ ਫੜਨ ਜਾ ਰਹੇ ਨੇ।"

"ਮੈਨੂੰ ਹੈਰਾਨੀ ਹੁੰਦੀ ਏ, ਓਥੇ ਇਹ ਅੱਜ ਕਲ ਕਾਹਨੂੰ ਜਾ ਰਹੇ ਨੇ—ਉਥੇ ਆਪਸ ਵਿਚ ਇਕ ਦੂਜੇ ਦਾ ਗਲਾ ਹੀ ਕਟਣਗੇ!" ਤੇ ਹਾਸੇ ਵਿਚ ਅੱਗੋਂ ਗੱਲਾਂ ਗੁਆਚ ਗਈਆਂ ਸਨ।

ਥੱਲੇ ਤੀਜੇ ਦਰਜੇ ਦੇ ਮੁਸਾਫ਼ਰਾਂ ਵਿਚੋਂ ਸੰਤ ਸਿੰਘ ਨੇ ਪੱਛਮ ਵਲ ਇਸ਼ਾਰਾ ਕਰਦਿਆਂ ਕਿਹਾ, "ਏਸ ਬੰਨੇ ਆ ਆਪਣਾ ਦੇਸ, ਰਤਾ ਕੁ ਪਹਾੜ ਵੱਲ।"

ਮਤਾਬ ਦੀਨ ਨੀਝ ਲਾ ਕੇ ਓਧਰ ਤਕਣ ਲਗ ਪਿਆ, ਤੇ ਤਕਦਾ ਰਿਹਾ,—ਇੰਜ ਜਾਪਦਾ ਸੀ ਜਿਵੇਂ ਉਹਨੂੰ ਹੌਲੀ ਹੌਲੀ ਕੋਈ ਸੁਖ ਪੁਜ ਰਿਹਾ ਸੀ।

ਪੀਨਾਂਗ ਉੱਤਰ ਕੇ ਮਤਾਬ ਦੀਨ ਸੋਚਣ ਲਗਾ ਕਿ ਏਥੇ ਕਿਥੇ ਰਹੇਗਾ? ਭਾਵੇਂ ਸਮਾਨ ਤਾਂ ਇਕ ਟਰੰਕੜੀ ਤੇ ਦਰੀ ਤੋਂ ਵਧ ਉਹਦੇ ਕੋਲ ਕੋਈ ਨਹੀਂ ਸੀ, ਪਰ ਫੇਰ ਵੀ ਰਾਤ ਨੂੰ ਸਿਰ ਲੁਕਾਣ ਲਈ ਏਸ ਪ੍ਰਦੇਸੀ ਸ਼ਹਿਰ ਵਿਚ ਕੋਈ ਥਾਂ ਤਾਂ ਚਾਹੀਦੀ ਸੀ ਤੇ ਮਲਾਇਆ ਵਿਚ ਮੀਂਹ-ਕਣੀ ਦਾ ਵੀ ਕਿਹੜਾ ਇਤਬਾਰ ਸੀ, ਹਰ ਬਹਾਰੇ ਛਰਾਂਟੇ ਮਾਰਕੇ ਮੀਂਹ ਵਰ੍ਹਣ ਲਗ ਪੈਂਦਾ ਸੀ।

ਸੰਤ ਸਿੰਘ ਇਕ ਚੀਨੀ ਦੇ ਰਿਕਸ਼ੇ ਤੇ ਆਪਣਾ ਸਮਾਨ ਟਿਕਵਾ ਚੁਕਿਆ ਸੀ ਤੇ ਆਪਣੀ ਵਹੁਟੀ ਨੂੰ ਤੁਰਨ ਲਈ ਆਖ ਕੇ ਧੀ ਨੂੰ ਕੁੱਛੜ ਲੈ ਰਿਹਾ ਸੀ। ਸੰਤ ਸਿੰਘ ਤੇ ਮਤਾਬ ਦੀਨ ਗੱਡੀ ਤੇ ਲਾਂਚ ਵਿਚ ਹੀ ਜਾਣੂ ਹੋਏ ਸਨ। ਸਬੱਬ ਨਾਲ ਪਿਛੇ ਦੇਸ ਵਿਚ ਦੋਹਾਂ ਦਾ ਇਕੋ ਜ਼ਿਲ੍ਹਾ ਨਿਕਲ ਆਇਆ ਸੀ ਤੇ ਦੋਹਾਂ ਦੇ ਪਿੰਡ ਦੋ ਕੋਹਾਂ ਦੀ ਵਿੱਥ ਤੇ ਈ ਸਨ।

ਸੰਤ ਸਿੰਘ ਨੇ ਚਲਣ ਲਗਿਆਂ ਮਤਾਬ ਦੀਨ ਨੂੰ ਕਿਹਾ, "ਚੰਗਾ ਭਰਾਵਾ, ਜੇ ਅੰਨ-ਜਲ ਹੋਇਆ ਤਾਂ ਦੋਹਾਂ ਨੂੰ ਇਕੋ ਜਹਾਜ਼ ਦੀ ਟਿਕਟ ਮਿਲ ਜਾਊ ਤੇ ਕੱਠਿਆਂ ਈ ਸਮੁੰਦਰ ਦੀ ਮਜਲ ਕਟ ਕੇ ਪਿੰਡ ਪੁਜਾਂਗੇ। ਤੇ ਤੂੰ ਏਥੇ ਪੀਨਾਂਗ ਕਿਥੇ ਰਹੇਂਗਾ?"

"ਮੈਂ ਤੇ ਏਥੇ ਬਿਲਕੁਲ ਪ੍ਰਦੇਸੀ ਆਂ—ਕੋਈ ਭਾਈਬੰਦ ਵੀ ਨਹੀਂ, ਤੇ ਨਾ ਹੀ ਕਿਸੇ ਸਰਾਂ ਦਾ ਪਤਾ ਆ, ਪਰ ਏਡਾ ਚਿਰ ਕਿਥੇ ਰੁਕਣਾ ਪੈਣਾਂ? ਪਰਸੋਂ ਚੌਥੇ ਤਾਂ ਜਹਾਜ਼ ਜਾਣਾ। ਕਿਸੇ ਦੁਕਾਨ ਦੇ ਵਰਾਂਡੇ ਵਿਚ ਰਾਤ ਟਪਾ ਲਊਂ।"

"ਲੈ ਤੇ ਤੂੰ ਪਹਿਲਾਂ ਕਾਹਨੂੰ ਨਾ ਦਸਿਆ! ਅਸੀਂ ਗੁਰਦੁਆਰੇ ਰਹਿਣਾ ਏਂ। ਉਥੇ ਮੁਸਾਫ਼ਰਾਂ ਲਈ ਬੜਾ ਥਾਂ ਇਆ। ਸਗੋਂ ਤੂੰ ਵੀ ਓਥੇ ਈ ਚਲਿਆ ਚਲ।"

ਮਤਾਬ ਦੀਨ ਨੇ ਰਤਾ ਝਕਦਿਆਂ ਝਕਦਿਆਂ ਕਿਹਾ, "ਭਰਾਵਾ, ਤੇਨੂੰ ਕੋਈ ਔਖ ਨਾ ਹੋਊ?"

"ਲੈ ਗੁਰੂ ਕਾ ਘਰਿ ਆ, ਮੈਨੂੰ ਔਖਾ ਕਾਹਦਾ।" ਤੇ ਸੰਤ ਸਿੰਘ ਨੇ ਉਹਦਾ ਟਰੰਕ ਤੇ ਬਿਸਤਰਾ ਵੀ ਆਪਣੇ ਰਿਕਸ਼ੇ ਤੇ ਈ ਰਖਵਾ ਲਿਆ।

ਗੁਰਦਵਾਰੇ ਪੁੱਜ ਕੇ ਇਕੋ ਕੋਠੜੀ ਵਿਚ ਦੋਹਾਂ ਨੇ ਸਮਾਨ ਟਿਕਾ ਲਿਆ। ਵਿਹੜੇ ਵਿਚ ਇਕ ਦੇਸੀ ਬੋਹੜ ਲਗਿਆ ਹੋਇਆ ਸੀ। ਦੋਵੇਂ ਉਹਦੇ ਹੇਠਾਂ ਬਣੇ ਥੜੇ ਤੇ ਬਹਿ ਗਏ। ਕਿੰਨੇ ਹੀ ਮੁਸਾਫ਼ਰ ਓਥੇ ਠਹਿਰੇ ਹੋਏ ਸਨ। ਨੇੜੇ ਹੀ ਉਹਨਾਂ ਦੇ ਬੱਚੇ ਗੁੱਲੀ ਡੰਡਾ ਖੇਡ ਰਹੇ ਸਨ, ਇਕ ਪਾਸੇ ਕੁਝ ਗਭਰੂ ਹੀਰ ਗੌਂ ਰਹੇ ਸਨ। ਹੀਰ, ਗੁੱਲੀ ਡੰਡਾ, ਤੇ ਦੇਸ ਤੋਂ ਲਿਆ ਕੇ ਬੀਜੇ ਬੋਹੜ ਵਿਚ ਮਤਾਬ ਦੀਨ ਨੂੰ ਜਾਪ ਰਿਹਾ ਸੀ ਕਿ ਉਹ ਆਪਣੇ ਪਿੰਡ ਪੁਜ ਗਿਆ ਹੈ।

ਜਦੋਂ ਅਗਲਾ ਦਿਨ ਚੜ੍ਹਿਆ ਤਾਂ ਸਾਰੇ ਗੁਰਦਵਾਰੇ ਵਿਚ ਅਨੋਖੀ ਚਹਿਲ-ਪਹਿਲ ਸ਼ੁਰੂ ਹੋ ਗਈ। ਪਤਾ ਲਗਿਆ ਸੀ ਕਿ ਦੇਸ ਨੂੰ ਜਾਣ ਵਾਲਾ 'ਰਜੂਲਾ' ਜਹਾਜ਼ ਚਾਰ ਦਿਨ ਨੂੰ ਪੀਨਾਂਗ ਲੱਗੇਗਾ। ਏਥੇ ਠਹਿਰੇ ਮੁਸਾਫ਼ਰ ਤਾਂ ਜਹਾਜ਼ ਦੀ ਆਸ ਤੇ ਹੀ ਜੀਉਂਦੇ ਸਨ। ਕਈ ਆਪਣੇ ਕੰਮ ਸਮੇਟ ਕੇ, ਜੋ ਪੈਸੇ ਜਮ੍ਹਾਂ ਹੋਏ ਲੈਕੇ, ਏਥੇ ਦੋ ਦੋ ਮਹੀਨਿਆਂ



Sri Satguru Jagjit Singh Ji eLibrary NamdhariElibrary@gmail.com

ਤੋਂ ਜਹਾਜ਼ ਉਡੀਕ ਰਹੇ ਸਨ। ਕਦੇ ਕਦੇ ਇਹ ਆਸ ਬਿਲਕੁਲ ਖੁੱਸਣ ਲਗ ਪੈਂਦੀ ਸੀ। ਤੇ ਕਈ ਟੱਬਰ-ਟੀਰ੍ਹ ਵਾਲੇ, ਜਿਨ੍ਹਾਂ ਦੀ ਸੰਕੋਚ ਨਾਲ ਜੋੜੀ ਰਕਮ ਏਥੇ ਏਨੀ ਦੇਰ ਵਿਹਲੇ ਬੈਠਿਆਂ ਮੁੱਕਣ ਲਗ ਪੈਂਦੀ ਸੀ, ਨਿਰਾਸ ਹੋ ਕੇ, ਦੇਸ ਦਾ ਮੂੰਹ ਤੱਕਣ ਦੀ ਸੱਧਰ ਲਈ, ਮੁੜ ਏਸੇ ਪ੍ਰਦੇਸ ਵਿਚ ਹੀ ਉਹਨੀਂ ਥਾਂਈਂ ਚਲੇ ਜਾਂਦੇ ਸਨ, ਜਿਥੋਂ ਉਹ ਅਗੇ ਹੱਡ-ਭੰਨ ਮਿਹਨਤ ਕਰਦੇ ਆਏ ਸਨ: ਮਲਾਇਆ ਦੇ ਜੰਗਲਾਂ ਵਿਚ ਗੱਡੀਆਂ ਉਤੇ ਰਬੜ ਢੋਣ ਜਾਂ ਟੀਨ ਦੇ ਖੱਡੇ ਪੁਟਣ ਜਾਂ ਕਿਸੇ ਧਨੀ ਦੀ ਦੁਕਾਨ ਉਤੇ ਪਹਿਰਾ ਦੇਣ, ਪਰ ਅੱਜ ਸਭਨਾਂ ਦੇ ਮੂੰਹ ਆਸ ਨਾਲ ਚਮਕ ਰਹੇ ਸਨ। ਜਹਾਜ਼ਾਂ ਦੀ ਕੰਪਨੀ ਦਾ ਏਜੰਟ ਸਵੇਰੇ ਮੋਟਰ ਵਿਚ ਆਇਆ ਸੀ ਤੇ ਸਾਰਿਆਂ ਦੇ ਨਾਂ ਲਿਖ ਕੇ ਲੈ ਗਿਆ ਸੀ।

ਦੋ ਚਾਰ ਦਿਨ ਹਰ ਇਕ ਨੂੰ ਪੱਕੀ ਆਸ ਰਹੀ। ਕੁਝ ਬਜ਼ਾਰੋਂ ਜਹਾਜ਼ ਵਿਚ ਖਾਣ ਲਈ ਚੀਜ਼ਾਂ ਲੈ ਆਏ। ਬਹੁਤਿਆਂ ਨੇ ਆਪਣਾ ਆਪਣਾ ਸਾਮਾਨ ਬੰਨ੍ਹ ਲਿਆ। ਜ਼ਨਾਨੀਆਂ ਨੇ ਇਕ ਦੂਜੀ ਨਾਲ ਰਾਹ ਵਿਚ ਰੋਟੀ ਇਕੱਠੀ ਪਕਾਣ ਦੀਆਂ ਸਾਈਆਂ ਵੀ ਲਾ ਲਈਆਂ। ਮਤਾਬਦੀਨ ਤੇ ਸੰਤ ਸਿੰਘ ਨੇ ਵੀ ਇਕ ਚੁਲ੍ਹਾ ਖਰੀਦਿਆ ਤੇ ਰਲ ਕੇ ਰਸਦ ਪਾ ਲਈ।

ਪਰ ਜਦੋਂ ਰਜੂਲਾ ਜਹਾਜ਼ ਪੀਨਾਂਗੋਂ ਤੁਰਿਆ ਤਾਂ ਗੁਰਦਵਾਰੇ ਵਿਚ ਠਹਿਰੇ ਮੁਸਾਫ਼ਰਾਂ ਵਿਚੋਂ ਸਿਰਫ ਤਿੰਨ ਹੀ ਏਸ ਵਿਚ ਚੜ੍ਹ ਸਕੇ। ਇਹ ਤਿੰਨੇ ਸਿਆਮ ਵਿਚ ਕੱਪੜੇ ਦਾ ਵਪਾਰ ਕਰਦੇ ਸਨ, ਤੇ ਥੋੜ੍ਹੇ ਦਿਨ ਤੋਂ ਹੀ ਗੁਰਦਵਾਰੇ ਵਿਚ ਆਏ ਸਨ। ਇਨ੍ਹਾਂ ਤੀਣੇ ਮੁੱਲੋਂ ਬਲੈਕ ਵਿਚ ਟਿਕਟਾਂ ਖਰੀਦੀਆਂ ਸਨ।

ਸਾਰੇ ਗੁਰਦਵਾਰੇ ਵਿਚ ਉਦਾਸੀ ਜਿਹੀ ਛਾ ਗਈ। ਅਜ ਬੱਚੇ ਬੋਹੜ ਥੱਲੇ ਗੁੱਲੀ ਡੰਡਾ ਨਾ ਖੇਡੇ ਤੇ ਗਭਰੂਆਂ ਨੇ ਹੀਰ ਵੀ ਨਾ ਗੰਵੀਂ। ਸਿਰਫ ਥੜੇ ਤੇ ਬੈਠੇ ਲੋਕਾਂ ਵਿਚ ਇਕ ਬਿਰਧ ਗੱਲਾਂ ਕਰਦਾ ਰਿਹਾ, "ਭਾਈ, ਸਾਨੂੰ ਟਿਕਟ ਕਾਹਨੂੰ ਮਿਲਣੀ ਆਂ? ਟਿਕਟ ਤਾਂ ਉਹਨਾਂ ਮਲੂਕ ਮਲੂਕ ਸਰਦਾਰਾਂ ਨੂੰ ਮਿਲਦੀ ਆ, ਜਿਹੜੇ ਸਾਰਾ ਦਿਨ ਗੁਰਦੁਆਰੇ ਦੀ ਕੋਠੜੀ ਵਿਚ ਪਏ ਰਹਿੰਦੇ ਆ, ਜਿੱਦਾਂ ਉਹਨਾਂ ਦੇ ਢਿੱਡ 'ਚ ਮਲ੍ਹਪ ਹੋਣ, ਤੇ ਪਿਛੋਂ ਤੀਣੇ ਪੈਸੇ ਤਾਰ ਦੇਂਦੇ ਆ। ਅਸੀਂ ਤਾਂ ਦੋ ਮਹੀਨਿਆਂ ਤੋਂ ਇਹੀ ਲੀਲ੍ਹਾ ਵੇਖਦੇ ਆਏ ਆਂ!"

ਮਤਾਬ ਦੀਨ ਤੇ ਸੰਤ ਸਿੰਘ ਰੋਜ਼ ਸਵੇਰੇ ਗੁਰਦਵਾਰੇ ਦੇ ਲੰਗਰ ਲੱਕੜਾਂ ਪਾੜਦੇ ਤੇ ਨਲਕੇ ਤੋਂ ਪਾਣੀ ਭਰ ਕੇ ਲਿਆਂਦੇ। ਜਦੋਂ ਰੋਟੀਆਂ ਪਕਾਣ ਦੀ ਸੇਵਾ ਲਈ ਲਾਂਗਰੀ ਨੇ ਹੋਰਨਾਂ ਨੂੰ ਬੁਲਾਣਾ ਹੁੰਦਾ, ਤਾਂ ਵੀ ਕਦੇ ਮਤਾਬ ਤੇ ਕਦੇ ਸੰਤ ਸਿੰਘ ਹੋਰਨਾਂ ਨੂੰ ਬੁਲਾਣ ਜਾਂਦੇ। ਮਤਾਬ ਆਪ ਸਿਰ ਤੇ ਨਿਤ ਰੁਮਾਲ ਬੰਨ੍ਹੀ ਰੱਖਦਾ ਤੇ ਹੋਰ ਕਿਸੇ ਨੂੰ ਨੰਗੇ ਸਿਰ ਲੰਗਰ ਵਿਚ ਨਾ ਜਾਣ ਦੇਂਦਾ। ਲੰਗਰ ਵਰਤਾਣ ਵੇਲੇ ਵੀ ਦੋਵੇਂ ਸੇਵਾ ਕਰਦੇ ਤੇ ਆਪੀਂ ਅਖੀਰ ਤੇ ਖਾਂਦੇ।

ਬਚ ਗਈ ਇਕ ਅੱਧ ਰੋਟੀ ਸ਼ਾਮੀਂ ਮਤਾਬ ਭੋਰ ਭੋਰ ਕੇ ਕਬੂਤਰਾਂ ਨੂੰ ਪਾ ਦੇਂਦਾ। ਗੁਰਦੁਆਰੇ ਦੇ ਵਿਹੜੇ ਵਿਚ ਬੜੇ ਕਬੂਤਰ ਇਕੱਠੇ ਹੋ ਜਾਂਦੇ। ਇਕ ਦਿਨ ਕਬੂਤਰਾਂ ਨੂੰ ਭੋਰ-ਚੋਰ ਪਾਂਦਿਆਂ ਉਹਨੇ ਸੁਣਿਆ, ਇਕ ਮਾਈ ਗੁਰਦੁਆਰੇ ਦੇ ਭਾਈ ਨੂੰ ਉਹਦੇ ਬਾਰੇ ਆਖ ਰਹੀ ਸੀ, "ਇਹ ਮੌਲਵੀ ਕਿੱਡਾ ਚੰਗਾ ਏ।"

ਭਾਈ ਨੇ ਅੱਗੋਂ ਕਿਹਾ, "ਅੱਲ੍ਹਾ ਲੋਕ ਏ।"

ਮਹੀਨਾ ਇੰਝ ਏਥੇ ਬੈਠਿਆਂ ਮਤਾਬ ਤੇ ਸੰਤ ਸਿੰਘ ਨੂੰ ਹੋ ਗਿਆ ਸੀ। ਨਵੇਂ ਆਣ ਵਾਲੇ ਜਹਾਜ਼ ਦੀ ਕੋਈ ਉੱਘ-ਸੁੱਘ ਨਹੀਂ ਸੀ। ਦੋਵੇਂ ਸੰਤ ਸਿੰਘ ਦੇ ਟੱਬਰ ਸਣੇ ਰੋਟੀ ਤਾਂ ਲੰਗਰੋਂ ਖਾ ਲੈਂਦੇ ਸਨ, ਪਰ ਸੁੱਕਾ ਅੰਨ ਮੂੰਹ ਨੂੰ ਆਣ ਆਣ ਕਰਦਾ ਸੀ, ਸੋ, ਘੁੱਟ ਦੁਧ ਤੇ ਚੂੰਢੀ ਚੀਨੀ ਲੈ ਕੇ ਕਦੇ ਚਾਹ ਬਣਾ ਲੈਂਦੇ, ਕਦੇ ਟੁਕੜਾ ਟੁਕੜਾ ਡਬਲ ਰੋਟੀ ਖਾ ਲੈਂਦੇ, ਕਦੇ ਥੋੜ੍ਹੀ ਜਿੰਨੀ ਮਠਿਆਈ ਨਾਲ ਬਾਲੜੀ ਨੂੰ ਪਰਚਾ ਲੈਂਦੇ। ਕੁਝ ਪੈਸੇ ਅੱਗੇ ਜਹਾਜ਼ ਲਈ ਰਸਦ ਖਰੀਦਣ ਤੇ ਲਗ ਗਏ ਸਨ। ਏਸ ਤਰ੍ਹਾਂ ਦੋਹਾਂ ਨੇ ਜਿਹੜੀ ਭਾੜੇ ਲਈ ਰਕਮ ਬੰਨ੍ਹ ਕੇ ਰਖੀ ਸੀ, ਉਹ ਵੀ ਮੁੱਕਣ ਲਗ ਪਈ।

ਬੜਾ ਫ਼ਿਕਰ ਲਗ ਗਿਆ, ਜੇ ਪੈਸੇ ਬੁੜ ਗਏ ਤਾਂ ਦੇਸ ਦਾ ਮੂੰਹ ਵੇਖਣ ਦੀ ਥਾਂ ਕਿਧਰੇ ਮਤਾਬ ਨੂੰ ਟੀਨ ਦੇ ਖੱਡੇ ਪੁਟਣ ਤੇ ਸੰਤ ਸਿੰਘ ਨੂੰ ਗੋਰੇ ਦੇ ਗੁਦਾਮ ਤੇ ਪਹਿਰਾ ਦੇਣ ਨਾ ਜਾਣਾ ਪਏ? ਮੁੜ ਪਿਛਾਂਹ ਪਰਤਣ ਤੇ ਕਿੰਨੇ ਪੈਸੇ ਹੋਰ ਫ਼ਜ਼ੂਲ ਖਰਚ ਹੋ ਜਾਣਗੇ, ਤੇ ਪਤਾ ਨਹੀਂ ਗੋਰੇ ਨੇ ਉਹਦੀ ਥਾਂ ਕੋਈ ਰਖ ਲਿਆ ਹੋਵੇ ਤੇ ਟੀਨ ਦੇ ਖੱਡੇ ਉਤੇ ਵੀ ਮਜਦੂਰ ਬਹੁਤੇ ਆ ਗਏ ਹੋਣ!

ਸੰਤ ਸਿੰਘ ਨਾਲੋਂ ਮਤਾਬ ਵਧੇਰੇ ਚਿੰਤਾ ਵਿਚ ਸੀ। ਸਵੇਰੇ ਹੀ ਉਹਦੇ ਭਰਾ ਦਾ ਖ਼ਤ ਉਹਨੂੰ ਮਿਲਿਆ ਸੀ ਕਿ



Sri Satguru Jagjit Singh Ji eLibrary NamdhariElibrary@gmail.com

ਉਹ ਚਿੱਠੀ ਵੇਖਦਿਆਂ ਸਾਰ ਦੇਸ ਆ ਜਾਏ, ਉਹਨਾਂ ਦੀ ਬੁੱਢੀ ਮਾਈ ਉਹਦਾ ਰਾਹ ਤੱਕਦੀ ਮਰ ਗਈ ਹੈ। ਅਚਨਚੇਤ ਮਤਾਬ ਨੂੰ ਖਿਆਲ ਆਇਆ, ਵੱਡੇ ਭਰਾ ਨਾਲੋਂ ਮਾਈ ਉਹਨੂੰ ਛੋਟੇ ਹੁੰਦਿਆਂ ਤੋਂ ਹੀ ਵਧ ਪਿਆਰ ਕਰਦੀ ਹੁੰਦੀ ਸੀ। ਜਦੋਂ ਉਹ ਏਸ ਟਾਪੂ ਤੇ ਆਣ ਲਈ ਘਰੋਂ ਟੁਰਿਆ ਸੀ, ਓਦੋਂ ਹੀ ਮਾਈ ਦੀ ਹਾਲਤ ਬੜੀ ਮਾੜੀ ਹੋ ਚੁਕੀ ਸੀ। ਸਾਰੇ ਸਰੀਰ ਵਿਚ ਪੀੜਾਂ ਛਿੜੀਆਂ ਰਹਿੰਦੀਆਂ ਸਨ। ਅੱਖਾਂ ਦੀ ਜੋਤ ਤਕਰੀਬਨ ਮੁਕ ਚੁਕੀ ਸੀ ਤੇ ਵਿਛੜਨ ਵੇਲੇ ਜਿਵੇਂ ਉਹਦੀ ਮਾਂ ਨੇ ਉਹਨੂੰ ਘੁਟ ਕੇ ਆਪਣੇ ਸੁੱਕੇ ਝੁਰੜੇ ਸਰੀਰ ਨਾਲ ਲਾਇਆ ਸੀ, ਜਿਵੇਂ ਮਾਈ ਦੇ ਸਰੀਰ ਦਾ ਕਾਂਬਾ ਉਹਦੇ ਸਰੀਰ ਵਿਚ ਛਿੜ ਪਿਆ ਸੀ, ਅੰਨ੍ਹੀਆਂ ਗਿੱਲੀਆਂ ਅੱਖਾਂ ਦੀ ਗਿੱਲ ਜਿਵੇਂ ਉਹਦੀਆਂ ਗੱਲ੍ਹਾਂ ਤੇ ਆ ਗਈ ਸੀ, ਇਹ ਸਭ ਏਨੇ ਸਾਲਾਂ ਬਾਅਦ ਵੀ ਉਹਨੂੰ ਓਵੇਂ ਦਾ ਓਵੇਂ ਮਹਿਸੂਸ ਹੋ ਰਿਹਾ ਸੀ। ਤੇ ਅਜ ਫੇਰ ਉਹਦੇ ਕੰਨ ਮਾਈ ਦੇ ਬੋੜੇ ਬੋਲ ਸੁਣ ਰਹੇ ਸਨ, "ਮੇਰੀਆਂ ਆਂਦਰਾਂ ਦਾ ਟੋਟਾ ਲਹਿ ਕੇ ਸਮੁੰਦਰਾਂ ਦੇ ਪਾਰ ਜਾ ਰਿਹੈ!"

ਪਰ ਮਤਾਬ ਨੂੰ ਓਦੋਂ ਆਣਾ ਹੀ ਸੀ, ਸਮੁੰਦਰ ਚੀਰ ਕੇ, ਭਾਵੇਂ ਉਹ ਆਣਾ ਨਹੀਂ ਸੀ ਚਾਹੁੰਦਾ। ਉਹਨਾਂ ਦੇ ਘਰ ਦਾ ਝਟ ਨਹੀਂ ਸੀ ਟੱਪਦਾ ਪਿਆ, ਕੁਝ ਤੇ ਉਹ ਪਹਿਲਾਂ ਈ ਮਰੇੜੇ ਸਨ, ਪਿਓ ਵੇਲੇ ਈ ਕੁਝ ਜ਼ਮੀਨ ਗਹਿਣੇ ਪੈ ਗਈ ਸੀ, ਤੇ ਜਿਸ ਰਹਿੰਦੀ ਖੂੰਹਦੀ ਦਾ ਆਸਰਾ ਸੀ, ਉਹਨੂੰ ਦਰਿਆ ਨੇ ਵਰਾਨ ਕਰ ਦਿਤਾ ਸੀ। ਵੱਡੇ ਭਰਾ ਨੂੰ ਮਤਾਬ ਨੂੰ ਮਲਾਇਆ ਜਾਣੋਂ ਇਹ ਕਹਿ ਕੇ ਰੋਕ ਦਿਤਾ:

"ਤੇਰਾ ਪਿੱਛੇ ਕੋਈ ਨਹੀਂ। ਆਂਹਦੇ ਆ ਮਲਾਇਆ ਦੀ ਧਰਤੀ ਬੜੀ ਨਿਰਦਈ ਆ, ਘਟ ਈ ਕੋਈ ਪਰਤਦਾ। ਮੈਂ ਚਲਾ ਜਾਵਾਂ, ਮੇਰੀਆਂ ਤੇ ਪਿਛੇ ਕਿੰਨੀਆਂ ਈ ਤੰਦਾਂ, ਵਹੁਟੀ ਆ, ਧੀ ਆ। ਗਹਿਣੇ ਪਈ ਜ਼ਮੀਨ ਛੁਡਾਣ ਜੋਗੀ ਰਕਮ ਕਮਾਂਦਿਆਂ ਸਾਰ ਹੀ ਪਰਤ ਆਊਂ।"

ਜਦੋਂ ਉਹ ਮਲਾਇਆ ਪੁੱਜਿਆ ਸੀ, ਤਾਂ ਉਹਦਾ ਖ਼ਿਆਲ ਸੀ ਕਿ ਘੁਟੋ ਵੱਟੀ ਰਹਿ ਕੇ ਤੇ ਲਹੂ ਪਾਣੀ ਇਕ ਕਰਕੇ ਅੱਠ ਨੌਂ ਮਹੀਨਿਆਂ ਵਿਚ ਉਹ ਏਨੀ ਕੁ ਰਕਮ ਪਿਛਾਂਹ ਘੱਲ ਲਏਗਾ, ਪਰ ਏਥੇ ਪੁਜਦਿਆਂ ਈ ਠੂਹ ਠਾਹ ਸ਼ੁਰੂ ਹੋ ਗਈ ਤੇ ਜਪਾਨੀਆਂ ਨੇ ਦਿਨਾਂ ਵਿਚ ਹੀ ਸਾਰੇ ਮਲਾਇਆ ਦਾ ਰਾਜ ਸੰਭਾਲ ਲਿਆ। ਭਬਤ੍ਰਿਆ ਮਤਾਬ ਬੜੇ ਦਿਨ ਠੂਹ ਠਾਹ ਵਿਚ ਆਪਣਾ ਸਿਰ ਲੁਕਾਂਦਾ ਰਿਹਾ, ਪਰ ਅਖ਼ੀਰ ਇਕ ਦਿਨ ਇਕ ਜਪਾਨੀ ਸਿਪਾਹੀ ਨੇ 'ਖੁਰੇ ਖੁਰੇ' ਕਰਕੇ ਉਹਨੂੰ ਫੜ ਲਿਆ ਤੇ ਕਿਤੇ ਰੇਲ ਦੀ ਪਟੜੀ ਬਣਾਨ ਤੇ ਵਗਾਰੀ ਲਾ ਦਿਤਾ।

ਰੱਬ ਰੱਬ ਕਰਕੇ ਜਪਾਨੀਆਂ ਦਾ ਕਾਲਾ ਨਰਕ ਲੰਘਿਆ ਤੇ ਮਤਾਬ ਤਿੰਨ ਡਾਲੇ ਦਿਹਾੜੀ ਤੇ ਟੀਨ ਦੇ ਖੱਡੇ ਪੁਟਣ ਤੇ ਹੋ ਗਿਆ। ਸ਼ਾਮੀਂ ਉਹ ਇਕ ਮਾਲ ਡੰਗਰ ਵਾਲੇ ਲਈ ਪੱਤੇ ਵਢ ਦੇਂਦਾ, ਤੇ ਇਹਦੇ ਬਦਲੇ ਉਹਨੂੰ ਕੁਝ ਦੁੱਧ ਮਿਲ ਜਾਂਦਾ। ਦੁਧ ਬੜਾ ਮਹਿੰਗਾ ਸੀ, ਸੋ ਮਤਾਬ ਇਹ ਵੇਚ ਕੇ ਵੀ ਕੁਝ ਪੈਸੇ ਕਮਾ ਲੈਂਦਾ। ਜਪਾਨੀਆਂ ਦੇ ਵੇਲੇ ਤੇ ਉਹਦੇ ਪਿਛੋਂ ਦੀ ਹੱਡ ਭੰਨਵੀਂ ਮਿਹਨਤ ਨੇ ਓਹਨੂੰ ਪੰਜਾਂ ਵਰ੍ਹਿਆਂ ਵਿਚ ਹੀ ਬੁਢਿਆਂ ਕਰ ਦਿਤਾ ਸੀ। ਉਹ ਦੀਆਂ ਗੱਲ੍ਹਾਂ ਵਿਚ ਟੋਏ ਪੈ ਗਏ ਸਨ ਤੇ ਅੱਖਾਂ ਥਲੇ ਕਾਲੀਆਂ ਝੁਰੜੀਆਂ ਆ ਗਈਆਂ ਸਨ। ਪਹਿਲਾਂ ਤਾਂ ਜਾਪਦਾ ਸੀ ਨਿਰੀ ਪੇਟ ਚਟਾਈ ਹੀ ਹੁੰਦੀ ਜਾਏਗੀ, ਪਰ ਅਖ਼ੀਰ ਉਹਨੇ ਕਰਜ਼ ਲਾਹ ਹੀ ਲਿਆ।

ਸੰਤ ਸਿੰਘ ਨੂੰ ਬੜੇ ਮਾਣ ਨਾਲ ਉਹਨੇ ਦਸਿਆ ਸੀ, "ਰੱਬ ਨੇ ਭਲਾ ਕੀਤਾ, ਮੈਂ ਗਹਿਣੇ ਪਈ ਜ਼ਮੀਨ ਛੁਡਾ ਲਈ ਆ ਤੇ ਸੁਣਿਆਂ ਵਰਾਨ ਜ਼ਮੀਨ ਵੀ ਹੁਣ ਵਾਹਵਾ ਹੋ ਗਈ ਆ—ਦਰਿਆ ਹਟ ਗਿਆ ਆ। ਜਾ ਕੇ ਦੋ ਦੇਗਾਂ ਚੌਲਾਂ ਦੀਆਂ ਬਰਾਦਰੀ ਨੂੰ ਖੁਆ ਦਊਂ। .....ਕਹਿੰਦੇ ਆ ਦੇਸ ਚੌਲਾਂ ਨੂੰ ਅੱਗ ਲੱਗੀ ਹੋਈ ਆ, ਪਰ ਇਹ ਸੱਧਰ ਜ਼ਰੂਰ ਲਾਹਣੀ ਆ।"

ਮਤਾਬ ਹੁਣ ਕਿਸੇ ਤਰ੍ਹਾਂ ਵੀ ਦੇਸ ਅਪੜਨਾ ਚਾਂਹਦਾ ਸੀ, ਸਮੁੰਦਰੋਂ ਚੀਰ ਕੇ, ਪਰ ਉਹਨੂੰ ਏਥੇ ਰੁਕਣਾ ਪੈ ਰਿਹਾ ਸੀ, ਕਿਉਂਕਿ ਉਹ ਤੀਣੇ ਮੁਲੋਂ ਟਿਕਟ ਨਹੀਂ ਸੀ ਖ਼ਰੀਦ ਸਕਦਾ। ਉਹਦੀ ਆਸ ਹੁਣ ਖੁਸਦੀ ਜਾਂਦੀ ਸੀ। ਦੋ ਦੇਗਾਂ ਚੌਲਾਂ ਲਈ ਪੈਸੇ ਤਾਂ ਇਕ ਬੰਨੇ, ਜਹਾਜ਼ ਤੇ ਗੱਡੀ ਦੇ ਭਾੜੇ ਦੀ ਰਕਮ ਵੀ ਖੁਰਨ ਲਗ ਗਈ ਸੀ।

ਇਕ ਦਿਨ ਸੰਤ ਸਿੰਘ ਬਜ਼ਾਰੋਂ ਜੇਬ ਕਟਾ ਆਇਆ, ਵੀਹ ਕੁ ਡਾਲੇ ਇੰਜ ਮੁੱਕ ਗਏ। ਦੋਹਾਂ ਨੂੰ ਜਾਪਿਆ ਜਿਵੇਂ ਉਹਨਾਂ ਦਾ ਲੱਕ ਟੁਟ ਗਿਆ ਹੋਵੇ।

ਦੋਹਾਂ ਨੇ ਰਿਕਸ਼ਾ ਗਡੀਆਂ ਕਰਾਏ ਤੇ ਲੈ ਕੇ ਵਾਹਣੀਆਂ ਸ਼ੁਰੂ ਕਰ ਦਿਤੀਆਂ। ਪੰਜ ਪੰਜ ਡਾਲੇ ਕਰਾਏ ਤੇ ਰੋਜ਼ ਦੇਣੇ ਪੈਂਦੇ ਸਨ। ਜੋ ਬਚ ਜਾਂਦਾ, ਉਹ ਦੋਵੇਂ ਜੋੜ ਕੇ ਰਖ ਲੈਂਦੇ। ਦੋਹਾਂ ਲਈ ਇਹ ਕੰਮ ਨਵਾਂ ਸੀ, ਤੇ ਨਾਲੇ



Sri Satguru Jagjit Singh Ji eLibrary NamdhariElibrary@gmail.com

ਲੰਗਰੋਂ ਸੁੱਕਾ ਅੰਨ ਖਾ ਕੇ ਇਹ ਕੰਮ ਹੋਰ ਵੀ ਔਖਾ ਹੋ ਜਾਂਦਾ ਸੀ, ਪਰ ਏਸ ਤੌਖਲੇ ਵਿਚ ਕਿ ਕਿਤੇ ਠੀਕ ਭਾ ਤੇ ਮਿਲਦੀ ਟਿਕਟ ਖ਼ਰੀਦਣ ਜੋਗੇ ਪੈਸੇ ਵੀ ਉਹਨਾਂ ਕੋਲ ਨਾ ਬਚਣ, ਉਹਨਾਂ ਕੁਝ ਵੀ ਆਪਣੇ ਖਾਣ ਪੀਣ ਤੇ ਨਾ ਖ਼ਰਚਿਆ।

ਜਦੋਂ ਰਿਕਸ਼ਾ ਖੜੀ ਕਰਕੇ ਉਹ ਕਿਧਰੇ ਆਪਣਾ ਮੁੜ੍ਹਕਾ ਪੂੰਝ ਰਹੇ ਹੁੰਦੇ ਤੇ ਕੋਲੋਂ ਕੋਈ ਖਾਣ ਵਾਲੀ ਚੀਜ਼ ਵੇਚਦਾ ਲੰਘਦਾ ਤਾਂ ਉਹ ਤਕਦੇ ਰਹਿੰਦੇ, ਭੁੱਖ ਉਹਨਾਂ ਦੀਆਂ ਆਂਦਰਾਂ ਵਲੂੰਧਰਦੀ ਤੇ ਉਹ ਤਕਦੇ ਰਹਿੰਦੇ।

ਕਦੇ ਸੰਤ ਸਿੰਘ ਕਹਿੰਦਾ, "ਦੇਸ ਦੇ ਆਟੇ ਦੀ ਕੀ ਰੀਸ ਆ! ਨਿਰੀ ਰੋਟੀ ਈ ਨਹੀਂ ਮਾਣ। ਏਨੇ ਸਾਲਾਂ ਤੋਂ ਨਰੋਈ ਘੋਨੀ ਕਣਕ ਸੁਪਨੇ ਵਿਚ ਵੀ ਨਹੀਂ ਚੱਖੀ—ਇਹ ਅਸਟਰੇਲੀਆ ਦੀ ਖੇਹ ਈ ਖਾਂਦੇ ਰਹੇ ਆਂ।"

ਕਦੇ ਕੋਲੋਂ ਅਮਰੀਕਾ ਤੋਂ ਆਏ ਮਾਲਟਿਆਂ ਨਾਲ ਲੱਦੀਆਂ ਰੇੜ੍ਹੀਆਂ ਲੰਘਦੀਆਂ। ਮਤਾਬ ਆਖਦਾ, "ਦੇਸ ਦੇ ਅੰਬਾਂ ਵਰਗਾ ਸਾਰੇ ਜਹਾਨ ਤੇ ਕੋਈ ਮੇਵਾ ਨਹੀਂ।"

ਕੁਝ ਪਲਾਂ ਲਈ ਰਿਕਸ਼ਾ ਅਲੋਪ ਹੋ ਜਾਂਦੀ। ਉਹ ਅੰਬਾਂ ਦੇ ਬਾਗ ਵਿਚ ਸਨ—ਕੋਇਲਾਂ ਕੂਕ ਰਹੀਆਂ ਸਨ, ਚੁਲ੍ਹੇ ਕੋਲ ਬੈਠਿਆਂ ਨੂੰ ਮਾਂ ਘੋਨੀ ਕਣਕ ਦੀ ਰੋਟੀ ਵਿਚ ਚੋਂਘੇ ਪਾ ਕੇ ਦੇ ਰਹੀ ਸੀ।

"ਰਿਕਸ਼ਾ......ਏ ਰਿਕਸ਼ਾ...ਦੋ ਸਵਾਰੀਆਂ, ਸਮਾਨ ਵੀ ਹੈ।"

ਤੇ ਰਿਕਸ਼ਾ ਫੇਰ ਉਲਰ ਪੈਂਦੀ, ਮੋਟਰਾਂ, ਟਰਾਮਾਂ, ਬੱਸਾਂ ਦੀ ਭੀੜ ਚੀਰਦੇ ਉਹ ਦਗੜ-ਦਗੜ ਕਰਨ ਲਗ ਪੈਂਦੇ।

ਦੇਸ ਤੋਂ ਆਏ ਜਹਾਜ਼ ਵਿਚੋਂ ਸਵਾਰੀਆਂ ਉਤਰ ਰਹੀਆਂ ਸਨ। ਦੋ ਆਦਮੀਆਂ ਤੇ ਇਕ ਬੱਚੇ ਨੂੰ ਆਪਣੀ ਰਿਕਸ਼ਾ ਵਿਚ ਮਤਾਬ ਨੇ ਬਹਾਇਆ। ਮਤਾਬ ਨੇ ਸੁਣਿਆ, ਸੁਹਣਾ ਜਿਹਾ ਬੱਚਾ ਆਖ ਰਿਹਾ ਸੀ:

"ਬਾਪੂ, ਏਥੇ ਮੁਸਲਮਾਨ ਤਾਂ ਨਹੀਂ ਹੋਣੇ! ਉਹਨਾਂ ਮੇਰੇ ਵਰਗੇ ਬੱਚਿਆਂ ਨੂੰ ਵੀ ਨਹੀਂ ਛਡਿਆ"—ਤੇ ਬੱਚਾ ਅਚਾਨਕ ਰੋਣ ਲਗ ਪਿਆ ਸੀ।

ਸੰਤ ਸਿੰਘ ਦੀ ਰਿਕਸ਼ਾ ਵਿਚ ਬਹਿਣੋਂ ਜਹਾਜ਼ੋਂ ਉਤਰੀਆਂ ਦੋ ਮੁਸਲਮਾਨ ਸਵਾਰੀਆਂ ਨੇ ਨਾਂਹ ਕਰ ਦਿਤੀ। ਉਹ ਹਾਲੀ ਬਹੁਤੀ ਦੂਰ ਨਹੀਂ ਸੀ ਗਿਆ ਕਿ ਉਹਨੇ ਉਹਨਾਂ ਵਿਚੋਂ ਇਕ ਨੂੰ ਗੱਲ ਕਰਦਿਆਂ ਸੁਣਿਆਂ, "ਸਿੱਖ ਜਾਂ ਹਿੰਦੂ ਨੂੰ ਪੈਸੇ ਖਟਾਣਾ ਹਰਾਮ ਏ...ਇਹਨਾਂ ਕਲਕੱਤੇ ਵਿਚ ਹਜ਼ਾਰਾਂ ਸਾਡੇ ਭਰਾ ਮਾਰੇ ਨੇ।" ਤੇ ਉਹ ਦੋਵੇਂ ਇਕ ਚੀਨੇ ਦੀ ਰਿਕਸ਼ਾ ਉਤੇ ਬਹਿ ਗਏ ਸਨ।

ਰਾਤ ਨੂੰ ਸੰਤ ਸਿੰਘ ਤੇ ਮਤਾਬ ਦਿਨੇ ਸੁਣੀਆਂ ਆਪਸ ਵਿਚ ਗੱਲਾਂ ਕਰ ਰਹੇ ਸਨ ਕਿ ਏਨੇ ਨੂੰ ਕੋਲੋਂ ਦੋ ਸਿੱਖ ਲੰਘੇ। ਇਹ ਅਜ ਹੀ ਜ਼ਹਾਜ਼ ਤੋਂ ਉਤਰਕੇ ਗੁਰਦਵਾਰੇ ਆਏ ਸਨ। ਇਹਨਾਂ ਸੰਤ ਸਿੰਘ ਨੂੰ ਆਪਣੇ ਕੋਲ ਬੁਲਾਇਆ, ਤੇ ਉਹਦੇ ਨਾਲ ਗੱਲਾਂ ਕਰਦੇ ਰਹੇ। ਸੰਤ ਸਿੰਘ ਜਦੋਂ ਫੇਰ ਮਤਾਬ ਕੋਲ ਆਇਆ ਤਾਂ ਉਹਦਾ ਮੂੰਹ ਬੜਾ ਉਤਰਿਆ ਹੋਇਆ ਸੀ।

ਮਤਾਬ ਨੇ ਪੁਛਿਆ, "ਕੀ ਆਖਦੇ ਸੀ ਉਹ?"

"ਨਹੀਂ, ਕੁਝ ਨਹੀਂ ਐਵੇਂ......।"

"ਕੋਈ ਸੁਰ-ਪਤਾ ਦੱਸੇਂ ਵੀ?"

ਸੰਤ ਸਿੰਘ ਨੇ ਮਤਾਬ ਦਾ ਹੱਥ ਘੁਟ ਕੇ ਫੜ ਲਿਆ ਤੇ ਉਹਦੀਆਂ ਅੱਖਾਂ ਵਿਚ ਨਜ਼ਰਾਂ ਗੱਡ ਕੇ ਕਿਹਾ, "ਕਹਿੰਦੇ ਸੀ ਤੂੰ ਮੁਸਲਮਾਨ ਆਂ!"

ਮਤਾਬ ਨੇ ਹੈਰਾਨ ਹੋ ਕੇ ਕਿਹਾ, "ਤੇ ਫੇਰ ਕੀ?... ਇਹ ਕੋਈ ਨਵੀਂ ਗੱਲ ਆ!"

ਕਹਿੰਦੇ ਸੀ, "ਮੁਸਲਮਾਨ ਸੱਪ ਆ ਸੱਪ! ਲੱਖ ਦੁਧ ਪਿਆਓ, ਡੰਗ ਈ ਮਾਰੂ।"

ਮਤਾਬ ਪੱਥਰ ਵਾਂਗ ਅਡੋਲ ਹੋਇਆ ਮੂੰਹ ਨੀਵਾਂ ਪਾਈ ਬੈਠਾ ਰਿਹਾ।

ਸੰਤ ਸਿੰਘ ਉਹਦੇ ਹੋਰ ਨੇੜੇ ਢੁੱਕ ਗਿਆ, "ਕਮਲਿਆ! ਇਹ ਉਹਨਾਂ ਦੀਆਂ ਗੱਲਾਂ ਸਨ, ਤੂੰ ਪੁਛਿਆ ਤੇ ਮੈਂ ਦੱਸੀਆਂ। ਮੇਰੇ ਮਨ ਤਾਂ ਇਹ ਉੱਕਾ ਨਹੀਂ ਲਗਦੀਆਂ। ਇਹ ਐਵੇਂ ਹਲਕ ਕੁੱਦਿਆ ਲੋਕਾਂ ਨੂੰ, ਫਿਟਣੀਆਂ ਦੇ ਫਟ ਤਾਂ ਗੋਰੇ ਆ, ਗੋਰੇ।"

ਅਛੋਪਲੇ ਈ ਸੰਤ ਸਿੰਘ ਦੀ ਧੀ ਬਚਨੋ ਮਤਾਬ ਦੀ ਝੋਲੀ ਵਿਚ ਆਣ ਬੈਠੀ, "ਚਾਚਾ, ਅਜ ਕਬੂਤਰਾਂ ਨੂੰ ਟੁੱਕਰ ਨਹੀਂ ਪਾਣਾ?...ਵਿਚਾਰੇ ਕਦ ਦੇ ਉਡੀਕਦੇ ਆ।"

ਮਤਾਬ ਨੇ ਬਚਨੋ ਨੂੰ ਘੁਟ ਕੇ ਗਲੇ ਨਾਲ ਲਾ ਲਿਆ।

"ਚਾਚਾ, ਤੂੰ ਰੋਂਦਾ ਪਿਆ ਏਂ, ਤੇਰੀਆਂ ਅੱਖਾਂ ਗਿੱਲੀਆਂ ਨੇ!"

"ਕਬੂਤਰੀਏ...ਮੈਂ ਕਾਹਨੂੰ ਰੋਣਾਂ" ਆਖ ਮਤਾਬ ਨੇ ਉਹਨੂੰ ਹੋਰ ਘੁਟ ਲਿਆ। ਬਚਨੋ ਨੇ ਆਪਣੀਆਂ ਬਾਲੜੀਆਂ ਬਾਹਵਾਂ ਉਹਦੇ ਗਲ ਦੁਆਲੇ ਵਲ ਲਈਆਂ।



Sri Satguru Jagjit Singh Ji eLibrary NamdhariElibrary@gmail.com

ਸੰਤ ਸਿੰਘ ਦੀ ਤੱਕਣੀ ਵਿਚ ਇਕ ਮੋਹ ਭਰਿਆ ਨਿੱਘ ਘੁਲਿਆ ਹੋਇਆ ਸੀ।

* * *

ਅਖੀਰ ਪੂਰੇ ਦੋ ਮਹੀਨਿਆਂ ਮਗਰੋਂ ਮਤਾਬ ਤੇ ਸੰਤ ਸਿੰਘ ਦੇ ਟੱਬਰ ਨੂੰ ਜਹਾਜ਼ ਦੀਆਂ ਟਿਕਟਾਂ ਮਿਲ ਗਈਆਂ। ਐਤਕੀਂ ਗੁਰਦਵਾਰੇ ਵਿਚ ਠਹਿਰਿਆਂ ਸਭਨਾਂ ਨੂੰ ਈ ਟਿਕਟਾਂ ਮਿਲ ਗਈਆਂ ਸਨ। ਪਰਸੋਂ ਨੂੰ ਜਹਾਜ਼ ਤੁਰ ਰਿਹਾ ਸੀ।

ਦੋਵੇਂ ਰਿਕਸ਼ਾ ਮੋੜ ਕੇ, ਜਿੰਨੇ ਪੈਸੇ ਉਹਨਾਂ ਅੱਜ ਤਕ ਜੋੜੇ ਸਨ ਗਿਣਨ ਲੱਗੇ। ਹਿਸਾਬ ਲਾ ਕੇ ਉਹਨਾਂ ਨੂੰ ਬੜੀ ਖੁਸ਼ੀ ਹੋਈ, ਕਿਉਂਕਿ ਲੋੜੀਂਦੇ ਖਰਚ ਤੋਂ ਵਧ ਵੀ ਉਹਨਾਂ ਕੋਲ ਕੁਝ ਬਚਦਾ ਸੀ। ਬਚਨੋ ਨੂੰ ਲੈ ਕੇ ਦੋਵੇਂ ਬਜ਼ਾਰ ਚਲੇ ਗਏ। ਸੰਤ ਸਿੰਘ ਨੇ ਬਚਨੋ ਲਈ ਬੜੀ ਸੁਹਣੀ ਰਬੜ ਦੀ ਜੁੱਤੀ ਖਰੀਦੀ ਤੇ ਆਪਣੀ ਵਹੁਟੀ ਦੀ ਸੁੱਥਣ ਲਈ ਇਕ ਚੀਨੀ ਰੇਸ਼ਮ ਦਾ ਟੋਟਾ। ਮਤਾਬ ਨੇ ਵੀ ਆਪਣੀ ਵਹੁਟੀ ਲਈ ਅਜਿਹਾ ਈ ਟੋਟਾ ਖਰੀਦ ਲਿਆ। ਆਪਣੀ ਧੀ ਤਾਜੋ ਲਈ ਉਹਨੇ ਬਚਨੋ ਦੇ ਮਾਪ ਦੀ ਰਬੜ ਦੀ ਜੁੱਤੀ ਖਰੀਦ ਲਈ, ਦੋਵੇਂ ਹਾਣ ਦੀਆਂ ਸਨ।

ਸਮੁੰਦਰ ਅੱਜ ਬੜਾ ਤੂਫ਼ਾਨੀ ਹੋਇਆ ਹੋਇਆ ਸੀ। ਜਹਾਜ਼ ਵਿਚ ਡੈੱਕ ਦੇ ਮੁਸਾਫ਼ਰ ਤਾਂ ਬਹੁਤ ਹੀ ਤਕਲੀਫ਼ ਵਿਚ ਸਨ। ਜਹਾਜ਼ ਨੇ ਦੂਜੇ ਦਿਨ ਤੋਂ ਹੀ ਬੜਾ ਡੋਲਣਾ ਸ਼ੁਰੂ ਕਰ ਦਿਤਾ। ਸਮੁੰਦਰ ਵਿਚ ਏਡੀ ਏਡੀ ਛੱਲ ਉੱਠਦੀ ਕਿ ਜਹਾਜ਼ ਤੋਂ ਆਰ-ਪਾਰ ਲੰਘ ਜਾਂਦੀ।

ਤੀਜੇ ਦਿਨ ਬਚਨੋ ਨੂੰ ਉਲਟੀਆਂ ਆਣੀਆਂ ਸ਼ੁਰੂ ਹੋ ਗਈਆਂ। ਸੰਤ ਸਿੰਘ ਤੇ ਉਹਦੀ ਵਹੁਟੀ ਦਾ ਜੀਅ ਦੂਜੇ ਦਿਨ ਤੋਂ ਹੀ ਬਹੁਤ ਕੱਚਾ ਹੋਣ ਲਗ ਪਿਆ। ਸਿਰਫ ਮਤਾਬ ਨੇ ਈ ਸੁਰਤ ਸੰਭਾਲੀ ਰੱਖੀ ਸੀ ਤੇ ਉਹੀ ਬਚਨੋ ਨੂੰ ਕੁੱਛੜ ਲਈ ਬੈਠਾ ਰਹਿੰਦਾ, ਛੱਲਾਂ ਦੀ ਮਾਰ ਤੋਂ ਬਚਾਂਦਾ ਤੇ ਜਦੋਂ ਉਲਟੀ ਕਰਦੀ ਤਾਂ ਉਹਨੂੰ ਕੁਰਲੀ ਕਰਾ ਕੇ ਉਹਦਾ ਮੂੰਹ ਧੋਂਦਾ।

ਕੁੱਛੜ ਵਿਚ ਬੇਸੁਰਤ ਲੇਟੀ ਬਚਨੋ ਉਹਨੂੰ ਕਈ ਵਾਰ ਤਾਜੋ ਜਾਪਣ ਲੱਗ ਪੈਂਦੀ। 'ਕਬੂਤਰੀ'—ਉਹ ਆਪਣੀ ਨਿੱਕੀ ਜਿਹੀ ਤਾਜੋ ਨੂੰ ਲਾਡ ਨਾਲ ਕਹਿੰਦਾ ਹੁੰਦਾ ਸੀ ਤੇ ਹੁਣ ਤੇ ਉਹ ਵੀ ਸੁਖ ਨਾਲ ਬਚਨੋ ਜਿਡੀ ਹੋ ਗਈ ਹੋਵੇਗੀ। ਜਦੋਂ ਉਹ ਦੇਸੋਂ ਆਇਆ ਸੀ, ਉਦੋਂ ਦੀ ਤੇ ਉਹਨੂੰ ਕੋਈ ਸੰਭਾਲ ਨਹੀਂ ਹੋਣ ਲਗੀ! ਹੁਣ ਜਦੋਂ ਉਹ ਉਹਦੇ ਛਿੱਕੇ ਗੋਰੇ ਪੈਰਾਂ ਵਿਚ—ਉਹਦਾ ਰੰਗ ਆਪਣੀ ਮਾਂ ਤੇ ਸੀ—ਰਬੜ ਦੀਆਂ ਜੁੱਤੀਆਂ ਪੁਆਏਗਾ, ਤਾਂ ਉਹ ਮਾਣ ਨਾਲ ਸਾਰੇ ਪਿੰਡ ਦੇ ਨਿਆਣਿਆਂ ਨੂੰ ਤਕਾਂਦੀ ਫਿਰੇਗੀ। ਪਰ ਉਹ ਉਹਨੂੰ ਪਛਾਣਨ ਤੇ ਨਹੀਂ ਲੱਗੀ: ਸ਼ਰਮਾ ਕੇ ਆਪਣੀ ਮਾਂ ਨਾਲ ਜਾ ਲੱਗੇਗੀ, ਤੇ ਉਹਦੀ ਮਾਂ ਉਹਨੂੰ ਦਸੇਗੀ, "ਤਾਜੀਏ, ਤੇਰਾ ਅੱਬਾ ਈ!" ਤੇ ਉਹਦੀ ਮਾਂ ਚੀਨੀ ਰੇਸ਼ਮ ਦੀ ਸੁੱਥਣ ਪਾ ਕੇ ਕਿੰਨੀ ਖ਼ੁਸ਼ ਹੋਏਗੀ! ਕਿੱਡੀ ਕੂਲੀ ਸੁੱਥਣ! ਜਦੋਂ ਉਹ ਆਇਆ ਸੀ ਤਾਂ ਉਹਨੇ ਅੱਥਰੂਆਂ ਵਿਚੋਂ ਤਕਦਿਆਂ ਉਹਨੂੰ ਕਿਹਾ ਸੀ, "ਵੇਖਣਾ ਕਿਤੇ ਓਥੋਂ ਦੇ ਹੀ ਨਾ ਹੋ ਜਾਣਾ। ਤੁਹਾਨੂੰ ਮੇਰੀ ਕਸਮ, ਤਾਜੋ ਦੀ ਕਸਮ।" ਤੇ ਹੁਣ ਉਹ ਉਹਦੇ ਕੋਲ ਜਾ ਰਿਹਾ ਸੀ ਤੇ ਉਹ ਉਹਦੀ ਕਸਮ ਤੇ ਪੱਕਾ ਰਿਹਾ ਸੀ। ਉਹ ਤੇ ਪਹਿਲੀਆਂ ਵਾਂਗ ਹਾਲੀ ਮੁਟਿਆਰ ਈ ਹੋਏਗੀ, ਉਹਦੀਆਂ ਅੱਖਾਂ ਵਿਚ ਸੁਰਮਾਂ ਓਨਾ ਈ ਕਾਲਾ ਹੋਏਗਾ ਤੇ ਪਿੰਡਾ ਓਨਾ ਈ ਗੋਰਾ! ਅਚੇਤ ਹੀ ਉਹਨੇ ਆਪਣੇ ਝੁਰੜੇ ਮੂੰਹ ਤੇ ਉਂਗਲਾਂ ਫੇਰੀਆ, ਅਣਮੁੰਨੀ ਦਾੜ੍ਹੀ ਰੜਕੀ, ਅੱਖਾਂ ਥੱਲੇ ਕਾਲਖ਼ ਦੀਆਂ ਛਾਈਆਂ ਕੁਝ ਗਰਮ ਜਹੀਆਂ ਹੋ ਗਈਆਂ......।

ਇਕ ਬੜੀ ਵੱਡੀ ਛੱਲ ਸਮੁੰਦਰ ਵਿਚੋਂ ਉਠ ਕੇ ਸਾਰੇ ਡੈੱਕ ਵਿਚ ਖਿਲਰ ਗਈ ਸੀ।

* * *

ਤੂਫ਼ਾਨਾਂ ਕਰਕੇ ਜਹਾਜ਼ ਦੋ ਦਿਨ ਪਛੜ ਕੇ ਕਲਕੱਤੇ ਲਗਿਆ। ਏਥੇ ਫ਼ਸਾਦਾਂ ਦਾ ਜ਼ੋਰ ਸੀ। ਸੰਤ ਸਿੰਘ, ਉਹਦਾ ਟੱਬਰ ਤੇ ਮਤਾਬ ਰਾਤ ਨੂੰ ਈ ਗੱਡੀ ਚੜ੍ਹ ਗਏ।

ਗੱਡੀ ਵਿਚ ਵੀ ਸਫ਼ਰ ਜਹਾਜ਼ ਜਿੰਨਾ ਹੈ ਔਖਾ ਸੀ, ਪੰਧ ਵੀ ਓਨਾ ਈ ਸੀ, ਪਰ ਹੁਣ ਉਹਨਾਂ ਨੂੰ ਕੋਈ ਏਡਾ ਤੌਖ਼ਲਾ ਨਹੀਂ ਸੀ—ਉਹ ਆਪਣੇ ਦੇਸ ਦੀ ਧਰਤੀ ਤੇ ਜੂ ਸਨ। ਰਾਹ ਵਿਚ ਉਹਨਾਂ ਕੁਝ ਅੰਬ ਖ਼ਰੀਦੇ। ਕੁਝ ਉਹਨਾਂ ਖਾ ਲਏ ਤੇ ਕੁਝ ਆਪੋ ਆਪਣੀ ਘਰੀਂ ਸੁਗਾਤ ਵਜੋਂ ਲਿਜਾਣ ਲਈ ਬੰਨ੍ਹ ਲਏ।

ਬਚਨੋ ਮਲਾਇਆ ਵਿਚ ਹੀ ਜੰਮੀ ਸੀ ਤੇ ਪਹਿਲੀ ਵਾਰ ਦੇਸ ਆਈ ਸੀ। ਉਹਨੇ ਅਜ ਅੰਬ ਪਹਿਲੀ ਵਾਰ ਚਖਿਆ ਸੀ, ਉਹਨੂੰ ਇਹ ਬੜਾ ਹੀ ਸੁਆਦ ਲਗਿਆ। ਉਹਨੇ ਮਤਾਬ ਨੂੰ ਕਿਹਾ, "ਚਾਚਾ, ਸਾਡਾ ਦੇਸ ਬੜਾ ਈ ਚੰਗਾ ਏ, ਓਨਾ ਈ ਓ ਚੰਗਾ ਜਿੰਨਾ ਤੂੰ ਕਹਿੰਦਾ ਸੀ।"

ਮਤਾਬ ਨੇ ਉਹਨੂੰ ਚੁੰਮ ਲਿਆ। ਉਹਦੇ ਮੂੰਹ ਵਿਚੋਂ



Sri Satguru Jagjit Singh Ji eLibrary NamdhariElibrary@gmail.com

ਅੰਬ ਦੀ ਵਾਸ਼ਨਾ ਆ ਰਹੀ ਸੀ। ਮਤਾਬ ਨੂੰ ਇਹ ਸੋਚ ਕੇ ਅਜੀਬ ਸੁਖ ਹੋਇਆ ਕਿ ਤਾਜੋ ਨੂੰ ਵੀ ਇਹ ਏਨਾ ਈ ਚੰਗਾ ਲੱਗੇਗਾ ਤੇ ਉਹਦੀ ਮਾਂ ਨੂੰ ਵੀ ਤੇ ਉਹਨਾਂ ਦੇ ਮੂੰਹਾਂ ਵਿਚੋਂ ਵੀ ਇੰਜ ਵਾਸ਼ਨਾ ਆਏਗੀ......।

ਅਖ਼ੀਰ ਗੱਡੀ ਏਡਾ ਪੈਂਡਾ ਚੀਰਕੇ ਉਸ ਸਟੇਸ਼ਨ ਤੇ ਪੁੱਜ ਗਈ ਜਿਥੇ ਮਤਾਬ ਤੇ ਸੰਤ ਸਿੰਘ ਨੇ ਉਤਰਨਾ ਸੀ। ਸਟੇਸ਼ਨ ਤੇ ਅਜੀਬ ਘੁਟੀ ਘੁਟੀ ਫ਼ਜ਼ਾ ਸੀ। ਸਿਖ ਤੇ ਹਿੰਦੂ ਸਵਾਰੀਆਂ ਦੀਆਂ ਟੋਲੀਆਂ ਵੱਖ ਬੈਠੀਆਂ ਹੋਈਆਂ ਸਨ, ਮੁਸਲਮਾਨ ਸਵਾਰੀਆਂ ਦੀਆਂ ਵੱਖ। ਬੜੇ ਪੁਲਸੀਏ ਏਧਰ ਓਧਰ ਫਿਰ ਰਹੇ ਸਨ। ਮਤਾਬ ਤੇ ਸੰਤ ਸਿੰਘ ਨੇ ਅੱਗੇ ਕਦੇ ਸਟੇਸ਼ਨ ਤੇ ਏਨੀ ਪੁਲਸ ਨਹੀਂ ਸੀ ਵੇਖੀ ਤੇ ਉਹਨਾਂ ਤੱਕਿਆ ਕਿ ਭੀਖ ਮੰਗਦੇ ਫ਼ਕੀਰ ਮੰਗਣ ਤੋਂ ਪਹਿਲਾਂ ਟੀਰੀ ਅੱਖ ਨਾਲ ਜਾਚ ਲੈਂਦੇ ਸਨ ਕਿ ਉਹ ਗ਼ੈਰ-ਮਜ਼ਹਬ ਵਾਲੇ ਕੋਲੋਂ ਤਾਂ ਨਹੀਂ ਸਨ ਮੰਗ ਰਹੇ।

ਸਟੇਸ਼ਨੋਂ ਬਾਹਰ ਨਿਕਲ ਕੇ ਸੰਤ ਸਿੰਘ ਨੇ ਇਕ ਟਾਂਗੇ ਵਾਲੇ ਨੂੰ ਬੁਲਾਇਆ। ਇਕ ਸਿਖ ਟਾਂਗੇ ਵਾਲਾ ਆ ਗਿਆ।

"ਭਈ, ਮੋਟਰਾਂ ਦੇ ਅੱਡੇ ਤੇ ਚੱਲਣਾਂ। ਤਿੰਨ ਸਵਾਰੀਆਂ ਤੇ ਇਕ ਬਾਲ ਉ। ਕੀ ਲਵੇਂਗਾ?"

ਟਾਂਗੇ ਵਾਲੇ ਨੇ ਮਤਾਬ ਵਲ ਇਸ਼ਾਰਾ ਕਰਕੇ ਪੁਛਿਆ, "ਇਹ ਮੁਲਮਾਨ ਆ?"

"ਹਾਂ" ਹੈਰਾਨੇ ਸੰਤ ਸਿੰਘ ਨੇ ਹੁੰਗਾਰਾ ਭਰਿਆ।

"ਇਹਨੂੰ ਇਸ ਟਾਂਗੇ ਵਿਚ ਨਾ ਬਿਠਾਓ। ਜਿਧਰੋਂ ਮੈਂ ਜਾਣਾ ਏਂ, ਉਧਰੋਂ ਇਹਦੇ ਲਈ ਚੰਗਾ ਨਹੀਂ। ਤੁਸੀਂ ਜੰਮ ਜੰਮ ਚੱਲੋ।"

ਏਨੇ ਨੂੰ ਇਕ ਮੁਸਲਮਾਨ ਟਾਂਗੇ ਵਾਲਾ ਵੀ ਮਤਾਬ ਦੀਨ ਕੋਲ ਆ ਗਿਆ।

"ਮੋਟਰਾਂ ਦੇ ਅੱਡੇ ਜਾਣਾ ਜੇ? ਤੁਸੀਂ ਮੇਰੇ ਨਾਲ ਬਹਿ ਜਾਓ। ਸਰਦਾਰ ਦੇ ਟਾਂਗੇ ਨੇ ਜਿਧਰੋਂ ਲੰਘਣਾ ਏ ਓਧਰ ਬਹੁਤੇ ਹਿੰਦੂ ਰਹਿੰਦੇ ਨੇ। ਮੈਂ ਮੁਸਲਮਾਨ ਮਹੱਲੇ ਵਿਚੋਂ ਲੰਘਾ ਲਜਾਊਂ। ਭਾਵੇਂ ਇੰਜ ਵਲਾ ਤਾਂ ਪਊ—ਪਰ ਬਚਾ ਏਸੇ ਵਿਚ ਆ।"

ਮਜਬੂਰੀ ਦੋਵੇਂ ਵਖ ਵਖ ਟਾਂਗਿਆਂ ਵਿਚ ਬਹਿ ਗਏ।

ਬਚਨੋ ਆਪਣੇ ਟਾਂਗੇ ਵਿਚ ਰੋਣ ਲਗ ਪਈ, "ਚਾਚਾ, ਤੂੰ ਕਿੱਥੇ ਚਲਿਐਂ? ਤੂੰ ਤੇ ਕਹਿੰਦਾ ਸੀ, ਤੂੰ ਮੈਨੂੰ ਤਾਜੋ ਕੋਲ ਲੈ ਚੱਲੇਂਗਾ ਤੇ ਤਾਜੋ ਤੇ ਮੈਂ ਪੱਕੀਆਂ ਸਹੇਲੀਆਂ ਬਣ ਜਾਵਾਂਗੀਆਂ।"

ਸਿੱਖ ਟਾਂਗੇ ਵਾਲੇ ਨੇ ਘੋੜੇ ਨੂੰ ਚਾਬਕ ਮਾਰੀ! ਟਾਂਗਾ ਤੁਰ ਪਿਆ। ਬਚਨੋ ਹਾਲੀ ਵੀ ਮਤਾਬ ਚਾਚੇ ਨੂੰ ਬੁਲਾ ਰਹੀ ਸੀ।

ਭਾਵੇਂ ਮਤਾਬ ਦੇ ਟਾਂਗੇ ਨੂੰ ਬੜਾ ਵਲਾ ਪਾ ਕੇ ਵੀ ਆਉਣਾ ਪਿਆ ਸੀ, ਪਰ ਉਹ ਸੰਤ ਸਿੰਘ ਦੇ ਟਾਂਗੇ ਨਾਲੋਂ ਪਹਿਲਾਂ ਅੱਗੇ ਤੇ ਲਾਰੀ ਵਿਚ ਉਹਨਾ ਲਈ ਥਾਂ ਰਖਵਾ ਕੇ ਏਧਰ ਓਧਰ ਫਿਰਨ ਲਗ ਪਿਆ। ਸਾਹਮਣੇ ਹੀ ਇਕ ਆਟੇ ਦਾਣੇ ਦੀ ਦੁਕਾਨ ਸੀ। ਮਤਾਬ ਨੇ ਸੋਚਿਆ ਦੋ ਦੇਗਾਂ ਚੋਲਾਂ ਦੀਆਂ ਜੂ ਖੁਆਣੀਆਂ ਨੇ, ਭਾਅ ਹੀ ਪੁਛ ਲਵਾਂ, ਪਰ ਦੁਕਾਨਦਾਰ ਨੇ ਉਹਦੇ ਨਾਲ ਗੱਲ ਵੀ ਨਾ ਕੀਤੀ, ਸਿਰਫ਼ ਸਿਰ ਹਿਲਾ ਕੇ ਦਸ ਦਿਤਾ ਕਿ ਚੋਲ ਹੈ ਨਹੀਂ।

ਮਤਾਬ ਫੇਰ ਲਾਰੀ ਵਿਚ ਆ ਬੈਠਾ। ਹੁਣ ਤਾਜੋ ਤੇ ਉਹਦੀ ਮਾਂ ਸਮੁੰਦਰਾਂ ਦੀ ਵਿਥ ਤੇ ਨਹੀਂ ਸਨ। ਉਹਦਾ ਕਰਜ਼ਾ ਲਹਿ ਚੁਕਿਆ ਸੀ। ਹੁਣ ਪਿੰਡ ਵਿਚ ਉਹ ਅਗੇ ਨਾਲੋਂ ਬਹੁਤ ਸੁਖੀ ਹੋਣਗੇ। ਦਰਿਆ ਵੀ ਉਹਨਾਂ ਦੀ ਜ਼ਮੀਨ ਤੋਂ ਲੱਥ ਗਿਆ ਸੀ, ਜ਼ਮੀਨ ਵਾਹਵਾ ਹੋ ਗਈ ਹੋਊ, ਤੇ ਨਾਲੇ ਲੋਕੀ ਆਖਦੇ ਸਨ, ਹੁਣ ਆਜ਼ਾਦੀ ਮਿਲਣ ਵਾਲੀ ਆ, ਫਰੰਗੀਆਂ ਨੇ ਮਹੀਨੇ ਡੂਢ ਨੂੰ ਤੁਰ ਜਾਣਾ......।

ਕਾਫੀ ਦੇਰ ਹੋ ਗਈ ਸੀ, ਪਰ ਸੰਤ ਸਿੰਘ ਦਾ ਤਾਂਗਾ ਹਾਲੀ ਵੀ ਕਿਧਰੇ ਦਿਖਾਈ ਨਹੀਂ ਸੀ ਦੇ ਰਿਹਾ। ਲਾਰੀ ਵਾਲੇ ਨੇ ਦਸਿਆ ਕਿ ਉਹਨੇ ਘੰਟੇ ਨੂੰ ਚੱਲਣਾ ਹੈ। ਮਤਾਬ ਨੇ ਸੋਚਿਆ, ਕਾਫੀ ਵਕਤ ਹੈ, ਰਤਾ ਅਗੇਰੇ ਹੋ ਕੇ ਵੱਡੀ ਸੜਕ ਤਕ ਵੇਖ ਆਵਾਂ!

ਅਗਲੀ ਸੜਕ ਤੇ ਜਾ ਕੇ ਦੂਰ ਮੋੜ ਕੋਲੋਂ ਉਹਨੂੰ ਪਹਿਲਾਂ ਇਕ ਜ਼ੋਰ ਦੇ ਧਮਾਕੇ ਦੀ ਵਾਜ ਆਈ। ਫੇਰ ਓਥੇ ਉਹਨੂੰ ਇਕ ਟਾਂਗਾ ਡਿਗਿਆ ਪਿਆ ਦਿਸਿਆ। ਸੜਕ ਖਾਲੀ ਸੀ। ਉਹ ਓਧਰ ਨੂੰ ਤੇਜ਼ ਤੇਜ਼ ਤੁਰ ਪਿਆ। ਉਹਦਾ ਦਿਲ ਡਰ ਨਾਲ ਜੰਮ ਗਿਆ ਸੀ।

ਕੋਲ ਪੁੱਜ ਕੇ ਉਹਨੇ ਤੱਕਿਆ, ਸੰਤ ਸਿੰਘ ਤੇ ਉਹਦੀ ਵਹੁਟੀ ਦੀਆਂ ਲਾਸ਼ਾਂ ਭੇਡੀ ਤਰ੍ਹਾਂ ਕੱਟੀਆਂ ਵੱਢੀਆਂ ਪਈਆਂ ਸਨ। ਸੰਤ ਸਿੰਘ ਦੀਆ ਲੱਤਾਂ ਕੁਝ ਵਿੱਥ ਤੇ ਜਾ ਡਿਗੀਆਂ ਸਨ। ਬਚਨੋ ਦੀ ਮਾਂ ਦੀ ਛਾਤੀ ਵਿਚ ਇਕ ਲੋਹੇ ਦਾ ਟੁਕੜਾ ਧਸਿਆ ਹੋਇਆ ਸੀ, ਲਹੂ ਦੀ ਛਪੜੀ ਉਹਦੇ



Sri Satguru Jagjit Singh Ji eLibrary NamdhariElibrary@gmail.com

ਦੁਆਲੇ ਲਗੀ ਹੋਈ ਸੀ ਤੇ ਉਹਦੀਆਂ ਬਾਹਵਾਂ ਇਕ ਪਾਸੇ ਨੂੰ ਟੱਡੀਆਂ। ਏਸ ਪਾਸੇ ਕੁਝ ਦੂਰ ਬਚਨੋ ਬੇਸੁਧ ਪਈ ਸੀ। ਉਹਦੀਆਂ ਬਾਹਵਾਂ ਤੇ ਮੱਥੇ ਤੋਂ ਲਹੂ ਸਿੰਮ ਰਿਹਾ ਸੀ। ਮਤਾਬ ਨੇ ਝੱਟਪਤ ਡਡਿਆ ਕੇ ਬਚਨੋ ਨੂੰ ਚੁਕ ਲਿਆ, ਉਹਦਾ ਪਿੰਡਾ ਹਾਲੀ ਨਿਘਾ ਸੀ ਤੇ ਉਹਨੂੰ ਸਾਹ ਆ ਰਿਹਾ ਸੀ।

ਮਤਾਬ ਬੇਹੋਸ਼ ਬਚਨੋ ਨੂੰ ਲੈ ਕੇ ਤੇਜ਼ੀ ਨਾਲ ਅੱਗੇ ਵਲ ਤੁਰ ਪਿਆ। ਮਾਂ ਪਿਓ ਮਹਿੱਟਰ ਬਚਨੋ ਉਤੇ ਮਤਾਬ ਦੇ ਅੱਥਰੂ ਫਰਨ ਫਰਨ ਡੁਲ੍ਹ ਰਹੇ ਸਨ। ਇਹ ਪਹਿਲੀ ਵਾਰ ਆਪਣੇ ਦੇਸ ਆਈ ਸੀ। ਮਤਾਬ ਨੇ ਸੋਚਿਆ ਤੇ ਕਿਵੇਂ ਸੰਤ ਸਿੰਘ ਤੇ ਉਹ ਦੇਸ ਆਉਣ ਦੀ ਤਾਂਘ ਵਿਚ ਇਕੱਠ ਰਿਕਸ਼ਾ ਚਲਾਂਦੇ ਰਹੇ ਸਨ, ਕਿਵੇਂ ਸੰਤ ਸਿੰਘ ਦੇਸ ਦੀ ਘੋਨੀ ਕਣਕ ਦੀ ਰੋਟੀ ਲਈ ਸਹਿਕਦਾ ਹੁੰਦਾ ਸੀ! ਬਚਨੋ ਦੀ ਮਾਂ ਨੇ ਹਾਲੀ ਉਹ ਰੇਸ਼ਮੀ ਸੁੱਥਣ ਸੁਆਣੀ ਸੀ? ਕਿਵੇਂ ਚਿਰਾਂ ਵਿਛੁੰਨੇ ਦੇਸ ਦੀ ਹਰ ਸ਼ੈ ਬੜੇ ਚਾਅ ਨਾਲ ਉਹ ਆਪਣੀਆਂ ਅੱਖਾਂ ਵਿਚ ਰਚ ਲੈਣਾ ਚਾਹੁੰਦੇ ਸਨ। ਹੁਣੇ ਈ ਉਹ ਦੋਵੇਂ ਜਿਊਂਦੇ ਸਨ, ਜ਼ਿੰਦਗੀ ਦੀਆਂ ਨਿਕੀਆਂ ਵੱਡੀਆਂ ਆਸਾਂ ਨਾਲ ਧੜਕਦੇ ਤੇ ਹੁਣ ਸਿਰਫ ਬਚਨੋ ਏਸ ਸਭ ਕਾਸੇ ਦੀ ਕਬਰ ਤੇ ਇਕੋ ਇਕ ਜ਼ਿੰਦਗੀ ਦੀ ਚਿਣਗ ਬਾਕੀ ਰਹਿ ਗਈ ਸੀ.....ਉਹ ਇਹਨੂੰ ਕਦੇ ਬੁਝਣ ਨਹੀਂ ਦਏਗਾ, ਕਦੇ ਵੀ ਨਹੀਂ......

"ਬਚਨੋ...ਮਤਾਬ ਤੈਨੂੰ ਪਾਲੂ, ਆਪਣੀ ਤਾਜੋ ਵਾਂਗ। ਤੁਸੀਂ ਪੱਕੀਆਂ ਸਹੇਲੀਆਂ ਨਹੀਂ, ਭੈਣਾਂ ਬਣੋਂਗੀਆਂ", ਮਤਾਬ ਉਚੀ ਉਚੀ ਬੇਹੋਸ਼ ਬਚਨੋ ਨੂੰ ਸਣਾ ਰਿਹਾ ਸੀ।

ਸ਼ੈਦ ਬਚਨੋ ਨੇ ਸੁਣ ਲਿਆ, ਉਹਨੇ ਅੱਖਾਂ ਫਰਕੀਆਂ, "ਚਾਚਾ...ਤੂੰ..."।

ਅਚਾਨਕ ਪਿਛੋਂ ਮਤਾਬ ਦੇ ਕਿਸੇ ਛੁਰਾ ਮਾਰ ਦਿਤਾ। ਬੇਸੁਰਤ ਬਚਨੋ ਉਹਦੀਆਂ ਬਾਹਵਾਂ ਵਿਚੋਂ ਡਿਗ ਪਈ।

"ਏਸ ਛੋਟੇ ਸੱਪ ਨੂੰ ਵੀ ਝਟਕਾ ਛੱਡ", ਮਤਾਬ ਦੇ ਮਰਦੇ ਕੰਨਾਂ ਸੁਣਿਆਂ—ਤੇ ਫੇਰ ਇਕ ਬਾਲੜੀ ਚੀਕ।

ਮਤਾਬ ਨੇ ਅੰਤਾਂ ਦੀ ਪੀੜ ਜਰ ਕੇ ਵੀ ਬਚਨੋ ਵਲ ਆਪਣੀਆਂ ਬਾਹਵਾਂ ਵਧਾਉਣ ਦਾ ਯਤਨ ਕੀਤਾ, ਪਰ ਇਹ ਉਹਦੀ ਵਿਤੋਂ ਵਧ ਸੀ, "ਬਚਨੋ......ਤਾਜੋ......" ਤੇ ਉਹਦੀਆਂ ਬਾਹਵਾਂ ਓਸ ਪਾਸੇ ਵਲ ਡਿਗ ਪਈਆਂ।

ਕਰਫੀਊ ਦਾ ਸਾਇਰਨ ਚੀਕ ਰਿਹਾ ਸੀ, ਉਸ ਪਿੰਡ ਦੇ ਕੁੱਤਿਆਂ ਵਾਂਗ ਜਿਦੋ, ਉਤੇ ਮੌਤ ਆਣ ਵਾਲੀ ਹੋਵੇ। ਸੜਕ ਉਤੇ ਗੋਰਾ ਫੌਜ ਦੇ ਸਿਵਾ ਕੋਈ ਨਹੀਂ ਸੀ।

("ਦੇਸ਼ ਵਾਪਸੀ" ਵਿਚੋਂ)

## ਗ਼ਜ਼ਲ / ਸੁਵਰਨ ਸਿੰਘ ਵਿਰਕ

ਜੋ ਚੜ੍ਹੇ ਸੀ ਨਜ਼ਰ 'ਚ ਲਹਿਣੇ ਹੀ ਸਨ।
ਜਗਦੇ ਬੁਝਦੇ ਜੀਵ ਟਟਿਹਣੇ ਹੀ ਸਨ।

ਰੋਕਿਆ ਮੈਨੂੰ ਬੜਾ ਦਾਨਸ਼ਵਰਾਂ,
ਕਿੱਸੇ ਗ਼ਮ ਦੇ ਮੈਂ ਕਿਤੇ ਕਹਿਣੇ ਹੀ ਸਨ।

ਹੋ ਗਿਆ ਮਿੱਤਰ ਜਦੋਂ ਮੌਕਾਪ੍ਰਸਤ,
ਉਲਟੇ ਰੁਖ ਦਰਿਆ ਫਿਰ ਵਹਿਣੇ ਹੀ ਸਨ।

ਨਾ ਤਬੀਬਾਂ ਨਾਲ ਜਿਹਨਾਂ ਦੀ ਬਣੀ,
ਉਮਰ ਭਰ ਸਦਮੇ ਉਨ੍ਹਾਂ ਸਹਿਣੇ ਹੀ ਸਨ।

ਰੱਸਾਗੀਰਾਂ ਨੂੰ ਨਾ ਰਹਿਬਰ ਮੰਨਦੇ,
ਲੋਕ ਫਿਰ ਵੀ ਪਿੰਡ 'ਚ ਰਹਿਣੇ ਹੀ ਸਨ।

ਤੇਰੀ ਅਗੁਵਾਈ ਦਾ ਚਾਅ ਵੀ ਲਹਿ ਗਿਆ,
ਇਹ ਮੁਸਾਫ਼ਿਰ ਅਉਝੜੇ ਪੈਣੇ ਹੀ ਸਨ।

ਢੂੰਡਦੇ ਇਕ ਅੱਧ ਜੋ ਸਾਬਤ ਚਿਹਰਾ,
ਧੁੰਦ ਨੇ ਇਹ ਨਕਸ਼ ਪੀ ਲੈਣੇ ਹੀ ਸਨ।

ਕੌਣ ਲਾਵੇਗਾ ਉਹਨਾਂ ਨੂੰ ਉਂਗਲੀ,
ਰਸਤਿਆਂ ਵਿਚ ਜੋ ਵਿਛੇ ਰਹਿਣੇ ਹੀ ਸਨ।

ਹੈ ਭੁਲੇਖੇ ਦੀ ਉਮਰ ਲੰਮੀ ਬੜੀ,
ਤਦੇ ਤਾਂ ਦੁੱਖ ਜਿੰਦੜੀ ਸਹਿਣੇ ਹੀ ਸਨ।

ਜੋ ਖਿਆਲਾਂ 'ਚ ਰਹੀ ਆਵਾਰਗੀ,
ਫਿਤਨਿਆਂ ਦੀ ਜੂਨ ਉਹ ਪੈਣੇ ਹੀ ਸਨ।

ਕਰੀਵਾਲਾ (ਸਿਰਸਾ)—੧੨੫੦੭੫



Sri Satguru Jagjit Singh Ji eLibrary NamdhariElibrary@gmail.com

# ਅੱਜ ਦੀ ਰਾਤ

**—ਜਗਦੀਸ਼ ਸਿੰਘ**

ਰਾਤੋ ਰਾਤ ਫਿਜ਼ਾ ਬਦਲ ਗਈ ਸੀ। ਕਲ ਮੈਂ ਬਹੁਤ ਖੁਸ਼ ਸਾਂ। ਬਚਪਣ ਵਿਚ ਸਭ ਤੋਂ ਵੱਧ ਖੁਸ਼ੀ ਹੁੰਦੀ ਸੀ ਬਚਿਆਂ ਵਿਚ ਰਹਿ ਕੇ, ਉਹਨਾਂ ਨਾਲ ਖੇਡ ਕੇ। ਇਕ ਵਾਰ ਮੈਂ ਕਿਹਾ ਸੀ ਮੇਰਾ ਜੀ ਕਰਦੈ ਕਿ ਸਾਡਾ ਸਾਰਾ ਕਮਰਾ ਬਚਿਆਂ ਨਾਲ ਭਰਿਆ ਹੋਵੇ। ਕਲ ਹੀ ਸਾਡੇ ਘਰ ਇਕ ਨਿਕੀ ਜਿਹੀ ਭੈਣ ਦਾ ਜਨਮ ਹੋਇਆ ਸੀ। ਇਸ ਮਲੂਕੜੀ ਜਿਹੀ ਤੇ ਬਹੁਤ ਸੋਹਣੀ ਮੁੰਨੀ ਨੂੰ ਵੇਖ ਕੇ ਬਹੁਤ ਖੁਸ਼ੀ ਹੋਈ ਸੀ। ਮਾਤਾ ਜੀ ਬਾਰੇ ਦਸਿਆ ਗਿਆ ਕਿ ਉਹ ਬੀਮਾਰ ਹਨ। ਸਾਨੂੰ ਬਚਿਆਂ ਨੂੰ ਏਸ ਗਿਆਨ ਨੇ ਹੈਰਾਨ ਕੀਤਾ ਹੋਇਆ ਸੀ ਕਿ ਜਦੋਂ ਕੋਈ ਨਵਾਂ ਬੱਚਾ ਰੱਬ ਧਰਤੀ ਤੇ ਭੇਜਦਾ ਸੀ ਤਾਂ ਮਾਵਾਂ ਕਿਉਂ ਬੀਮਾਰ ਹੋ ਜਾਂਦੀਆਂ ਸਨ। ਮਾਤਾ ਬੀਮਾਰ ਵੀ ਸੀ ਤੇ ਠੀਕ ਠਾਕ ਵੀ। ਸਾਨੂੰ ਖਾਣ ਨੂੰ ਵਧੀਆ ਮਾਲ ਵੀ ਮਾਤਾ ਤੋਂ ਮਿਲਦਾ ਸੀ। ਸਾਰਾ ਦਿਨ ਨਵੀਂ ਗੁਡੀ ਨੂੰ ਵੇਖਦਿਆਂ ਰੌਣਕਾਂ ਮਾਣਦਿਆਂ ਬੀਤ ਗਿਆ ਸੀ।

ਪਰ ਅਜ ਦਾ ਦਿਨ ਅਸਲੋਂ ਹੋਰ ਸੀ। ਸਾਰਿਆਂ ਦੇ ਦਿਲ ਦਹਿਲ ਗਏ ਸਨ। ਲੋਕ ਕੋਠਿਆਂ ਤੇ ਚੜ੍ਹ ਕੇ ਵੇਖ ਰਹੇ ਸਨ। ਸਾਹਮਣੇ ਪਿੰਡ ਪੂੰਗ ਤੋਂ ਏਡਾ ਵਡਾ ਧੂੰਏ ਦਾ ਪਹਾੜ ਬਣਿਆ ਸੀ ਕਿ ਉਹ ਜ਼ਮੀਨ ਤੋਂ ਲੈ ਕੇ ਰਬ ਤਕ ਪਸਰਿਆ ਹੋਇਆ ਸੀ। ਇਹੋ ਜਿਹਾ ਹੀ ਪਹਾੜ ਪਰਾਂ ਪਿੰਡ ਚੱਕ ਤੋਂ ਵੀ ਨਜ਼ਰ ਆ ਰਿਹਾ ਸੀ। ਇਹ ਧੂੰਏ ਦੇ ਅੰਬਾਰ ਕਈਆਂ ਥਾਵਾਂ ਤੋਂ ਦਿਸ ਰਹੇ ਸਨ।ਇਹ ਪਿੰਡ ਤਾਂ ਅੱਗ ਨਾਲ ਸੜ ਰਹੇ ਸਨ। ਸਭ ਪਾਸੇ ਰੌਲਾ ਸੀ ਕਿ ਹਮਲਾ ਹੋ ਗਿਆ ਹੈ। ਸ਼ਾਇਦ ਪਾਕਿਸਤਾਨ ਹੀ ਬਣ ਚੁਕਿਆ ਸੀ। ਸ਼ਾਇਦ ਇਹ ਉਹ ਹੀ ਘੜੀ ਸੀ ਜਿਸ ਬਾਰੇ ਬਾਦ ਵਿਚ ਸੁਣਿਆ ਸੀ ਪੰਡਿਤ ਨਹਿਰੂ ਨੇ ਅੱਧੀ ਰਾਤ ਨੂੰ ਕਿਹਾ ਸੀ ਕਿ ਇਹ ਘੜੀ ਕਿਤੇ ਸਦੀਆਂ ਬਾਅਦ ਆਉਂਦੀ ਹੈ ਜਦੋਂ ਅਸੀਂ ਇਕ ਜੁੱਗ ਚੋਂ ਦੂਸਰੇ ਵਿਚ ਪਰਵੇਸ਼ ਕਰਦੇ ਹਾਂ।

ਸਾਨੂੰ ਨਹੀਂ ਸੀ ਪਤਾ ਕਿ ਜੁਗ ਬਦਲ ਰਿਹੈ। ਇਹ ਵੀ ਨਹੀਂ ਸੀ ਪਤਾ ਕਿ ਅਸੀਂ ਲੰਮੀ ਗੁਲਾਮੀ ਤੋਂ ਆਜ਼ਾਦ ਹੋਏ ਹਾਂ। ਸਾਡੇ ਸਾਹਮਣੇ ਤਾਂ ਧੂਆਂ ਹੀ ਧੂਆਂ ਸੀ। ਲਾਟਾਂ ਹੀ ਲਾਟਾਂ ਸਨ। ਹਰ ਘਰ ਵਿਚ ਇਸ ਧੂੰਏ ਦਾ ਸਾਇਆ ਪਿਆ ਹੋਇਆ ਸੀ। ਔਰਤਾਂ ਵਿਚ ਘਬਰਾਹਟ ਸੀ। ਸਾਡਾ ਪਿੰਡ ਵੀ ਧੂੰਏ ਦਾ ਪਹਾੜ ਬਨਣ ਵਾਲਾ ਸੀ। ਕਤਲ ਹੋਣ ਵਾਲੇ ਸਨ। ਤਾਈ ਭਾਗ ਦੇਈ ਨੇ ਇਕ ਕਰਦ ਆਪਣੇ ਕਪੜਿਆਂ ਹੇਠ ਲਕਾਉਂਦਿਆਂ ਕਿਹਾ ਕਿ ਜੇ ਕੋਈ ਆਇਆ ਤਾਂ ਮੈਂ ਇਸ ਨਾਲ ਉਹਨੂੰ ਵੀ ਮਾਰ ਦਿਆਂਗੀ ਤੇ ਆਪ ਵੀ ਮਰ ਜਾਵਾਂਗੀ। ਮੈਂ ਆਪਣੀ ਨਿਕਚੂ ਬਰਛੀ ਫੜੀ ਬੜੀ ਫੁਰਤੀ ਨਾਲ ਬਾਹਰ ਗਲੀ ਵਿਚ ਨਿਕਲ ਆਇਆ। ਹੋਰ ਲੋਕ ਵੀ ਸ਼ਸਤਰ ਲੈ ਕੇ ਘੁੰਮ ਰਹੇ ਸਨ। ਸਾਹਮਣੇ ਪਿੰਡਾਂ ਤੇ ਪਿੰਡ ਸੜ ਰਹੇ ਸਨ। ਪਿੰਡ ਪੂੰਗਾਂ ਤੋਂ ਦੌੜਦੇ ਲੋਕਾਂ ਦੀ ਇਕ ਲੰਮੀ ਲਾਈਨ ਸਾਡੇ ਪਿੰਡ ਨੂੰ ਆ ਰਹੀ ਸੀ। ਪੂੰਗ ਤੇ ਹਮਲਾ ਹੋ ਗਿਆ। ਬਹੁਤ ਲੋਕ ਕਤਲ ਹੋ ਗਏ ਸਨ ਤੇ ਘਰ ਸੜ ਰਹੇ ਸਨ। ਹੁਣ ਮੁਕਾਬਲੇ ਦੇ ਜੋਸ਼ ਨਾਲੋਂ ਦਹਿਸ਼ਤ ਵਧਣ ਲਗ ਪਈ। ਢੋਲ ਵਜ ਰਹੇ ਸਨ ਤੇ ਹੁਣ ਬਲਵਈਆਂ ਦੀ ਤਗੜੀ ਫੌਜ ਵੀ ਦਿਸਣ ਲਗ ਪਈ। ਦੂਰੋਂ ਛੋਟੇ ਛੋਟੇ ਕਦ ਹੀ ਲਗ ਰਹੇ ਸਨ। ਇਹ ਹੁਣ ਸਾਡੇ ਪਿੰਡ ਨੂੰ ਆਉਣਗੇ ਅਤੇ ਇਥੇ ਵੀ ਇਹੀ ਕਾਰਾ ਕਰਨਗੇ। ਪਿੰਡ ਵਲੋਂ ਵੀ ਹੁਣ ਮੁਕਾਬਲੇ ਦੀ ਤਿਆਰੀ ਹੋਣ ਲਗੀ ਪਰ ਏਡੇ ਹਜੂਮ ਦਾ ਮੁਕਾਬਲਾ ਕਿਵੇਂ ਹੋਵੇ। ਅਮਨ ਕਮੇਟੀ ਤਾਂ ਬੇਅਰਥ ਤੇ ਬੇਅਸਰ ਹੋ ਚੁਕੀ ਸੀ। ਸਾਡੀ ਮਦਦ ਲਈ ਆਏ ਜੱਥੇ ਨੂੰ ਤਾਂ ਵਾਪਸ ਭੇਜ ਦਿਤਾ ਸੀ। ਹੁਣ ਕਿਥੋਂ ਬੁਲਾਈਏ ਉਹਨਾਂ ਨੂੰ। ਹਮਲਾਵਰ ਹਜੂਮ ਤਾਂ ਸਾਫ ਦਿਸਦਾ ਸੀ। ਇਹ ਹਜੂਮ ਹੁਣ ਪੂੰਗ ਪਿੰਡ ਨੂੰ ਛੱਡ ਰਿਹਾ ਸੀ ਸਾਰੀਆਂ ਸਹਿਮੀਆਂ ਅੱਖਾਂ ਉਧਰ ਲਗੀਆਂ ਸਨ। ਪਰ ਉਹ ਸਾਡੇ ਪਿੰਡ ਵਲ ਵੀ ਅਜੇ ਨਹੀਂ ਸੀ ਵਧ ਰਿਹਾ। ਹੌਲੀ ਹੌਲੀ ਉਹ ਸਰਕਦਾ ਹੋਇਆ ਪਿੰਡ ਗੋਤੇ ਵਲ ਨੂੰ ਹੋ ਰਿਹਾ ਸੀ। ਗੋਤਾ ਸਰਦਾ ਪੁਜਦਾ ਅਮੀਰ ਪਿੰਡ ਸੀ। ਉਥੋਂ ਮਾਲ ਵੀ ਚੰਗਾ ਹੱਥ ਲਗਣਾ ਸੀ। ਦੁਪਹਿਰ ਤਕ ਗੋਤੇ ਪਿੰਡ ਦਾ ਧੂਆਂ ਵੀ ਸਾਰੇ ਆਕਾਸ਼ ਤੇ ਛਾ ਗਿਆ ਸੀ। ਸਾਡੇ ਪਿੰਡ ਵਾਲਿਆਂ ਦਾ ਹੁਣ ਅਨੁਮਾਨ ਸੀ ਕਿ ਪਿੰਡ ਢੇ ਵਿਚ ਕਿਉਂਕਿ ਫੌਜੀ ਬਹੁਤ ਹਨ ਇਸ ਵਾਸਤੇ ਢੇ ਤੇ ਹਮਲਾ ਰਾਤ ਨੂੰ ਹੀ ਹੋਵੇਗਾ। ਫੈਸਲਾ ਹੋਇਆ ਕਿ ਔਰਤਾਂ ਅਤੇ ਬੱਚੇ ਪਿੰਡ ਦੇ ਅੰਦਰ ਸੂਬੇਦਾਰ ਸੰਤ ਸਿੰਘ ਹੋਰਾਂ ਦੀ ਹਵੇਲੀ ਵਿਚ ਇਕਠੇ ਕਰ ਦਿਤੇ ਜਾਣ ਅਤੇ ਮਰਦ ਮੁਕਾਬਲੇ ਦੀ ਤਿਆਰੀ ਕਰਨ।



Sri Satguru Jagjit Singh Ji eLibrary NamdhariElibrary@gmail.com

ਪਿੰਡ ਦੀਆਂ ਗਲੀਆਂ ਸੁੰਞੀਆਂ ਪਈਆਂ ਸਨ ਅਤੇ ਅਸੀਂ ਹਵੇਲੀ ਵਿਚ ਸਾਂ। ਮੇਰਾ ਜੀਅ ਕੀਤਾ ਇਕ ਵਾਰ ਸਲੀਮੇ ਨੂੰ ਮਿਲ ਆਵਾਂ, ਪਰ ਹੁਣ ਸਾਡੇ ਜਾਣ ਤੇ ਪਾਬੰਦੀ ਸੀ। ਅਚਾਨਕ ਬੰਦੂਕ ਦਾ ਇਕ ਫਾਇਰ ਹੋਇਆ। ਕਿਸੇ ਕਿਹਾ ਹਮਲਾ ਹੋ ਗਿਆ। ਸੂਬੇਦਾਰ ਦਾ ਮੁੰਡਾ ਅਜੀਤ ਸਿੰਘ ਕਹਿਣ ਲਗਾ ਨਹੀਂ ਜਦੋਂ ਸਾਡੇ ਫਾਇਰ ਹੋਏ ਤਾਂ ਇਕ ਨਹੀਂ ਹੋਣਾ ਇਕੱਠੇ ਹੀ ਹੋਣਗੇ। ਇਕ ਪਾਸੇ ਜੂਝਣ ਦੀਆਂ ਤਿਆਰੀਆਂ ਸਨ ਦੂਸਰੇ ਪਾਸੇ ਰਣਨੀਤੀ ਇਹ ਬਣੀ ਕਿ ਔਰਤਾਂ ਅਤੇ ਬਚਿਆਂ ਨੂੰ ਨਾਲ ਦੇ ਸਿਖਾਂ ਦੇ ਪਿੰਡ ਪੱਖੋਕੇ ਛਡ ਆਈਏ ਤੇ ਆਪ ਰਾਤ ਵਾਪਸ ਆ ਕੇ ਮੁਕਾਬਲਾ ਕਰੀਏ। ਮੁਸਲਮਾਨਾਂ ਦੀ ਰਣਨੀਤੀ ਹਮਲੇ ਦੀ ਸੀ, ਸਿੱਖਾਂ ਦੀ ਬਚਾਅ ਦੀ। ਸ਼ਤਰੰਜ ਦੇ ਮੋਹਰੇ ਇਵੇਂ ਵਧਾਏ ਜਾ ਰਹੇ ਸਨ ਕਿ ਟਕਰਾਓ ਨਾ ਹੋਵੇ।

ਅਸੀਂ ਇਕ ਵਾਰ ਮੁੜ ਆਪਣੇ ਘਰ ਆਏ। ਸਿਰਫ਼ ਉਹ ਇਕੋ ਸਾਈਕਲ ਹੀ ਲਿਆ ਅਤੇ ਉਸ ਉਤੇ ਮਾਤਾ ਜੀ ਨੂੰ ਬਿਠਾ ਲਿਆ ਤੇ ਅਸੀਂ ਚੱਲ ਪਏ। ਸਾਡੇ ਸਾਰੇ ਪਰਿਵਾਰ ਦੇ ਜੀਅ। (ਸਾਰੇ ਪਰਿਵਾਰ ਦਾ ਅਰਥ ਹੈ ਮੇਰੇ ਚਾਰ ਤਾਏ ਤੇ ਉਹਨਾਂ ਦਾ ਪਰਿਵਾਰ। ਸਾਡੇ ਪਿਤਾ ਜੀ ਤੇ ਬਾਕੀ ਭਰਾਵਾਂ ਦਾ ਦਾਦਾ ਸਾਂਝਾ ਸੀ ਅਤੇ ਇਹ ਅੱਗੋਂ ਇਹ ਤਿੰਨ ਭਰਾਵਾਂ ਦੇ ਪੰਜ ਪੁੱਤਰ ਸਨ, ਪਰ ਸਾਨੂੰ ਨਹੀਂ ਸੀ ਇਸ ਗੱਲ ਦਾ ਪਤਾ। ਇਹ ਸਕੇ ਭਰਾਵਾਂ ਵਾਂਗ ਇਕ ਮਕਾਨ ਵਿਚ ਰਹਿੰਦੇ ਸਨ)। ਇਕ ਛੋਟਾ ਜਿਹਾ ਬਿਸਤਰਾ ਵਲੇਟ ਲਿਆ। ਕਿਰਪਾਨ ਉਹਦੇ ਵਿਚ ਹੀ ਬੰਨ੍ਹ ਲਈ ਅਤੇ ਬਾਕੀ ਭਰਿਆ ਭਰਾਇਆ ਘਰ ਛੱਡ ਕੇ ਅਸੀਂ ਇਕ ਰਾਤ ਕੱਟਣ ਵਾਸਤੇ ਤੁਰ ਪਏ। ਉਹ ਇਕੋ ਸਾਈਕਲ ਬਿਸਤਰੇ ਦਾ ਭਾਰ ਵੀ ਚੁਕਦਾ ਸੀ ਤੇ ਮਾਤਾ ਜੀ ਨੂੰ ਚੁਕਦਾ ਸੀ ਅਤੇ ਕਦੇ-ਕਦਾਈਂ ਮੈਂ ਵੀ ਬੈਠਦਾ ਸਾਂ। ਮੇਰੇ ਛੋਟੇ ਭਰਾ ਚਾਰ ਸਾਲ ਦੇ ਕੁਲਦੀਪ ਨੂੰ ਮੇਰੇ ਤਾਏ ਮੇਹਰ ਸਿੰਘ ਹੋਰਾਂ ਮੋਢੇ ਤੇ ਚੁਕ ਲਿਆ। ਜ਼ਿਆਦਾ ਸਮਾਂ ਅਸੀਂ ਪੈਦਲ ਹੀ ਚਲਦੇ ਰਹੇ। ਮਾਤਾ ਨੂੰ ਸਹਾਰਾ ਦੇਣ ਲਈ ਕਦੀ ਕਦੀ ਗੁੱਡੀ ਨੂੰ ਚੁੱਕ ਲੈਂਦੇ। ਬਾਕੀ ਪਰਿਵਾਰ ਵੀ ਸਹਾਰਾ ਦਿੰਦਾ। ਚੱਲਣ ਲੱਗਿਆਂ ਕਿਹਾ ਗਿਆ--ਇਕੋ ਰਾਤ ਦਾ ਮਾਮਲਾ ਹੈ, ਕਲ੍ਹ ਅਸੀਂ ਮੁੜ ਆਪਣੇ ਘਰ ਆ ਜਾਣਾ ਹੈ—ਪਰ ਫ਼ਿਜ਼ਾ ਵਿਚ ਏਨੀ ਉਦਾਸੀ ਸੀ, ਦਿਲ ਏਨੇ ਡਰ ਨਾਲ ਭਰੇ ਪਏ ਸਨ ਕਿ ਇਹ ਗੱਲ ਮਨ ਨੂੰ ਲਗਦੀ ਨਹੀਂ ਸੀ। ਮੈਂ ਡਿਡਲਾਕੇ ਮਾਤਾ ਜੀ ਨੂੰ ਕਿਹਾ—ਅਸੀਂ ਵਾਪਸ ਨਹੀਂ ਆਉਣਾ। ਇਹ ਗੱਲ ਮਾਤਾ ਨੂੰ ਅਜੇ ਤਕ ਯਾਦ ਹੈ।

ਸਾਡੇ ਪਿੰਡ ਦਾ ਛੋਟਾ ਜਿਹਾ ਕਾਫ਼ਲਾ ਅੱਗੜ-ਪਿੱਛੜ ਤੁਰਦਾ ਸਿਰਾਜ ਪਿੰਡ ਲੰਘ ਕੇ ਜਦੋਂ ਪੱਖੋਕੇ ਪੁਜਾ ਤਾਂ ਡੂੰਘੀ ਸ਼ਾਮ ਹੋ ਚੁਕੀ ਸੀ। ਅੱਜ ਦੀ ਰਾਤ ਦਾ ਹੀ ਤਾਂ ਸਿਰਫ ਮਾਮਲਾ ਸੀ। ਅਸੀਂ ਪੱਖੋਕੇ ਪਿੰਡ ਸ਼ਰਨ ਲੈਣ ਆਏ ਸਾਂ, ਪਰ ਸ਼ਰਨਾਰਥੀ ਨਹੀਂ ਸਾਂ। ਬੜੇ ਸਮੇਂ ਬਾਅਦ ਸ਼ਰਨਾਰਥੀ ਜਾਂ ਰਫ਼ਿਊਜ਼ੀ ਸ਼ਬਦ ਕੰਨਾਂ ਵਿਚ ਪਿਆ ਸੀ। ਅਜੇ ਤਾਂ ਅਸੀਂ ਆਪਣੇ ਇਲਾਕੇ ਵਿਚ ਆਏ ਸਾਂ ਆਪਣੇ ਭਰਾਵਾਂ ਕੋਲ। ਥੱਕੇ ਟੁੱਟੇ ਜਦੋਂ ਅਸੀਂ ਪਿੰਡ ਪੱਖੋਕੇ ਪੁਜ ਕੇ ਆਰਾਮ ਲਈ ਕੋਈ ਖੁਲ੍ਹਾ ਮੈਦਾਨ ਹੀ ਭਾਲ ਰਹੇ ਸਾਂ, ਤਾਂ ਪਤਾ ਲਗਾ ਕਿ ਪਿੰਡ ਵਿਚ ਇਕ ਜੀਅ ਵੀ ਨਹੀਂ ਸੀ। ਕੁਝ ਮਹੀਨੇ ਪਹਿਲਾਂ ਜਿਥੇ ਸੰਤ ਅਤਰ ਸਿੰਘ ਦੇ ਦੀਵਾਨ ਵਿਚ ਤਿਲ ਧਰਨ ਨੂੰ ਥਾਂ ਨਹੀਂ ਸੀ ਉਹ ਮੈਦਾਨ ਤਾਂ ਭਾਂ-ਭਾਂ ਕਰ ਰਿਹਾ ਸੀ ਅਤੇ ਕਿਤੇ ਕਿਤੇ ਕੁੱਤਿਆਂ ਦੀ ਡਰਾਉਣੀ ਹੂੰਗਰ ਆ ਰਹੀ ਸੀ। ਉਹ ਭੌਂਕਦੇ ਨਹੀਂ ਸਨ ਬਸ ਰੋ ਰਹੇ ਸਨ। ਸੰਨਾਟਾ ਛਾਇਆ ਹੋਇਆ ਸੀ, ਚੁੱਪ ਦਾ ਪਹਿਰਾ ਸੀ। ਜਿਹੜਾ ਜਥਾ ਪਿਛਲੇ ਦਿਨ ਸਾਡੇ ਪਿੰਡ ਦੀ ਮਦਦ ਲਈ ਗਿਆ ਸੀ ਉਹ ਕਿਥੇ ਚਲਾ ਗਿਆ? ਕੋਈ ਪਤਾ ਨਹੀਂ ਸੀ। ਜਿਵੇਂ ਅਸੀਂ ਢੇ ਨੂੰ ਛੱਡ ਆਏ ਸਾਂ ਇਵੇਂ ਇਹ ਲੋਕ ਵੀ ਕਿਤੇ ਚਲੇ ਗਏ ਸਨ। ਹੁਣ ਫੈਸਲਾ ਸੀ ਅਗਲੇ ਪਿੰਡਾਂ ਨੂੰ ਚੱਲਣ ਦਾ। ਅਗਲੇ ਕਿਹੜੇ ਪਿੰਡ ਨੂੰ ਮੈਨੂੰ ਨਹੀਂ ਪਤਾ। ਮੇਰੇ ਜੁਗਰਾਫ਼ੀਏ ਦਾ ਗਿਆਨ ਬਸ ਪੱਖੋਕੇ ਤੱਕ ਹੀ ਸੀ, ਪਰ ਅਸੀਂ ਖੜ੍ਹੇ ਪੈਰ ਤੁਰ ਪਏ। ਪੱਖੋਕੇ ਪਿੰਡ ਵਿਚੋਂ ਬਾਹਰ ਨਿਕਲਣ ਲੱਗਿਆਂ ਇਕ ਬਹੁਤ ਪੱਧਰਾ ਤੇ ਸਾਫ ਮੈਦਾਨ ਦਿਸਿਆ। ਜਦੋਂ ਮੈਂ ਉਸ ਤੇ ਪੈਰ ਰਖਿਆ ਤਾਂ ਹੇਠਾਂ ਹੀ ਚਲਾ ਗਿਆ ਪਾਣੀ ਵਿਚ। ਇਹ ਮੈਦਾਨ ਨਹੀਂ ਛੱਪੜ ਸੀ। ਮੈਨੂੰ ਬਾਹਰ ਕਢਿਆ ਗਿਆ। ਨੁੱਚੜਦੇ ਕੱਪੜਿਆਂ ਨਾਲ ਸਫਰ ਜਾਰੀ ਰਿਹਾ। ਅਗਸਤ '੪੭ ਦਾ ਮਹੀਨਾ। ਚਮਾਸੇ ਦੇ ਦਿਨ ਅਸੀਂ ਸਫ਼ਰ ਕਰ ਰਹੇ ਸਾਂ। ਬਹੁਤਿਆਂ ਦੇ ਪੈਰੀਂ ਜੁੱਤੀਆਂ ਵੀ ਨਹੀਂ ਸਨ। ਚੱਲਣ ਦਾ ਹੁਕਮ ਹੀ ਐਸਾ ਸੀ—ਖੜ੍ਹੇ ਪੈਰ ਤੁਰ ਪਵੋ। ਕੋਈ ਸਾਮਾਨ ਨਹੀਂ ਲੈਣਾ ਵਕਤ ਨਹੀਂ ਹੈ ਸਵੇਰੇ ਪਰਤ ਆਉਣਾ ਹੈ। ਪਿਤਾ ਜੀ ਯਾਦ ਕਰਦੇ ਰਹੇ...ਮੇਰੀ ਵੈਸਟ ਐਂਡ ਦੀ ਘੜੀ ਸੀ ਬੜੀ ਪਿਆਰੀ, ਉਹ ਵੀ ਨਾ ਚੁਕੀ ਤੇ ਨਾ ਹੀ ਕੋਈ



Sri Satguru Jagjit Singh Ji eLibrary NamdhariElibrary@gmail.com

ਹੋਰ ਕੱਪੜਾ..... । ਮੈਨੂੰ ਰਾਵਲਪਿੰਡੀ ਨਾਮਧਾਰੀ ਜਥੇਦਾਰ ਦੀ ਪੜ੍ਹੀ ਧਾਰਨ ਯਾਦ ਆਈ—"ਨੰਗੇ ਪੈਰੀਂ ਤੁਰਨਾ ਪੈ ਜਾਊ ਜ਼ਮਾਨਾ ਬਦਲਣ ਵਾਲਾ ਏ......", ਪਰ ਉਹ ਤਾਂ ਗੋਰਿਆਂ ਨੂੰ ਕਹਿੰਦਾ ਸੀ । ਇਥੇ ਤਾਂ ਆਪੂੰ ਤੁਰਨਾ ਪੈ ਗਿਆ ।

ਪੱਖੋਕਿਆਂ ਤੋਂ ਅਸੀਂ ਬਾਹਰ ਨਿਕਲ ਕੇ ਮੁੜ ਤੁਰ ਪਏ ਦਿਸ਼ਾਹੀਨ ਤੇ ਮੰਤਵਹੀਨ । ਸ਼ਾਇਦ ਇਕ ਹੀ ਮੰਤਵ ਸੀ ਜਾਨ ਬਚਾਉਣ ਦਾ । ਅੱਜ ਮੈਂ ਸੋਚਦਾ ਹਾਂ ਅਜਿਹੀ ਦਿਸ਼ਾ ਕਿਉਂ ਸੀ ? ਤਾਂ ਇਹ ਹੀ ਜੁਆਬ ਮਿਲਦਾ ਹੈ—ਸਾਨੂੰ ਦਿਸ਼ਾ ਦੇਣ ਵਾਲਾ ਕੋਈ ਨੇਤਾ ਨਹੀਂ ਸੀ । ਕੀ ਕਰਨਾ ਹੈ ? ਪਤਾ ਨਹੀਂ ਅਸੀਂ ਕਿਧਰ ਤੁਰੇ ਫਿਰਦੇ ਸਾਂ । ਪਰ ਇਕ ਗੱਲ ਸੀ ਅਸੀਂ ਲਗਾਤਾਰ ਸਫ਼ਰ ਕਰ ਰਹੇ ਸਾਂ ਅਤੇ ਸਾਨੂੰ ਭੁੱਖ ਕੋਈ ਨਹੀਂ ਸੀ । ਅੱਧੀ ਰਾਤ ਨੂੰ ਅਸੀਂ ਇਕ ਥਾਂ ਪੁਜੇ ਤਾਂ ਸਾਨੂੰ ਕੁਝ ਚਾਨਣ ਲੱਭਾ । ਲਾਲਟੈਣਾਂ ਜਗ ਰਹੀਆਂ ਸਨ । ਕੁਝ ਲੋਕ ਲਾਲਟੈਣਾਂ ਲੈ ਕੇ ਦੌੜੇ ਵੀ ਫਿਰ ਰਹੇ ਸਨ । ਉਹ ਸਾਡੇ ਵਲ ਵੀ ਆਏ । ਜਾਪਦਾ ਸੀ ਹੁਣ ਸਾਡੇ ਵਾਲਾ ਮਾਮਲਾ ਖਤਮ ਹੈ । ਇਹ ਹੀ ਮੈਦਾਨ ਹੈ ਜਿਥੇ ਮੌਤ ਘੇਰ ਕੇ ਲੈ ਆਈ ਹੈ! ਪਰ ਨਹੀਂ ਜੀ, ਉਹ ਬੰਦੇ ਆਪਣੇ ਹੀ ਸਨ ਤੇ ਘਰ ਛੱਡ ਕੇ ਆਏ ਸਨ । ਇਥੇ ਸ਼ਾਇਦ ਬਹੁਤ ਸਾਰੇ ਪਿੰਡਾਂ ਦੇ ਲੋਕ ਇਕੱਠੇ ਹੋ ਗਏ ਸਨ । ਸ਼ਾਇਦ ਇਥੇ ਅਸੀਂ ਕੁਝ ਪਲ ਰੁਕੇ ਵੀ ਹੋਈਏ, ਪਰ ਮੁੜ ਸਫ਼ਰ ਜਾਰੀ ਸੀ । ਸਾਰੀ ਰਾਤ ਵੀਹ ਪੰਝੀ ਮੀਲ ਦਾ ਸਫ਼ਰ ਹੋਇਆ ਹੋਵੇਗਾ ਪਿੰਡਾਂ ਨੂੰ ਛੱਡ ਛੱਡ ਕੇ ਬਿਖੜੇ ਰਾਹਾਂ ਤੇ ਤੁਰਦਿਆਂ । ਜਾਪਦਾ ਸੀ ਜਿਵੇਂ ਜੰਗਲ ਵਿਚ ਮੌਤ ਦਾ ਖ਼ਤਰਾ ਹੋਵੇ ਤਾਂ ਜਾਨਵਰ ਵਾਹੋਦਾਹੀ ਭੱਜਦੇ ਹਨ । ਮੰਤਵ ਉਹਨਾਂ ਦਾ ਖ਼ਤਰੇ ਤੋਂ ਬਹੁਤ ਦੂਰ ਨਿਕਲ ਜਾਣਾ ਹੁੰਦਾ ਹੈ । ਅਸੀਂ ਬਦੋਬਦੀ ਉਸ ਪਾਸੇ ਨੂੰ ਜਾ ਰਹੇ ਹਾਂ ਜਿਧਰੋਂ ਖਤਰਾ ਲਗਦਾ ਘੱਟ ਹੋਵੇ । ਅਗਲਾ ਸਾਰਾ ਦਿਨ ਵੀ ਅਸੀਂ ਤੁਰਦੇ ਹੀ ਰਹੇ । ਪਿਤਾ ਜੀ ਸਾਈਕਲ ਰੋੜ੍ਹ ਰਹੇ ਹੁੰਦੇ ਸਨ । ਬੀਮਾਰ ਮਾਤਾ ਹੌਲੀ ਹੌਲੀ ਤੁਰ ਰਹੀ ਸੀ ਗੁੱਡੀ ਨੂੰ ਚੁੱਕ ਕੇ, ਨਾਲ ਮੈਂ ਸਾਂ । ਕਦੀ ਕਦੀ ਬਾਰਸ਼ ਵੀ ਹੋ ਜਾਂਦੀ । ਇਕ ਦੋ ਵਾਰ ਪਿਤਾ ਜੀ ਨੂੰ ਹਾਲਾਤ ਤੇ ਕਚੀਚੀ ਤੇ ਗੁੱਸਾ ਵੀ ਆਇਆ । ਉਹ ਆਜ਼ਾਦ ਤਬੀਅਤ ਦੇ ਆਦਮੀ ਬੁਰੀ ਤਰ੍ਹਾਂ ਟੱਬਰ ਨਾਲ ਬੱਝ ਚੁਕੇ ਸਨ, ਲਾਚਾਰ ਜਿਹੇ । ਇਕ ਦੋ ਵਾਰ ਉਹਨਾਂ ਕਿਹਾ ਵੀ—"ਸੁੱਟ ਪਰ੍ਹਾਂ ਇਹਨੂੰ !" ਇਹ ਸਮਾਂ ਸੀ ਜਦੋਂ ਨਵੇਂ ਜੰਮੇ ਬੱਚੇ ਲੋਕਾਂ ਸੁੱਟ ਵੀ ਦਿਤੇ ਸਨ । ਕੁੜੀਆਂ ਤਾਂ ਹੱਥੀਂ ਮਾਰ ਦਿਤੀਆਂ ਸਨ । ਪਰ ਜਦੋਂ ਵੀ ਨਿੱਕੀ ਗੁੱਡੀ ਨੂੰ ਸੁਟ ਦੇਣ ਦਾ ਪ੍ਰਸਤਾਵ ਆਉਂਦਾ ਮੇਰਾ ਤ੍ਰਾਹ ਨਿਕਲ ਜਾਂਦਾ ਤੇ ਮੈਂ ਰੋ ਕੇ ਆਪਣਾ ਰੋਸ ਪ੍ਰਗਟ ਕਰਦਾ । ਮੇਰੀ ਮਾਂ ਦੀ ਮਮਤਾ ਨੂੰ ਹੋਰ ਬਲ ਮਿਲ ਜਾਂਦਾ । ਇਸ ਤਰ੍ਹਾਂ ਉਸ ਨਿੱਕੀ ਜਿੰਦ ਦੇ ਸਵਾਸ ਵੱਧ ਜਾਂਦੇ ਤੇ 'ਜਦ ਤਕ ਸਾਸ ਤਦ ਤਕ ਆਸ' ਰਖ ਅਸੀਂ ਮੁੜ ਤੁਰ ਪੈਂਦੇ । ਕਦੇ ਚਿੱਕੜ ਵਿਚੀਂ, ਕਦੇ ਆੜਾਂ ਦੇ ਉਤੋਂ ਦੀ, ਕਦੇ ਪਾਣੀ ਵਿਚੋਂ ਅਤੇ ਕਦੇ ਪਹਿਆਂ ਵਿਚ ਸਫਰ ਜਾਰੀ ਸੀ ।

ਹੌਲੀ ਹੌਲੀ ਵਡੇਰਿਆਂ ਨੇ ਨਿਸ਼ਾਨਾ ਮਿਥਿਆ ਕਿ ਰਿਆਸਤ ਜੰਮੂ ਕਸ਼ਮੀਰ ਵਲ ਜਾਇਆ ਜਾਵੇ । ਜੰਮੂ ਦਾ ਰਾਜਾ ਹਿੰਦੂ ਸੀ । ਉਥੇ ਸਾਡਾ ਬਚਾਅ ਹੋ ਸਕਦਾ ਹੈ ਪਾਕਿਸਤਾਨ ਵਿਚ ਕਿਤੇ ਵੀ ਨਹੀਂ । ਅਸੀਂ ਕਿਤੇ ਜ਼ਫਰਵਾਲ ਦੇ ਲਾਗੇ ਚਾਗੇ ਜਾ ਰਹੇ ਸਾਂ । ਭਾਵ ਹਿੰਦ ਪਾਕ ਸਰਹਦ ਰਾਵੀ ਦਰਿਆ ਤੋਂ ਬਹੁਤ ਦੂਰ ਜ਼ਫਰਵਾਲ ਤੋਂ ਅਗੇ ਜੰਮੂ ਰਿਆਸਤ ਨੂੰ ਸਿਧਾ ਰਾਹ ਹੋਣਾ ਸੀ । ਆਲੇ ਦੁਆਲੇ ਮੁਸਲਮਾਨ ਦਰਸ਼ਕ ਵੀ ਹੁੰਦੇ ਸਨ । ਉਹ ਵੀ ਸ਼ਾਇਦ ਏਡੇ ਵਡੇ ਕਾਫਲੇ ਤੇ ਹੈਰਾਨ ਸਨ ਡਰਦੇ ਵੀ ਹੋਣਗੇ । ਇਕ ਮੁਸਲਮਾਨ ਨੇ ਇਸ਼ਾਰਾ ਸੁਟਿਆ ਕਿ ਜੇ ਮਰਨਾ ਜੇ ਤਾਂ ਜ਼ਫਰਵਾਲ ਚਲੇ ਜਾਓ । ਖਬਰ ਫੈਲ ਗਈ ਕਿ ਜ਼ਫਰਵਾਲ ਜਾਣ ਵਾਲੇ ਬੰਦੇ ਕਤਲ ਕੀਤੇ ਗਏ ਹਨ । ਅਸੀਂ ਮੁੜ ਵਾਪਸ ਤੁਰ ਪਏ ਪਰ ਪਤਾ ਨਹੀਂ ਕਿਧਰ ਜਾਈਏ ।

ਦੁਪਹਿਰ ਢਲ ਚੁਕੀ ਸੀ ਲੌਢਾ ਵੇਲਾ ਸੀ ਜਦੋਂ ਅਸੀਂ ਵੇਖਿਆ ਕਿ ਅਸੀਂ ਤਾਂ ਇਕਲੇ ਹੀ ਰਹਿ ਗਏ ਹਾਂ ਕੇਵਲ ਚਾਰ ਜੀਅ ਹੀ । ਪਿੰਡ ਵਾਲੇ ਕੀ ਸਾਡੇ ਨਾਲ ਤਾਂ ਸਾਡਾ ਬਾਕੀ ਦਾ ਅਪਣਾ ਟੱਬਰ ਵੀ ਨਹੀਂ ਸੀ । ਤਦ ਅਸੀਂ ਵੇਖਿਆ ਕਿ ਅੱਖ ਦੇ ਪਲਕਾਰੇ ਵਿਚ ਮੁਸਲਮਾਨਾਂ ਦੇ ਇਕ ਗਰੋਹ ਦੀਆਂ ਅੱਖਾਂ ਸਾਡੇ ਤੇ ਜਮੀਆਂ ਸਨ। ਹਥਿਆਰ ਉਹਨਾਂ ਦੇ ਕੋਲ ਸਨ ਤੇ ਹੌਲੀ ਹੌਲੀ ਉਹਨਾਂ ਸਾਨੂੰ ਘੇਰ ਲਿਆ । ਘੋਖਵੀਆਂ ਨਜ਼ਰਾਂ ਨਾਲ ਸਾਨੂੰ ਵੇਖ ਰਹੇ ਸਨ ਅਤੇ ਕੁਝ ਸਲਾਹਵਾਂ ਵੀ ਕਰ ਰਹੇ ਸਨ । ਜਿਵੇਂ ਹਿਰਨੀ ਬਘਿਆੜਾਂ ਵਿਚ ਘਿਰ ਜਾਂਦੀ ਹੈ ਉਵੇਂ ਅਸੀਂ ਤਲਵਾਰ ਜਾਂ ਬਰਛੇ ਦੇ ਪਹਿਲੇ ਵਾਰ ਦੀ ਉਡੀਕ ਕਰ ਰਹੇ ਸਾਂ । ਵਾਹ ਕਿਸਮਤ ਮੇਰੇ ਪਿਤਾ ਜੀ ਗਤਕਈ ਤੇ ਸੋਹਣਾ ਸਰੀਰ । ਉਹ ਟੱਬਰ ਕਰਕੇ ਨਾ ਦੌੜ ਸਕਦੇ ਸਨ ਤੇ ਜੇ ਲੜਦੇ ਵੀ ਤਾਂ ਵੀ ਮੌਤ



Sri Satguru Jagjit Singh Ji eLibrary NamdhariElibrary@gmail.com

ਯਕੀਨੀ ਸੀ । ਮੌਤ ਨੂੰ ਏਡੇ ਨੇੜਿਉਂ ਵੇਖ ਰਹੇ ਸਾਂ । ਹੌਲੀ ਹੌਲੀ ਸਾਡੇ ਦੁਆਲੇ ਇਹ ਸ਼ਿਕੰਜਾ ਕੱਸ ਰਹੀ ਸੀ ।

ਉਹਨਾਂ ਦਾ ਘੇਰਾ ਬਿਲਕੁਲ ਸਾਡੇ ਆਲੇ ਦੁਆਲੇ ਕੋਲ ਤਕ ਆ ਗਿਆ । ਇਕ ਬੰਦਾ ਅਗੇ ਵਧਿਆ ਅਤੇ ਕਹਿਣ ਲਗਾ ਸਰਦਾਰਾ ਆਹ ਤਲਵਾਰ ਸਾਨੂੰ ਦੇ ਦੇ । ਅਤੇ ਇਸ ਤੋਂ ਪਹਿਲਾਂ ਕੋਈ ਉਜਰ ਹੁੰਦਾ ਉਹਨੇ ਹੱਥ ਪਾ ਕੇ ਬਿਸਤਰੇ ਵਿਚ ਵਲੇਟੀ ਕਿਰਪਾਨ ਸਣੇ ਮਿਆਣ ਖਿਚ ਲਈ । ਸਾਡਾ ਅਨੁਮਾਨ ਸੀ ਇਸੇ ਕਿਰਪਾਨ ਦੀ ਭੇਟ ਹੋਵਾਂਗੇ ਪਰ ਨਹੀਂ ਉਹ ਅਤੇ ਬਾਕੀ ਸਾਥੀ ਵਾਪਸ ਚਲੇ ਗਏ । ਉਹ ਸ਼ਾਇਦ ਬੜੇ ਚਿਰ ਤੋਂ ਇਹ ਕਿਰਪਾਨ ਹੀ ਘੋਖ ਰਹੇ ਸਨ । ਸਲਾਹਵਾਂ ਤੇ ਵਿਚਾਰ ਕਰਦੇ । ਕੁਝ ਡਰਦੇ ਵੀ ਹੋਣ ਖਤਰਾ ਵੀ ਸਮਝਦੇ ਹੋਣ ।

ਅਪਣੇ ਘਰੋਂ ਤੁਰਿਆ ਨੂੰ ਕੋਈ ਤੀਹ ਘੰਟੇ ਬਾਦ ਸਾਨੂੰ ਇਕ ਘਰ ਵਿਚ ਸ਼ਰਨ ਮਿਲੀ । ਪਿੰਡ ਦਾ ਨਾਮ ਜਸੋਵਾਲ ਦਸਿਆ ਗਿਆ ਹੈ । ਇਥੇ ਵਾਲੇ ਲੋਕ ਅਜ ਦੀ ਰਾਤ ਅਪਣੇ ਘਰਾਂ ਵਿਚ ਬਿਤਾਉਣਗੇ ਤੇ ਕਲ ਨੂੰ ਸਾਡੇ ਨਾਲ ਤੁਰ ਪੈਣਗੇ । ਘਰ ਦਾ ਮਾਲਕ ਵੀ ਪਿਤਾ ਜੀ ਦਾ ਕੁਝ ਪੁਰਾਣਾ ਵਾਕਿਫ ਨਾਮਧਾਰੀਆਂ ਸੀ । ਉਸ ਨੇ ਕਿਹਾ ਕਿ ਮੇਰੀ ਘਰ ਵਾਲੀ ਆਪ ਤਾਂ ਤੁਹਾਡੀ ਸੇਵਾ ਨਹੀਂ ਕਰ ਸਕੇਗੀ ਪਰ ਸਾਮਾਨ ਪਿਆ ਹੈ, ਦੁਧ ਘਿਓ ਸ਼ਕਰ, ਆਟਾ ਦਾਲ ਤੁਸੀਂ ਆਪ ਬਣਾਓ ਤੇ ਖਾਓ ਪੀਓ । ਉਥੇ ਮੇਰੀ ਮਾਤਾ ਨੇ ਆਰਾਮ ਕੀਤਾ । ਬਾਕੀ ਜੀਆਂ ਨੇ ਸੁੰਢ ਦੁਧ ਘਿਓ ਰੋਟੀ ਖਾਣ ਨੂੰ ਦਿਤੀ । ਅਸੀਂ ਵੀ ਸੁੱਤੇ ।

ਦਿਨ ਮੁੜ ਚੜਿਆ । ਕਾਫਲਾ ਮੁੜ ਜੁੜਨਾ ਸ਼ੁਰੂ ਹੋ ਗਿਆ ਹੁਣ ਇਕ ਨਿਸ਼ਾਨਾ ਜਿਹਾ ਬਣ ਗਿਆ ਸੀ ।

ਖਬਰ ਆਈ ਕਿ ਸੇਖਵਾਂ ਵਾਲੇ ਸ਼ਸਤਰਧਾਰੀ ਸੰਤਾਂ ਨੇ ਆਖਿਆ ਹੈ ਕਿ ਅਪਣੇ ਨੇਜਿਆਂ ਨੂੰ ਪੁਠੇ ਕਰ ਲਵੋ ਉਪਰ ਚਿਟੇ ਕਪੜੇ ਬੰਨ੍ਹ ਲਵੋ ਅਮਨ ਦੀ ਨਿਸ਼ਾਨੀ ਵਜੋਂ ਤੇ ਸਾਰੇ ਤੁਰ ਪਵੋ ਕਾਫਲਾ ਬੰਨ੍ਹ ਕੇ ਨਾਰੋਵਾਲ ਨੂੰ । ਅਗੋਂ ਰਾਵੀ ਦਾ ਪੁਲ ਲੰਘ ਕੇ ਭਾਰਤ ਵਿਚ ਦਾਖਲ ਹੋ ਕੇ ਡੇਰਾ ਬਾਬਾ ਨਾਨਕ ਪੁਜੋ । ਹੁਣ ਲੀਡਰ ਵੀ ਮਿਲ ਗਿਆ ਤੇ ਨਿਸ਼ਾਨਾ ਵੀ ਮਿਥ ਲਿਆ । ਸੰਤ ਘੋੜੇ ਤੇ ਸਵਾਰ ਸਭ ਤੋਂ ਅਗੇ ਚਲ ਰਹੇ ਸਨ ਤੇ ਮਗਰ ਚਾਰ ਪੰਜ ਮੀਲ ਲੰਮਾ ਮਰਦਾਂ, ਔਰਤਾਂ ਤੇ ਬੱਚਿਆਂ ਦਾ ਕਾਫ਼ਲਾ ਚਲ ਰਿਹਾ ਸੀ ਨਾਰੋਵਾਲ ਰੋਡ ਤੇ ।

# ਅੱਧੀ ਰਾਤ ਨੂੰ

—ਸੁਰਜੀਤ ਖ਼ੁਰਸ਼ੀਦੀ

ਅੱਧੀ ਰਾਤ ਦੇ ਸਮੇਂ ਇਹ
ਕਿਧਰ ਚੁੱਪ ਦੀਆਂ ਸ਼ਹਿਨਾਈਆਂ ਨੇ ਵਜ ਰਹੀਆਂ ?
ਮਰ ਚੁੱਕੇ, ਵਿਸਰ ਚੁੱਕੇ, ਮਾਰੇ ਜਾ ਚੁੱਕੇ
ਅਰਮਾਨਾਂ ਦੀਆਂ ਲਾੜੀਆਂ ਨੇ ਸਜ ਰਹੀਆਂ ?
ਇਹ ਕਿਹੜੀ ਅਵਸਥਾ ਹੈ ਮਨਾਂ ?
ਕਿਉਂ ਤਾਰੇ ਹਨ ਕਲੋਲਾਂ ਕਰ ਰਹੇ ?
ਹੋਂਦ ਅਤੇ ਅਣ-ਹੋਂਦ ਹਨ ਆਪੋ ਵਿਚ
ਚਹੁਲਾਂ ਕਰ ਰਹੇ ।
ਸਾਰੀ ਸ੍ਰਿਸ਼ਟੀ ਹੀ ਮੇਰੀ ਹੋਂਦ ਦੀ
ਰਿਣੀ ਹੈ ਇਸ ਸਮੇਂ ।
ਜਿਧਰ ਦੇਖਦਾ ਹਾਂ, ਮੈਂ ਹੀ ਮੈਂ ਹਾਂ ।
ਚੁੱਪ ਦੀ ਸ਼ਹਿਨਾਈ ਹੈ ਵਜ ਰਹੀ
ਅਤੇ ਮੈਂ, ਮਸਤ, ਮਤਵਾਲਾ ।
ਸਾਰੀ ਫ਼ਿਜ਼ਾ ਬਣੀ ਹੋਈ ਹੈ ਮਧੁ-ਸ਼ਾਲਾ ।
ਕੀ ਸਤਿ ਹੈ ? ਕੀ ਅਸਤਿ ਹੈ ?
ਇਹੋ ਸੋਚਾਂ ਖਲਾ ।
ਅੱਖਾਂ ਮੀਚ ਲਵਾਂ ਤਾਂ
ਸਭ ਸੁੰਨਿਆ ਹੀ ਸੁੰਨਿਆ ਜਾਪੇ
ਖੋਲ੍ਹ ਲਵਾਂ ਤਾਂ ਮਧੁ-ਸ਼ਾਲਾ ਜਾਪੇ
ਇਹ ਅਦਭੁਤ ਅਵਸਤਾ ਹੈ ਕਾਲ ਦੀ
ਸੁਧ ਬੁਧ ਕਾਈ ਨਾ ਆਪਣੇ ਹਾਲ ਦੀ
ਹਾਂ, ਮੈਂ ਹੀ ਲਾੜਾ ਹਾਂ,
ਸ੍ਰਿਸ਼ਟੀ ਦੀ ਲਾੜੀ ਦਾ
ਖੰਡ ਅਤੇ ਬਰਿਹਮੰਡ ਸਭ ਬਰਾਤੀ ਹਨ ।
ਜੋ ਕਰ ਰਹੇ ਹਨ ਪਰਕਰਮਾ ਮੇਰੀ
ਇਹੋ ਸਤਿ ਹੈ ।
ਹਾਂ, ਇਹੋ ਸਤਿ ਹੈ
ਅਮਰ ਹਨ ਇਹ ਸ਼ਬਦ, ਇਹ ਸੋਚ
ਮੈਂ ਹੋਵਾਂ, ਨਾਂਹ ਹੋਵਾਂ ।
ਇਹ ਕਾਇਮ ਰਹੇਗੀ ।
ਇਹ ਲਾੜੀ ਸਦਾ ਮਾਣੇਗੀ ਸੁਹਾਗ
ਵਜਦੀਆਂ ਰਹਿਣਗੀਆਂ ਸ਼ਹਿਨਾਈਆਂ
ਸਜਦੀਆਂ ਰਹਿਣਗੀਆਂ
ਅਰਮਾਨਾਂ ਦੀਆਂ ਲਾੜੀਆਂ ।



Sri Satguru Jagjit Singh Ji eLibrary NamdhariElibrary@gmail.com

# ਦੋ ਗ਼ਜ਼ਲਾਂ

—ਜਸਵੰਤ ਸਿੰਘ ਰਾਹੀ

ਅਸਾਂ ਆਪਣੇ ਚੈਨ ਦੀ ਖਾਤਰ ਜਗ੍ਹਾ ਮੰਗੀ ਹੈ ।
ਉਹਨਾਂ ਇਹ ਸਮਝਿਆ ਇਸ ਨੇ ਚਿਖਾ ਮੰਗੀ ਹੈ ।

ਉਹਨਾਂ ਦਾ ਕੰਮ ਦਿਲਾਂ ਦੀ ਹਰਕਤ ਰੁਕਾ ਦੇਣੀ,
ਉਹਨਾਂ ਤਪਸ਼ਾਂ ਤੋਂ ਸੁਖਾਂ ਦੀ ਹਵਾ ਮੰਗੀ ਹੈ ।

ਕਰਨ ਲਈ ਵਿਉਂਤ ਪੂਰੀ ਕਤਲ ਸਾਡੇ ਦੀ ਸੁਣੋ ਯਾਰੋ,
ਉਹਨਾਂ ਵੈਰੀਆਂ ਨੇ ਆਣ ਕੇ ਸਾਥੋਂ ਸੁਲ੍ਹਾ ਮੰਗੀ ਹੈ ।

ਜਿਹੜੇ ਬੂਹੇ ਤੇ ਵਿਸ਼ਵਾਸਾਂ ਨੇ ਵੇਖੋ ਦਮ ਤੋੜੇ ਨੇ,
ਉਥੇ ਜਾ ਕੇ ਅਸਾਂ ਸਦਾ ਦਿੱਤੀ ਵਫ਼ਾ ਮੰਗੀ ਹੈ ।

ਅੰਮ੍ਰਿਤ ਆਖ ਕੇ ਜਿਹੜਾ ਪਿਆਉਂਦਾ ਜ਼ਹਿਰ ਜੀਵਨ ਨੂੰ,
ਉਸੇ ਹੀ ਵੈਦ ਤੋਂ ਅਸਾਂ ਜਾ ਕੇ ਦਵਾ ਮੰਗੀ ਹੈ ।

ਜਿਨ੍ਹਾਂ ਨੇ ਕਦੇ ਅ ਪਣੇ ਸਿਰ ਪੱਲਾ ਨਹੀਂ ਲੀਤਾ,
ਬੜੇ ਮੂਰਖ ਬਣੇ ਉਹਨਾਂ ਤੋਂ ਹਯਾ ਮੰਗੀ ਹੈ ।

ਸਮੇਂ ਦੇ ਜ਼ਖਮ ਕਹਿੰਦੇ ਮੌਤ ਤਾਂ ਹੁੰਦੀ ਬੜੀ ਔਖੀ,
ਪੀੜਾਂ ਨੇ ਰੋਣ ਛਡਿਆ ਹੈ ਹੱਸ ਕੇ ਕਜ਼ਾ ਮੰਗੀ ਹੈ ।

ਤੁਸੀਂ ਕੀ ਪੁਛਦੇ ਹੋ ਮੇਰਿਆਂ ਸਾਹਵਾਂ ਤੇ ਕੀ ਬੀਤੀ ।
ਪੈਰਾਂ ਦੇ ਛਾਲਿਆਂ ਨੂੰ ਯਾਦ ਹੈ ਰਾਹਵਾਂ ਤੇ ਕੀ ਬੀਤੀ ।

ਇਹ ਜ਼ਿੰਦਗੀ ਗੁਜ਼ਰ ਹੀ ਤਾਂ ਰਹੀ ਹੈ ਉਸ ਦੇ ਬਗ਼ੈਰ,
ਮਿਲਦੇ ਰਹੇ ਸਾਂ ਜਿਥੇ ਉਹਨਾਂ ਥਾਵਾਂ ਤੇ ਕੀ ਬੀਤੀ ।

ਜਿੰਨਾਂ ਤੇ ਆਪ ਡਾਕਟਰ ਨੇ ਹੀ ਨਸ਼ਤਰ ਫੇਰ ਦਿਤੇ ਨੇ,
ਅੱਛੇ ਹੋ ਰਹੇ ਸਨ ਜੋ ਉਹਨਾਂ ਘਾਵਾਂ ਤੇ ਕੀ ਬੀਤੀ ।

ਜੋ ਚਿੱਠੀਆਂ ਬਿਨਾਂ ਪੜ੍ਹਿਆਂ ਉਹਨਾਂ ਨੇ ਪਾੜ ਸੁਟੀਆਂ ਨੇ,
ਇਹ ਦੱਸੋ ਕੌਣ ਪੁੱਛੇਗਾ ਉਹਨਾਂ ਭਾਵਾਂ ਤੇ ਕੀ ਬੀਤੀ ।

ਹੋਏ ਮਸ਼ਹੂਰ ਨਾਵਾਂ ਨੇ ਤਾਂ ਇਕ ਦਿਨ ਮਿਟ ਹੀ ਜਾਣਾ ਸੀ,
ਜਿਹੜੇ ਲਿਖਦਿਆਂ ਬੁੱਝ ਗਏ ਉਹਨਾਂ ਨਾਵਾਂ ਤੇ ਕੀ ਬੀਤੀ ।

ਜੋ ਵੱਢੀਆਂ ਜਾਂਦੀਆਂ ਤਾਂ ਹੌਸਲਾ ਰੋ ਰੋ ਕੇ ਚੁੱਪ ਕਰਦਾ,
ਤਨਾਂ ਦੇ ਨਾਲ ਸੁੱਕ ਗਈਆਂ ਉਹਨਾਂ ਬ੍ਹਾਵਾਂ ਤੇ ਕੀ ਬੀਤੀ ।

ਸਾਰੀ ਰਾਤ ਸੜਕਾਂ ਤੇ ਮੈਂ ਆਪਣੇ ਨਾਲ ਲੜਿਆ ਹਾਂ,
ਜ਼ਖਮੀ ਹੋ ਕੇ ਕਰਲਾਉਂਦਿਆਂ ਚਾਵਾਂ ਤੇ ਕੀ ਬੀਤੀ ।

ਜਿਨ੍ਹਾਂ ਦੇ ਹੇਠ ਮੇਰੇ ਜਿਊਂਦਿਆਂ ਮੇਰੀ ਚਿਖਾ ਬਾਲੀ,
ਉਹਨਾਂ ਹੱਥਾਂ ਤੇ ਕੀ ਬੀਤੀ ਉਹਨਾਂ ਛਾਵਾਂ ਤੇ ਕੀ ਬੀਤੀ ।

ਜੋ ਪੀੜਾਂ ਸਹਿ ਕੇ ਇਕਲੌਤੇ ਜਣੇ ਸੀ ਪੁੱਤ ਆਸਾਂ ਨੇ,
ਜਦੋਂ ਉਹ ਖੇਡਦੇ ਮਰ ਗਏ ਉਹਨਾਂ ਮਾਵਾਂ ਤੇ ਕੀ ਬੀਤੀ ।



Sri Satguru Jagjit Singh Ji eLibrary NamdhariElibrary@gmail.com

# ਸਤਿਗੁਰ ਪ੍ਰਤਾਪ ਸਿੰਘ ਸੰਗੀਤ ਸੰਮੇਲਨ ਜਲੰਧਰ

—ਜਗਦੀਸ਼ ਸਿੰਘ

੨੮ ਅਤੇ ੨੯ ਜਨਵਰੀ ਨੂੰ ਜਲੰਧਰ ਦੇ ਮਸ਼ਹੂਰ ਦੇਸ਼ ਭਗਤ ਯਾਦਗਾਰ ਹਾਲ ਵਿਚ ਹੋਇਆ 'ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ' ਜਲੰਧਰ ਦੇ ਸਭਿਆਚਾਰਕ ਇਤਿਹਾਸ ਵਿਚ ਇਕ ਮੀਲ-ਪੱਥਰ ਬਣ ਗਿਆ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀਆਂ ਬਖਸ਼ਿਸ਼ਾਂ ਦੇ ਭੰਡਾਰੇ ਖੋਲ੍ਹ ਕੇ ਇਸ ਸੰਗੀਤ ਸੰਮੇਲਨ ਨੂੰ ਭਰਪੂਰ ਅਸ਼ੀਰਵਾਦ ਦਿਤਾ। ਸੰਗੀਤ ਦੇ ਪ੍ਰਸਿਧ ਕਲਾਕਾਰਾਂ, ਵਿਦਿਆਰਥੀਆਂ, ਸ਼ੌਕੀਨਾਂ, ਸਾਹਿਤਕਾਰਾਂ, ਆਮ ਲੋਕਾਂ, ਰੇਡੀਓ, ਦੂਰ-ਦਰਸ਼ਨ ਅਤੇ ਅਖਬਾਰਾਂ ਨੇ ਇਸ ਆਯੋਜਨ ਦੀ ਮੁਕਤ ਕੰਠ ਨਾਲ ਪ੍ਰਸੰਸਾ ਕੀਤੀ ਹੈ। ਪੰਜਾਬੀ ਦੇ ਹਰਮਨ-ਪਿਆਰੇ ਕਹਾਣੀ ਲੇਖਕ ਪ੍ਰੋ: ਵਰਿਆਮ ਸਿੰਘ ਸੰਧੂ ਨੇ ਇਸ ਨੂੰ ਸਤਿਗੁਰੂ ਜਗਜੀਤ ਸਿੰਘ ਅਤੇ ਨਾਮਧਾਰੀ ਪੰਥ ਦਾ ਭਰਪੂਰ ਚਲੌਅ ਆਖਦਿਆਂ ਵਡਿਆਇਆ ਹੈ।

ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਆਹੂਤੀਆਂ ਪਾਉਣ ਵਾਲੀ ਮਹਾਨ ਗ਼ਦਰ ਪਾਰਟੀ ਦੇ ਸ਼ਹੀਦਾਂ ਅਤੇ ਆਜ਼ਾਦੀ ਦੇ ਪਰਵਾਨਿਆਂ ਦੀ ਯਾਦ ਵਿਚ ਉੱਸਰਿਆ ਵਿਸ਼ਾਲ ਦੇਸ਼ ਭਗਤ ਯਾਦਗਾਰ ਹਾਲ ਪੰਜਾਬ ਦਾ ਅਹਿਮ ਸਭਿਆ-ਚਾਰਕ ਕੇਂਦਰ ਵੀ ਬਣ ਗਿਆ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਹੀ ਇਕ ਮੈਂਬਰ ਕਾਮਰੇਡ ਨੌਨਿਹਾਲ ਸਿੰਘ ਨੇ ਇਸ ਲੇਖਕ ਨੂੰ ਕਿਹਾ ਕਿ ਤੁਸੀਂ ਨਾਮਧਾਰੀਆਂ ਵਲੋਂ ਸ਼ਾਸਤਰੀ ਸੰਗੀਤ ਦਾ ਪ੍ਰੋਗਰਾਮ ਇਥੇ ਜ਼ਰੂਰ ਕਰੋ। ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਪ੍ਰਬੰਧਕਾਂ ਨੂੰ ਜਲੰਧਰ ਵਿਚ ਸੰਮੇਲਨ ਕਰਨ ਦੀ ਆਗਿਆ ਦੇ ਦਿਤੀ ਤਾਂ ਇਹ ਨਿਰੀ ਆਗਿਆ ਹੀ ਨਹੀਂ, ਸਗੋਂ ਇਹ ਵੀ ਆਦੇਸ਼ ਸੀ ਕਿ ਇਹ ਸੰਮੇਲਨ ਸ੍ਰੀ ਭੈਣੀ ਸਾਹਿਬ ਦੇ ਪੁਰਾਣੇ ਸੰਗੀਤ ਉਸਤਾਦਾਂ (ਜੋ ਸਤਿਗੁਰੂ ਜੀ ਦੇ ਵੀ ਸੰਗੀਤ ਉਸਤਾਦ ਸਨ) ਭਾਈ ਹਰਨਾਮ ਸਿੰਘ ਜੀ ਅਤੇ ਉਸਤਾਦ ਉਧੋ ਖ਼ਾਂ ਸਾਹਿਬ ਨੂੰ ਸਮਰਪਿਤ ਹੋਏ। ਇਹਨਾਂ ਦੋਹਾਂ ਉਸਤਾਦਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਗੀਤ ਸਿਖਾਉਣ ਲਈ ਨਿਯੁਕਤ ਕੀਤਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਵੀ ਦਰਸ਼ਨ ਦੇਣੇ ਪ੍ਰਵਾਨ ਕੀਤੇ। ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਪ੍ਰਬੰਧਕ ਸਰਗਰਮ ਹੋਏ, ਦੇਸ਼ ਭਗਤ ਯਾਦਗਾਰ ਕਮੇਟੀ ਦਾ ਸਭਿਆ-ਚਾਰਕ ਵਿੰਗ ਹਰਕਤ ਵਿਚ ਆ ਗਿਆ ਅਤੇ ਜਲੰਧਰ ਦੀ ਨਾਮਧਾਰੀ ਸੰਗਤ, ਜਲੰਧਰ ਦਾ ਨਾਮਧਾਰੀ ਸੰਗੀਤ ਕੇਂਦਰ ਸੰਮੇਲਨ ਦੀ ਸਫਲਤਾ ਵਾਸਤੇ ਦੌੜ-ਭੱਜ ਕਰਨ ਲਈ ਆਪਣੇ ਧੰਨ ਭਾਗ ਸਮਝਣ ਲੱਗੇ।

ਸਨਿਚਰਵਾਰ ੨੮ ਜਨਵਰੀ ਸ਼ਾਮ ੫-੩੦ ਤੇ ਜਦੋਂ ਸਤਿਗੁਰੂ ਜੀ ਦੀਆਂ ਕਾਰਾਂ ਦਾ ਕਾਫ਼ਲਾ ਦੇਸ਼ ਭਗਤ ਯਾਦਗਾਰ ਹਾਲ ਦੇ ਮੁਖ ਦੁਆਰ ਤੋਂ ਅੰਦਰ ਆਇਆ ਤਾਂ ਸੁਆਗਤ ਵਾਸਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੁਖੀ ਬਾਬਾ ਭਗਤ ਸਿੰਘ ਬਿਲਗਾ ਦੀ ਰਹਿਨੁਮਾਈ ਵਿਚ, ਜਲੰਧਰ ਦੇ ਮੇਅਰ ਸ੍ਰੀ ਜੇ ਕਿਸ਼ਨ ਸੈਣੀ ਐਮ.ਐਲ.ਏ., ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਤੇ ਸਮਾਗਮ ਦੇ ਮੁਖ ਮਹਿਮਾਨ ਡਾਕਟਰ ਜੁਗਿੰਦਰ ਸਿੰਘ ਪੁਆਰ, ਦੇਸ਼ ਭਗਤ ਕਮੇਟੀ ਸਭਿਆਚਾਰਕ ਵਿੰਗ ਦੇ ਸਕੱਤਰ ਗੁਰਮੀਤ ਸਿੰਘ, ਸ਼ਰੋਮਣੀ ਪੱਤਰਕਾਰ ਬਾਬਾ ਗੁਰਬਖਸ਼ ਸਿੰਘ ਬੰਨੋਆਣਾ ਪੰਜਾਬੀ ਕਹਾਣੀਕਾਰ ਸ. ਗੁਰਬਚਨ ਸਿੰਘ ਭੁੱਲਰ, ਪ੍ਰੋ: ਵਰਿਆਮ ਸਿੰਘ ਸੰਧੂ ਅਤੇ ਹੋਰ ਪ੍ਰਤਿਸ਼ਟ ਸਜਣਾਂ ਨੇ ਸਤਿਗੁਰੂ ਜੀ ਨੂੰ ਜੀਓ ਆਇਆਂ ਕਿਹਾ ਅਤੇ ਸਨਮਾਨ-ਪੂਰਬਕ ਉਪਰਲੀ ਮੰਜ਼ਲ ਤੇ ਬਣੇ ਬਾਬਾ ਜਵਾਲਾ ਸਿੰਘ ਆਡੀਟੋਰੀਅਮ ਦੇ ਵਿਸ਼ਾਲ ਮੰਚ ਤੇ ਲਿਜਾਇਆ ਗਿਆ। ਇਥੇ ਸਤਿਗੁਰੂ ਜੀ ਨੇ ਪ੍ਰਸਿਧ ਆਰਟਿਸਟ ਸੁਖਵੰਤ ਦੁਆਰਾ ਬਣਾਈਆਂ ਉਸਤਾਦ ਭਾਈ ਹਰਨਾਮ ਸਿੰਘ ਜੀ ਅਤੇ ਉਸਤਾਦ ਉਧੋ ਖ਼ਾਨ ਸਾਹਿਬ ਦੀਆਂ ਤਸਵੀਰਾਂ ਦਾ ਨਿਰੀਖਣ ਕੀਤਾ ਅਤੇ ਕਲਾ-ਕ੍ਰਿਤਾਂ ਦੀ ਸਲਾਹੁਤਾ ਕੀਤੀ।

ਸਤਿਗੁਰੂ ਜੀ ਉੱਚੇ ਸਟੇਜ ਤੇ ਆਪਣੇ ਆਸਨ ਤੇ ਸੁਸ਼ੋਭਿਤ ਹੋ ਗਏ ਤਾਂ ਇਹਨਾਂ ਸਤਰਾਂ ਦੇ ਲੇਖਕ ਨੇ ਸਟੇਜ



Sri Satguru Jagjit Singh Ji eLibrary NamdhariElibrary@gmail.com

ਪ੍ਰਬੰਧਕ ਹੋਣ ਦੇ ਨਾਤੇ ਆਦਿ-ਸ਼ਬਦ ਕਹੇ। ਨਾਮਧਾਰੀ ਜਗਤ ਅਤੇ ਗ਼ਦਰ ਪਾਰਟੀ ਦੇ ਸੰਬੰਧਾਂ ਦੀ ਗੱਲ ਕਰਦਿਆਂ ਗਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦਾ ਜ਼ਿਕਰ ਕੀਤਾ ਜੋ ਨਾਮਧਾਰੀ ਸਨ। ਸਤਿਗੁਰੂ ਜੀ ਦੇ ਵਿਧੀਵਤ ਸੁਆਗਤ ਹਿਤ ਆਪ ਜੀ ਨੂੰ ਹਾਰ ਪੇਸ਼ ਕੀਤੇ ਗਏ। ਪੇਸ਼ ਕਰਨ ਵਾਲਿਆਂ ਵਿਚੋਂ ਕੁਝ ਪ੍ਰਮੁਖ ਨਾਮ ਹਨ — ਬਾਬਾ ਭਗਤ ਸਿੰਘ ਬਿਲਗਾ, ਸ੍ਰੀ ਜੈ ਕਿਸ਼ਨ ਸੈਣੀ ਮੇਅਰ, ਡਾ: ਜੁਗਿੰਦਰ ਸਿੰਘ ਪੁਆਰ ਵਾਈਸ ਚਾਂਸਲਰ, ਸ਼ਰੋਮਣੀ ਪੱਤਰਕਾਰ ਬਾਬਾ ਗੁਰਬਖਸ਼ ਸਿੰਘ ਬੰਨੋਆਣਾ, ਗੁਰਮੀਤ ਸਿੰਘ ਸਭਿਆਚਾਰਕ ਵਿੰਗ, ਪ੍ਰੋ: ਵਰਿਆਮ ਸਿੰਘ ਸੰਧੂ, ਜਲੰਧਰ ਦੇ ਪ੍ਰਮੁਖ ਸੰਗੀਤਕਾਰ ਪ੍ਰੋ: ਲਛਮਣ ਸਿੰਘ ਸੀਨ ਤੇ ਸ੍ਰੀ ਸ਼ੰਕਰ ਲਾਲ ਮਿਸ਼ਰਾ। ਨਾਮਧਾਰੀ ਕਲਾ ਕੇਂਦਰ ਵਲੋਂ ਲੇਖਕ ਜਗਦੀਸ਼ ਸਿੰਘ ਨੇ ਹਾਰ ਭੇਟ ਕੀਤਾ।

ਸੁਆਗਤ ਦੇ ਮੁਢਲੇ ਸ਼ਬਦ ਸ਼ਹਿਰ ਦੇ ਪਰਮੁਖ ਸ਼ਹਿਰੀ ਸ੍ਰੀ ਜੈ ਕਿਸ਼ਨ ਸੈਣੀ ਮੇਅਰ ਜਲੰਧਰ ਨੇ ਆਖਦਿਆਂ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕੀਤਾ।

ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਸੁਆਗਤੀ ਸ਼ਬਦ ਕਲਮ ਅਤੇ ਜ਼ਬਾਨ ਦੇ ਧਨੀ ਪ੍ਰੋ. ਵਰਿਆਮ ਸਿੰਘ ਸੰਧੂ ਹੋਰਾਂ ਆਖੇ। ਉਹਨਾਂ ਆਪਣੇ ਗੁੰਦਵੇਂ ਸ਼ਬਦਾਂ ਵਿਚ ਪੰਜਾਬ ਦੇ ਸਭਿਆਚਾਰ, ਕੋਮਲ ਕਲਾਵਾਂ, ਖੇਡਾਂ ਅਤੇ ਖਾਸ ਕਰ ਸੰਗੀਤ ਖੇਤਰ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਣ ਦਾ ਬਖਾਨ ਕੀਤਾ। ਪ੍ਰੋ. ਸੰਧੂ ਹੋਰਾਂ ਦੀ ਤਕਰੀਰ ਆਪਣੇ ਆਪ ਵਿਚ ਹੀ ਇਕ ਕਲਾ ਕ੍ਰਿਤ ਸੀ, ਜੋ ਸਰੋਤਿਆਂ ਨੂੰ ਆਪਣੇ ਨਾਲ ਬਹਾ ਕੇ ਲੈ ਗਈ। ਪ੍ਰਸਿਧ ਲੇਖਕ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਨੇ ਵੀ ਕੁਝ ਸ਼ਬਦ ਕਹੇ।

## ਆਰੰਭ ਬੱਚਿਆਂ ਦੁਆਰਾ

ਸੰਗੀਤ ਸਭਾ ਦਾ ਆਰੰਭ ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਬਚਿਆਂ ਦੇ ਗਾਇਣ ਨਾਲ ਹੋਇਆ। ਇਹਨਾਂ ਬਚਿਆਂ ਨੇ ਉਹ ਬੰਦਸ਼ਾਂ ਗਾਉਣੀਆਂ ਸਨ ਜੋ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸਤਾਦ ਭਾਈ ਹਰਨਾਮ ਸਿੰਘ ਜੀ ਅਤੇ ਉਸਤਾਦ ਊਧੋ ਖਾਂ ਸਾਹਿਬ ਤੋਂ ਪ੍ਰਾਪਤ ਕਰਕੇ ਇਹਨਾਂ ਬਚਿਆਂ ਨੂੰ ਸਿਖਾਈਆਂ ਸਨ। ਸੋਹਣੇ ਫਬਵੇਂ ਸਫੇਦ ਬਸਤਰ ਪਾਈ ੧੦ ਨਾਮਧਾਰੀ ਯੁਵਕ ਹੱਥਾਂ ਵਿਚ ਦਿਲਰੁਬਾ ਅਤੇ ਤਾਨਪੂਰੇ ਸਾਜ਼ ਲੈ ਕੇ ਸਟੇਜ ਤੇ ਸ਼ਸ਼ੋਭਿਤ ਹੋਏ।



ਭਾਈ ਹਰਨਾਮ ਸਿੰਘ ਜੀ

ਇਹਨਾਂ ਦੀ ਦਿੱਖ ਨੇ ਹੀ ਸਰੋਤਿਆਂ ਤੇ ਗਹਿਰਾ ਪਰਭਾਵ ਪਾਇਆ। ਜਦੋਂ ਇਹਨਾਂ ਰਾਗ ਬਹਾਰ ਵਿਚ ਸੰਖੇਪ ਜਿਹੇ ਸੁਰੀਲੇ ਅਤੇ ਸਾਮੂਹਕ ਆਲਾਪ ਬਾਅਦ ਬਹਾਰ ਹਿੰਡੋਲ ਅਤੇ ਸਾਰੰਗ ਵਿਚ ਛੋਟੀਆਂ ਬੰਦਸ਼ਾਂ ਅਤੇ ਤਰਾਨਾ ਪੇਸ਼ ਕੀਤੇ ਤਾਂ ਸਰੋਤਿਆਂ ਅਖਾਂ ਮੁੰਦ ਮੁੰਦ ਕੇ ਦਾਦ ਦਿਤੀ। ਦਿਲਾਂ ਤਕ ਉਤਰਦੇ ਸੰਗੀਤ ਦੀ ਪਹਿਲੀ ਕਲਾ ਕ੍ਰਿਤੀ ਨੇ ਸੰਮੇਲਨ ਦੀ ਸਫਲਤਾ ਦੀ ਪੈੜ ਬੰਨ੍ਹ ਦਿਤੀ।

## ਸੁਰਜੀਤ ਸਿੰਘ ਦਾ ਸਾਰੰਗੀਵਾਦਨ

ਸ਼ਾਮ ਦਾ ਸਮਾਂ ਰਾਗ ਭੀਮ ਪਲਾਸੀ, ਸਾਜ਼ ਜਜ਼ਬੇ ਜਗਾਉਣ ਵਾਲਾ ਸਾਰੰਗੀ ਅਤੇ ਕਲਾਕਾਰ ਸੁਰਜੀਤ ਸਿੰਘ ਜਿਸ ਦੀ ਵਾਦਨ ਕਲਾ ਵਿਚੋਂ ਅਪਣੇ ਜਗਤ ਪ੍ਰਸਿਧ ਸੰਗੀਤ ਗੁਰੂ ਪੰਡਿਤ ਰਾਮ ਨਰਾਇਣ ਦੀ ਦਿਲ ਵਿਚ ਤਰੰਗਾਂ ਪੈਦਾ ਕਰਨ ਵਾਲੀ ਸ਼ੈਲੀ ਦੀ ਖੁਸ਼ਬੋ ਆਉਂਦੀ ਹੈ—ਇਹ ਸੀ



Sri Satguru Jagjit Singh Ji eLibrary NamdhariElibrary@gmail.com



ਉਸਤਾਦ ਉਧੋ ਖਾਂ ਸਾਹਿਬ

ਦੂਸਰੀ ਕਲਾ ਕ੍ਰਿਤੀ । ਹਰਪ੍ਰੀਤ ਸਿੰਘ ਦੀ ਮਿਲਵੀਂ ਤੁਲਵੀਂ ਤਬਲਾ ਸੰਗਤ ਨਾਲ ਪ੍ਰੋਗਰਾਮ ਨੇ ਭਰਪੂਰ ਸਲਾਹੁਤਾ ਪ੍ਰਾਪਤ ਕੀਤੀ । ਦੋਹਰ ਪੈਣ ਨਾਲ ਪ੍ਰੋਗਰਾਮ ਹੋਰ ਜੰਮ ਗਿਆ ।

## ਡਾ: ਜੁਗਿੰਦਰ ਸਿੰਘ ਪੁਆਰ

ਇਸ ਅਵਸਰ ਤੇ ਸਟੇਜ ਤੇ ਆ ਕੇ ਮੁਖ ਮਹਿਮਾਨ ਡਾ. ਜੁਗਿੰਦਰ ਸਿੰਘ ਪੁਆਰ ਉਪ ਕੁਲਪਤੀ ਪੰਜਾਬੀ ਯੂਨੀਵਰਸਟੀ ਪਟਿਆਲਾ ਨੇ ਸੰਮੇਲਨ ਵਾਸਤੇ ਖਾਸ ਤੌਰ ਤੇ ਤਿਆਰ ਕੀਤਾ ਗਿਆ ਪਰੀਚੈ ਪਤਰ-ਸੋਵੀਨਰ ਰੀਲੀਜ਼ ਕੀਤਾ ਅਤੇ ਸਤਿਗੁਰੂ ਜੀ ਨੂੰ ਭੇਟ ਕੀਤਾ । ਡਾ. ਪੁਆਰ ਜੀ ਨੇ ਅਪਣੀ ਤਕਰੀਰ ਵਿਚ ਕਿਹਾ ਕਿ ਬਦਲਦੀ ਦੁਨੀਆਂ ਵਿਚ ਸਭ ਕੁਝ ਬਦਲਦਾ ਹੈ ਪਰ ਅਪਣਾ ਸੰਗੀਤ ਤੇ ਸਭਿਆਚਾਰ ਪੁਰਾਣਾ ਰਹਿੰਦਾ ਹੈ । ਇਸ ਸੰਗੀਤ ਦੀ ਸੰਭਾਲ ਅਤੇ ਵਿਕਾਸ ਵਾਸਤੇ ਜੋ ਉਪਰਾਲੇ ਸਤਿਗੁਰੂ ਜੀ ਕਰ ਰਹੇ ਹਨ ਉਹ ਬਹੁਤ ਮਹਾਨ ਹਨ ਅਤੇ ਭਾਰੀ ਉਪਕਾਰ ਹੈ । ਉਹਨਾਂ ਸੰਮੇਲਨ ਦੀ ਸਫਲਤਾ ਦੀ ਦਿਲੀ ਕਾਮਨਾ ਕੀਤੀ ।

## ਮੋਹਨ ਸਿੰਘ-ਸੁਖਦੇਵ ਸਿੰਘ

ਜਾਣੇ ਪਛਾਣੇ ਰਾਗ ਮਾਲਕੌਂਸ ਦੀਆਂ ਸੁਰਾਂ ਵਿਚ ਮੋਹਨ ਸਿੰਘ ਸੁਖਦੇਵ ਸਿੰਘ ਨਾਮਧਾਰੀ ਯੁਗਲ ਕਲਾਕਾਰਾਂ ਦਾ ਗਾਇਣ ਆਰੰਭ ਹੋਇਆ । ਆਲਾਪ ਤੋਂ ਬਾਅਦ ਇਕ ਬੰਦਿਸ਼ ਗਾ ਕੇ ਜਦੋਂ ਉਹਨਾਂ 'ਯਾ ਰੱਬਾ ਮੇਰੀ ਬੇੜੀ ਨੂੰ ਪਾਰ ਲੰਘਾਈਂ । ਪੰਜਾਬੀ ਦੀ ਬੰਦਿਸ਼ ਗਾਈ ਤਾਂ ਸ਼ਾਸਤਰੀ ਸੰਗੀਤ ਤੋਂ ਅਣਜਾਨ ਸਰੋਤੇ ਵੀ ਝੂਮਣ ਲਗੇ । ਰਾਗ ਦੇਸ ਵਿਚ ਗਾਈ ਰਚਨਾ 'ਹੇ ਮਾ ਗਰਜ ਗਰਜ ਬਰਸ ਰਹੀਆਂ ਬੂੰਦਰੀਆਂ' ਦੇ ਨਾਲ ਸੁਖਦੇਵ ਸਿੰਘ ਜਲੰਧਰ ਦਾ ਤਬਲਾ ਬਦਲਾਂ ਵਾਂਗ ਗਰਜ ਰਿਹਾ ਸੀ ਤੇ ਬੂੰਦਾਂ ਵਾਂਗ ਕੋਮਲ ਵੀ ਵਜ ਰਿਹਾ ਸੀ । ਭੈਣੀ ਸਾਹਿਬ ਦੇ ਉਸਤਾਦ ਜਨਾਂ ਦੀਆਂ ਬੰਦਸ਼ਾਂ ਸਤਿਗੁਰੂ ਜੀ ਤੋਂ ਸਿਖ ਕੇ ਪ੍ਰਸਤੁਤ ਕਰਨੀਆਂ ਐਨ ਢੁਕਵੀਂ ਗਲ ਸੀ ।

## ਕਿਰਨਪਾਲ ਸਿੰਘ ਨਾਮਧਾਰੀ

ਬੂੰਦਾਂ ਦੇ ਸ਼ਾਬਦਕ ਕਥਨ ਤੋਂ ਬਾਅਦ ਲਗ ਰਿਹਾ ਸੀ ਸੱਚਮੁਚ ਬੂੰਦਾਂ ਪੈਣ ਲਗ ਪਈਆਂ ਹਨ। ਇਹ ਕਿਣ ਮਿਣ ਇਕ ਸਾਜ਼ ਚੋਂ ਨਿਕਲ ਰਹੀ ਸੀ। ਸੌ ਤਾਰਾਂ ਵਾਲੇ ਸਾਜ਼ ਸੰਤੂਰ ਤੇ ਲਕੜ ਦੀਆਂ ਖੂੰਟੀਆਂ ਦੇ ਸਪਰਸ਼ ਨਾਲ । ਸੰਤੂਰ ਰਾਹੀਂ ਰਾਗ ਪੂਰੀਆ ਕਲਿਆਣ ਦੀ ਕਿਰਨਾਂ ਬਖੇਰ ਰਿਹਾ ਸੀ ਕਲਾਕਾਰ ਕਿਰਨਪਾਲ ਸਿੰਘ । ਪੂਰੇ ੧੨ ਸਾਲ ਪੰਡਿਤ ਸ਼ਿਵ ਕੁਮਾਰ ਸ਼ਰਮਾ ਪਾਸੋਂ ਬੰਬਈ ਰਹਿ ਕੇ ਸੰਤੂਰ ਸਿਖਣ ਵਾਲਾ ਇਹ ਕਲਾਕਾਰ ਅਜ ਕਲ ਯੂਰਪ ਦਾ ਇਕੋ ਇਕ ਪਰੋਫੈਸ਼ਨਲ ਸੰਤੂਰ ਵਾਦਕ ਹੈ ਅਤੇ ਇੰਗਲੈਂਡ ਤੋਂ ਇਸ ਸੰਮੇਲਨ ਵਾਸਤੇ ਆਇਆ ਸੀ । ਰੂਪਕ ਅਤੇ ਤਿੰਨ ਤਾਲ ਦੀਆਂ ਬੰਦਸ਼ਾਂ ਵਿਚ ਹਰਪ੍ਰੀਤ ਸਿੰਘ ਦੀ ਤਬਲਾ ਸੰਗਤ ਪ੍ਰਭਾਵ ਪਾ ਰਹੀ ਸੀ । ਅਜ ਤਕ ਗਲਾਂ ਹੋ ਰਹੀਆਂ ਹਨ ਕਿ ਕਿਰਨਪਾਲ ਨੇ ਬਹੁਤ ਵਧੀਆ ਵਜਾਇਆ ।

## ਸ੍ਰੀ ਮਧੁਪ ਮੋਦਗਿਲ

ਸ੍ਰੀ ਮਧੁਪ ਮੋਦਗਿਲ ਕੋਮਲ ਦਿਖ ਵਾਲੇ ਕੋਮਲ ਭਾਵੀ ਕਲਾਕਾਰ ਹਨ । ਮਹਾਨ ਸੰਗੀਤਕਾਰਾਂ ਦੀ ਸੰਗਤ ਵਿਚ ਸੰਗੀਤ ਮਾਹੌਲ ਵਿਚ ਪਲੇ ਹਨ । ਗੰਧਰਵ ਮਹਾਂ ਵਿਦਿਆਲਾ ਵਾਲੇ ਪੰਡਿਤ ਵਿਨੈ ਚੰਦਰ ਮੋਦਗਿਲ ਦੇ ਸਪੁਤਰ ਅਤੇ ਸ਼ਿਸ਼, ਵਸੰਤ ਠਕਾਰ ਅਤੇ ਪੰਡਿਤ ਜੱਸ ਰਾਜ



Sri Satguru Jagjit Singh Ji eLibrary NamdhariElibrary@gmail.com

ਪਾਸੋਂ ਸਿਖਿਆ ਲੈ ਕੇ ਸ੍ਰੀ ਕੁਮਾਰ ਗੰਧਰਵ ਜੀ ਦੇ ਅੰਤ ਤਕ ਸ਼ਾਗਿਰਦ ਰਹੇ ਹਨ। ਇਹ ਪਹਿਲੀ ਵਾਰ ਨਾਮਧਾਰੀ ਸਟੇਜ ਤੇ ਅਤੇ ਜਲੰਧਰ ਵਿਚ ਆਏ ਸਨ । ਇਹ ਬਹੁਤ ਸਹਿਜ ਭਾਵ ਨਾਲ ਰਾਗ ਜੈ ਜੈ ਵੰਤੀ ਦੀ ਅਵਤਾਰਨਾ ਕਰ ਰਹੇ ਸਨ । ਇਹਨਾਂ ਦਾ ਪ੍ਰਭਾਵ ਬਹੁਤ ਅਧਿਆਤਮਕ ਸੀ। ਗਾਇਕੀ ਜੋ ਧੁਰ ਆਤਮਾ ਤਕ ਉਤਰੇ । ਅਨੰਦ ਅਤੇ ਸ਼ਾਂਤੀ ਦੀਆਂ ਸਿਖਰਾਂ ਵਲ ਲੈ ਜਾਵੇ। ਜੈ ਜੈ ਵੰਤੀ ਉਪਰੰਤ ਸ਼ਾਹਾਨਾ ਗਾ ਕੇ ਉਹਨਾਂ ਇਕ ਭਜਨ ਗਾਇਆ । ਭਜਨ ਸੁਣ ਕੇ ਨਾ ਕੋਈ ਤਾਲੀ ਮਾਰ ਰਿਹਾ ਸੀ ਨਾ ਕੋਈ ਕੁਸਕ ਰਿਹਾ ਸੀ । ਅਖਾਂ ਮੀਟ ਕੇ ਲੋਕ ਝੂਮੀ ਹੀ ਜਾ ਰਹੇ ਸਨ । ਭਜਨ ਦੇ ਬੋਲ ਹਰ ਆਤਮਾਂ 'ਚ ਉਤਰ ਰਹੇ ਸਨ :

ਗੁਰੂ ਜੀ ਮੈ ਤੋ ਏਕ ਨਿਰੰਜਨ ਧਿਆਊਂ ਜੀ
ਦੂਜੇ ਕੇ ਸੰਗ ਨਹੀਂ ਜਾਊਂ ਜੀ……

ਦੁਖ ਨਾ ਜਾਨੂੰ ਜੀ ਦਰਦ ਨਾ ਜਾਨੂੰ ਜੀ
ਮੈਂ ਨਾ ਕੋਈ ਵੇਦ ਬੁਲਾਊਂ ਜੀ
ਸਤਿਗੁਰ ਵੇਦ ਮਿਲੇ ਅਵਿਨਾਸ਼ੀ
ਵਾ ਕੋ ਹੀ ਨਾੜੀ ਬਤਾਊਂ ਜੀ……

ਗੰਗਾ ਨ ਜਾਊਂ ਜੀ ਜਮਨਾ ਨਾ ਜਾਊਂ ਜੀ
ਮੈਂ ਨਾ ਕੋਈ ਤੀਰਥ ਨਹਾਊਂ ਜੀ
ਅਠ ਸਠ ਤੀਰਥ ਹੈ ਘਟ ਭੀਤਰ
ਵਾਹੀ ਮੇਂ ਮਲ ਮਲ ਨਹਾਊਂ ਜੀ……

ਪੱਤੀ ਨ ਤੋੜੂੰ ਜੀ ਪੱਥਰ ਨਾ ਪੂਜੂੰ ਜੀ
ਮੈਂ ਨਾ ਕੋਈ ਦੇਵਲ ਜਾਊਂ ਜੀ
ਬਨ ਬਨ ਕੀ ਮੈਂ ਲੱਕੜੀ ਨਾ ਤੋੜੂੰ
ਨਾ ਕੋਈ ਝਾੜ ਸਤਾਊਂ ਜੀ……

ਕਹੇ ਗੋਰਖ ਸੁਣੋ ਹੋ ਮਛੰਦਰ
ਮੈਂ ਜੋਤ ਸੇ ਜੋਤ ਮਿਲਾਊਂ ਜੀ
ਸਤਿਗੁਰ ਕੇ ਮੈਂ ਸ਼ਰਨ ਗਏ ਸੇ
ਆਵਾਗਵਨ ਮਿਟਾਊਂ ਜੀ ……

ਕਾਲੇ ਰਾਮ ਜੀ ਨੇ ਬਹੁਤ ਸਮਝਦਾਰੀ ਨਾਲ ਤਬਲੇ ਦਾ ਠੇਕਾ ਦਿਤਾ । ਕਿਤੇ ਵੀ ਕਾਹਲ ਜਾਂ ਉਤੇਜਨਾ ਨਹੀਂ ਦਿਖਾਈ। ਪੂਰਾ ਸਮਤੋਲ ਰਖਿਆ ।

### ਸ਼ੁਜਾਤ ਹੁਸੈਨ ਖ਼ਾਂ

ਸ਼ਾਮ ਡੂੰਘੀ ਰਾਤ ਵਿਚ ਪਰਿਵਰਤ ਹੋ ਚੁਕੀ ਸੀ । ਦੇਸ਼ ਭਗਤ ਯਾਦਗਾਰ ਹਾਲ ਖਚਾਖਚ ਭਰਿਆ ਪਿਆ ਸੀ। ਸਰੋਤਿਆਂ ਨੇ ਹੁਣ ਤਕ ਅਨੰਦਮਈ ਸੰਗੀਤ ਨਾਲ ਰੂਹਾਂ ਹੰਗਾਲੀਆਂ ਸਨ । ਇਸ ਵਕਤ ਦਰਸ਼ਕਾਂ 'ਚੋਂ ਰਾਹ ਬਣਾਉਂਦੇ ਬਹੁਤ ਫੁਰਤੀ ਨਾਲ ਸਟੇਜ ਵਲ ਵਧ ਰਹੇ ਸਨ ਅੱਜ ਦੀ ਸ਼ਾਮ ਦੇ ਅੰਤਿਮ ਨੌਜਵਾਨ ਕਲਾਕਾਰ ਭਰਵੇਂ ਸਰੀਰ ਵਾਲੇ ਸ੍ਰੀ ਸ਼ੁਜਾਤ ਹੁਸੈਨ ਖ਼ਾਂ । ਉਸਤਾਦ ਇਮਦਾਦ ਖ਼ਾਂ ਦੇ ਘਰਾਣੇ ਦੇ ਸੱਤਵੇਂ ਵਾਰਸ ਅਤੇ ਉਸਤਾਦ ਵਲਾਇਤ ਖ਼ਾਂ ਸਾਹਿਬ ਦੇ ਸਪੁੱਤਰ । ਸਤਿਗੁਰੂ ਜੀ ਨੂੰ ਉਹਨਾਂ ਸਨਿਮਰ ਨਮਸਕਾਰ ਕੀਤੀ ਅਤੇ ਅਸ਼ੀਰਵਾਦ ਪ੍ਰਾਪਤ ਕੀਤੀ । ਇਨ੍ਹਾਂ ਦੇ ਨਾਲ ਹੀ ਤਬਲੇ ਤੇ ਸੰਗਤ ਵਾਸਤੇ ਆਇਆ ਮਸ਼ਹੂਰ ਨੌਜਵਾਨ ਕਲਾਕਾਰ ਸੰਦੀਪ ਦਾਸ ।

ਸ਼ੁਜਾਤ ਹੁਸੈਨ ਸਾਹਿਬ ਨੇ ਕਮਾਲ ਦੇ ਹੁਨਰ ਦਾ ਪ੍ਰਦਰਸ਼ਨ ਕੀਤਾ । ਸਿਤਾਰ ਦੀਆਂ ਟੁਣਕਾਰਾਂ ਮੀਂਡਾਂ ਤੇ ਖਿੱਚਾਂ ਨਾਲ ਉਹਨਾਂ ਅਦਭੁਤ ਬੋਲ ਪੈਦਾ ਕਰ ਕਰਕੇ ਲੋਕਾਂ ਨੂੰ ਮਸਤਾਨੇ ਕੀਤਾ ਅਤੇ ਆਪ ਵੀ ਵਜੱਦ ਵਿਚ ਆ ਗਏ । ਸੰਪੂਰਨ ਮਾਲਕੌਂਸ ਰਾਗ ਵਿਚ ਉਹਨਾਂ ਆਲਾਪ ਜੋੜ ਝਾਲੇ, ਗਤਾਂ, ਤਾਨਾਂ ਦੇ ਅਨੇਕ ਸਰੂਪ ਅਨੇਕਾਂ ਸੁਰ ਸਮੂਹ ਪੇਸ਼ ਕੀਤੇ । ਉਹ ਆਪ ਵੀ ਗਾ ਰਹੇ ਸਨ ਅਤੇ ਲਗਦਾ ਸੀ ਸਿਤਾਰ ਉਹਨਾਂ ਦੇ ਬੋਲਾਂ ਦੀ ਥਿਰਕਨ ਤੇ ਨ੍ਰਿਤ ਕਰ ਰਹੀ ਸੀ । ਕਿਆ ਸਮਾਂ ਸੀ ਕਿਆ ਮਾਹੌਲ ਸੀ ! ਆਮ ਸੰਗੀਤ ਸੰਮੇਲਨਾਂ ਵਿਚ ਇਹ ਨਹੀਂ ਮਿਲਦਾ । ...ਤੇ ਤਬਲੇ ਦਾ ਸੰਗਤਕਾਰ ਸੰਦੀਪ ਦਾਸ ਬਨਾਰਸ ਵਾਲੇ ਪੰਡਿਤ ਕਿਸਨ ਮਹਾਰਾਜ ਦਾ ਸ਼ਾਗਿਰਦ ਤਬਲੇ ਤੇ ਕੈਸੇ ਕੈਸੇ ਬੋਲ ਪੈਦਾ ਕਰ ਰਿਹਾ ਸੀ ।

ਅੰਤ ਉਤੇ ਝਾਲਾ ਵਾਦਨ ਸਮੇਂ ਤੇਜ਼ ਤੋਂ ਤੇਜ਼ ਗਤੀ ਨਾਲ ਜਦੋਂ ਸਿਖਰਾਂ ਦਾ ਤੇਜ਼ ਸਫ਼ਰ ਸ਼ੁਰੂ ਹੋਇਆ ਤਾਂ ਸੰਦੀਪ ਦਾਸ ਬਰਾਬਰ ਹੀ ਰਿਹਾ । ਉਂਗਲਾਂ ਪੋਟਿਆਂ ਅਤੇ ਗੁੱਟਾਂ ਦੀ ਹਰਕਤ ਦਾ ਰਿਆਜ਼ ਪ੍ਰਤੱਖ ਦਿਸ ਰਿਹਾ ਸੀ । ਸ਼ੁਜਾਤ ਸਾਹਿਬ ਵੀ ਕੇਵਲ ਸੰਗੀਤ ਵਿਚ ਮਗਨ ਸਨ ਅਤੇ ਸਰੋਤੇ ਵੀ ।

ਅੰਤ ਉਤੇ ਸਦਾ-ਬਹਾਰ ਰਾਗ ਭੈਰਵੀ ਵਿਚ ਇਕ ਦਾਦਰਾ ਵਜਾ ਕੇ ਸਭ ਨੂੰ ਪਿਘਲਾ ਦਿਤਾ ।



Sri Satguru Jagjit Singh Ji eLibrary NamdhariElibrary@gmail.com

ਪ੍ਰੋਗਰਾਮ ਸਮਾਪਤ ਸੀ, ਸਰੋਤੇ ਸੀਟਾਂ ਨਾਲ ਜੁੜੇ ਬੈਠੇ ਸੀ। ਭਾਵੇਂ ਸਾਰੀ ਰਾਤ ਬੈਠਾਈ ਰਖੋ। ਸਤਿਗੁਰੂ ਜੀ ਨੇ ਹੁਣੇ ਹੀ ਸ੍ਰੀ ਭੈਣੀ ਸਾਹਿਬ ਪ੍ਰਸਥਾਨ ਕਰ ਜਾਣਾ ਸੀ ਅਤੇ ਫੇਰ ਰਾਮਪੁਰਾ ਫੂਲ ਅਤੇ ਇਲਾਕੇ ਨੂੰ ਦਰਸ਼ਨ ਦਿੰਦਿਆਂ ਅਗਲੀ ਸ਼ਾਮ ਨੂੰ ਵਾਪਸ ਮੁੜ ਆਉਣਾ ਸੀ। ਸੋ ਪ੍ਰੋਗਰਾਮ ਦੀ ਸਮਾਪਤੀ ਤਾਂ ਸਤਿਗੁਰੂ ਜੀ ਦੇ ਇਕ ਇਸ਼ਾਰੇ ਨਾਲ ਹੋ ਗਈ।

ਸੰਗੀਤ ਦਾ ਖੁਮਾਰ ਅਖਾਂ ਵਿਚ ਲਈ ਜਦ ਸਰੋਤੇ ਹਾਲ ਦੀਆਂ ਪੌੜੀਆਂ ਉਤਰ ਰਹੇ ਸਨ ਤਾਂ ਅੱਧੀ ਰਾਤ ਵੇਲੇ ਥੱਲੇ ਲੰਗਰ (ਕੜਾਹ ਪ੍ਰਸ਼ਾਦ, ਪਰਸ਼ਾਦੇ ਦਾਲਾ ਭਾਜਾ ਅਤੇ ਗਰਮ ਗਰਮ ਚਾਹਟਾ) ਉਹਨਾਂ ਦਾ ਇੰਤਜ਼ਾਰ ਕਰ ਰਿਹਾ ਸੀ। ਭਜਨ ਬਾਅਦ ਭੋਜਨ ਵੀ ਹਾਜ਼ਰ ਸੀ।

## ਦੂਸਰੀ ਸਭਾ

ਐਤਵਾਰ ੨੯ ਜਨਵਰੀ ਸ਼ਾਮ ੪-੩੦ ਵਜੇ ਸੰਗੀਤ ਸੰਮੇਲਨ ਦੀ ਦੂਸਰੀ ਸਭਾ ਆਰੰਭ ਹੋ ਗਈ। ਸਭ ਨੂੰ ਪਤਾ ਸੀ ਕਿ ਸਤਿਗੁਰੂ ਜੀ ਨੇ ਦੂਰ ਤੋਂ ਆਉਣਾ ਹੈ, ਇਸ ਵਾਸਤੇ ਹਾਜ਼ਰੀ ਦੀ ਸੰਭਾਵਨਾ ਸ਼ੁਰੂ ਵਿਚ ਘੱਟ ਸੀ। ਪਰ ਇਹ ਅੰਦੇਸ਼ਾ ਬਿਲਕੁਲ ਗਲਤ ਨਿਕਲਿਆ, ਸਗੋਂ ਅਜ ਪਹਿਲੇ ਦਿਨ ਨਾਲੋਂ ਵੀ ਜ਼ਿਆਦਾ ਰੌਣਕਾਂ ਲਗ ਗਈਆਂ।

### ਰਣਬੀਰ ਸਿੰਘ

ਸਭ ਤੋਂ ਪਹਿਲਾ ਭੈਣੀ ਸਾਹਿਬ ਦੇ ਸੋਹਣੇ ਫੱਬਦੇ ਬਾਲ ਕਲਾਕਾਰ ਰਣਬੀਰ ਸਿੰਘ ਦਾ ਦਿਲਰੁਬਾ ਵਾਦਨ ਸੀ। ਰਾਗ ਮਧੂਵੰਤੀ ਉਹਨੇ ਠੀਕ ਸੁਰ ਵਿਚ ਵਜਾਇਆ। ਤਬਲਾ ਜਲੰਧਰ ਤੋਂ ਕੁਲਦੀਪ ਸਿੰਘ ਯੁਵਾ ਕਲਾਕਾਰ ਵਜਾ ਰਿਹਾ ਸੀ। ਪ੍ਰੋਗਰਾਮ ਸਫਲ ਸੀ।

### ਬਲਵੰਤ ਸਿੰਘ

ਰਣਬੀਰ ਸਿੰਘ ਤੋਂ ਬਾਦ ਨਾਮਧਾਰੀ ਕਲਾ ਕੇਂਦਰ ਦੇ ਵਿਦਿਆਰਥੀ ਕਾਕਾ ਬਲਵੰਤ ਸਿੰਘ ਦਾ ਗਾਣਾ ਹੋਇਆ। ਜ਼ੋਰਦਾਰ ਭਰਵੀਂ ਆਵਾਜ਼ ਅਤੇ ਪੂਰਨ ਵਿਸ਼ਵਾਸ਼ ਨਾਲ ਉਹਨਾਂ ਰਾਗ ਮਾਲਕੌਸ ਗਾਇਆ। ਤਬਲੇ ਤੇ ਬਾਲ ਕਲਾਕਾਰ ਬਲਵਿੰਦਰ ਸਿੰਘ ਸੰਗਤ ਕਰ ਰਿਹਾ ਸੀ। ਇਹ ਸ੍ਰੀ ਰਾਜੇਸ਼ ਮਾਲਵੀਆ ਦਾ ਸ਼ਾਗਿਰਦ ਹੈ।

### ਜਤਿੰਦਰ ਸਿੰਘ

ਹੁਣ ਉਸਤਾਦ ਅੱਲਾ ਰੱਖਾ ਖ਼ਾਂ ਸਾਹਿਬ ਦੇ ਸ਼ਾਗਿਰਦ ਜਤਿੰਦਰ ਸਿੰਘ ਜਲੰਧਰ ਦਾ ਮਿਰਦੰਗ ਵਾਦਨ ਹੋਇਆ। ਜਤਿੰਦਰ ਨੂੰ ਵਿਸ਼ੇਸ਼ ਤੌਰ ਤੇ ਮਿਰਦੰਗ ਦੀ ਸਿਖਿਆ ਵਾਸਤੇ ਸਤਿਗੁਰੂ ਜੀ ਨੇ ਬੰਬਈ ਭੇਜਿਆ ਹੈ। ਧਰੁਪਦ ਨਾਲ ਵਜਾਏ ਜਾਣ ਵਾਲੇ ਚਾਰ ਤਾਲ ਦੀ ਪੇਸ਼ਕਾਰੀ ਸਰੋਤਿਆਂ ਤੋਂ ਬਰਾਬਰ ਹੁੰਗਾਰਾ ਭਰਵਾ ਰਹੀ ਸੀ। ਹਿੱਲਦੇ ਸਿਰ ਤੇ ਹੱਥਾਂ ਦੀਆਂ ਤਾਲੀਆਂ ਅਤੇ ਖ਼ਾਲੀ ਦੀਆਂ ਮੁਦਰਾਵਾਂ ਜਤਿੰਦਰ ਸਿੰਘ ਦੇ ਆਪਣੇ ਸਾਜ਼ ਤੇ ਕਮਾਂਡ ਦੇ ਪ੍ਰਤੀਕ ਸਨ। ਕਲਾਕਾਰ ਦੀ ਮਿਹਨਤ ਦੀ ਝਲਕ ਸਾਫ ਦਿਸ ਰਹੀ ਸੀ।

### ਵਰਿੰਦਰ ਕੁਮਾਰ

ਉਸਤਾਦ ਵਲਾਇਤ ਖ਼ਾਂ ਸਾਹਿਬ ਦੇ ਸ਼ਾਗਿਰਦ ਸ੍ਰੀ ਵਰਿੰਦਰ ਕੁਮਾਰ ਜਿਥੇ ਸੰਗੀਤ ਦੇ ਪ੍ਰਸਿਧ ਅਧਿਆਪਕ ਹਨ ਉਥੇ ਬਹੁਤ ਸੁਰੀਲੀ ਅਤੇ ਮਿੱਠੀ ਸਿਤਾਰ ਵੀ ਵਜਾਉਂਦੇ ਹਨ। ਰਾਗ ਸਰਸਵਤੀ ਦੀਆਂ ਸੁਰਾਂ ਵਿਚ ਉਹਨਾਂ ਰਾਗ ਵਿਸਥਾਰ ਕੁਸ਼ਲਤਾ ਨਾਲ ਕੀਤਾ। ਰਾਜੇਸ਼ ਮਾਲਵੀਆ ਉਨ੍ਹਾਂ ਦੇ ਨਾਲ ਨਾਲ ਤਬਲੇ ਤੇ ਚਲਦੇ ਰਹੇ। ਪ੍ਰਭਾਵਸ਼ਾਲੀ ਪ੍ਰੋਗਰਾਮ ਦਾ ਸਰੋਤਿਆਂ ਨੇ ਖੂਬ ਅਨੰਦ ਮਾਣਿਆ। ਸਰੋਤੇ ਹੋਰ ਵੀ ਸੁਣਨਾ ਚਾਹੁੰਦੇ ਸਨ, ਪਰ ਪ੍ਰੋਗਰਾਮ ਨੂੰ ਸਤਿਗੁਰੂ ਜੀ ਦੀ ਵਿਓਂਤ ਅਨੁਸਾਰ ਹੀ ਰਖਣਾ ਪਿਆ।

### ਬ. ਸ. ਨਾਰੰਗ

ਪੰਜਾਬੀ ਸ਼ੈਲੀ ਦੀ ਖਿਆਲ ਗਾਇਕੀ, ਠੁਮਰੀ ਅਤੇ ਸੁਗਮ ਸੰਗੀਤ ਵਿਚ ਇਕੋ ਜਿਹੀ ਮੁਹਾਰਤ ਰੱਖਣ ਵਾਲੇ ਸ੍ਰੀ ਬ. ਸ. ਨਾਰੰਗ ਸਾਹਿਬ ਦੀ ਗਹਿਰ ਗੰਭੀਰ ਆਵਾਜ਼ ਵਿਚ ਰਾਗੇਸ਼ਵਰੀ ਰਾਗ ਦੀ ਪ੍ਰਸਤਾਵਨਾ ਵਿਸ਼ੇਸ਼ ਆਕਰਸ਼ਣ ਰੱਖਦੀ ਸੀ। ਉਹਨਾਂ ਰੂਹ ਵਿਚ ਭਿੱਜ ਕੇ ਗਾਇਆ ਅਤੇ ਬਾਰ ਬਾਰ ਵਾਹ! ਵਾਹ!! ਦੀ ਦਾਤ ਸਰੋਤਿਆਂ ਤੋਂ ਪ੍ਰਾਪਤ ਕੀਤੀ। ਉਹਨਾਂ ਦੇ ਨਾਲ ਹੀ ਪੰਡਿਤ ਰਮਾਂ ਕਾਂਤ ਜੈਸੇ ਪ੍ਰੌਢ ਉਸਤਾਦ ਤਬਲਾ ਸੰਗਤ ਦੇ ਰਹੇ ਸਨ। ਬਲਦੇਵ ਨਾਰੰਗ ਜੀ ਦਾ ਰਸ-ਭਿੰਨਾ ਗਾਣਾ ਸਾਰੇ ਹਾਲ ਵਿਚ ਆਪਣੀ ਪਛਾਣ ਕਰਵਾ ਰਿਹਾ ਸੀ। ਸਰੋਤੇ ਤੇ ਕਲਾਕਾਰ ਇਕਮਿਕ ਸਨ।



Sri Satguru Jagjit Singh Ji eLibrary NamdhariElibrary@gmail.com

## ਗੁਰਦੇਵ ਸਿੰਘ

ਗੁਰਦੇਵ ਸਿੰਘ ਸਰੋਦ ਤੇ ਜਾਣਿਆ-ਪਛਾਣਿਆ ਨਾਮ ਹੈ। ਨਾਮਧਾਰੀ ਦਸਤਾਰ ਅਤੇ ਬਸਤਰਾਂ ਵਾਲੇ ਇਸ ਕਲਾਕਾਰ ਨੇ ਅੰਤਰ-ਰਾਸ਼ਟਰੀ ਮੰਚ 'ਤੇ ਆਪਣੀ ਪਛਾਣ ਕਾਇਮ ਕੀਤੀ ਹੈ। ਉਸਤਾਦ ਅਮਜਦ ਅਲੀ ਦਾ ਇਹ ਪ੍ਰਮੁਖ ਸ਼ਾਗਿਰਦ ਅੱਜ ਕਲ੍ਹ ਇੰਗਲੈਂਡ ਵਿਚ ਹੀ ਨਿਵਾਸ ਰੱਖਦਾ ਹੈ। ਗੁਰਦੇਵ ਸਿੰਘ ਦੀ ਇਸ ਕਾਨਫਰੰਸ ਵਿਚ ਸ਼ਮੂਲੀਅਤ ਆਯੋਜਨ ਨੂੰ ਹੋਰ ਵੀ ਸਫਲ ਬਣਾ ਰਹੀ ਸੀ। ਰਾਗ ਆਭੋਗੀ ਵਿਚ ਗੁਰਦੇਵ ਸਿੰਘ ਦੀਆਂ ਟੁਣਕਾਰਾਂ ਹਾਲ ਵਿਚ ਛਾ ਰਹੀਆਂ ਸਨ। ਤਬਲੇ ਤੇ ਸੰਦੀਪ ਦਾਸ ਸੀ, ਜੋ ਤਿਆਰ ਤਬਲਾ ਵਜਾਉਂਦਾ ਹੈ। ਨੌਜਵਾਨ ਸੰਦੀਪ ਦਾਸ ਆਪਣੇ ਵਿਆਹ ਦੇ ਦਿਨਾਂ ਵਿਚ ਹੀ ਇਸ ਸੰਮੇਲਨ ਵਿਚ ਆਇਆ ਸੀ। ਗੁਰਦੇਵ ਸਿੰਘ ਦੇ ਵਾਦਨ ਵਿਚ ਗਹਿਰਾਈ ਸਪੱਸ਼ਟਤਾ ਅਤੇ ਤਿਆਰੀ ਉਹਨਾਂ ਦੇ ਗੂੜ੍ਹੇ ਅਭਿਆਸ ਦੀ ਲਖਾਇਕ ਸੀ। ਸਿਖਰ ਤੇ ਆ ਕੇ ਜਦੋਂ ਤੇਜ਼ ਗਤੀ ਵਿਚ ਸਰੋਦ ਤੇ ਤਬਲਾ ਇਕਮਿਕ ਹੋਏ ਤਾਂ ਇਸ ਕੰਪਣ ਨਾਲ ਹਾਲ ਦੀ ਹਰ ਚੀਜ਼ ਥਿਰਕ ਰਹੀ ਸੀ। ਸਰੋਤਿਆਂ ਦੇ ਮਨਾਂ ਵਿਚ ਇਕ ਹੁਲਾਸ ਸੀ। ਐਨ ਇਸ ਸਮੇਂ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਆਸਣ ਤੇ ਆ ਸੁਸ਼ੋਭਿਤ ਹੋਏ। ਸਾਰੇ ਵਾਤਾਵਰਣ ਵਿਚ ਜਿਵੇਂ ਬਿਜਲੀ ਫਿਰ ਗਈ ਹੋਵੇ। ਸਰੋਦ ਦੀਆਂ ਟੁਣਕਾਰਾਂ ਤੇ ਤਬਲੇ ਦੀਆਂ ਥਾਪਾਂ ਨਾਲ ਮਾਨੋ ਕਾਇਨਾਤ ਹਿੱਲ ਗਈ ਸੀ।

## ਰਾਜਨ-ਸਾਜਨ ਮਿਸ਼ਰਾ

ਅੰਤਲੇ ਕਲਾਕਾਰ ਸਨ ਹਿੰਦੁਸਤਾਨੀ ਸੰਗੀਤ ਵਿਚ ਆਪਣਾ ਨਾਮ ਪੈਦਾ ਕਰਨ ਵਾਲੇ ਭਰਾ ਸ੍ਰੀ ਰਾਜਨ-ਸਾਜਨ ਮਿਸ਼ਰਾ। ਬਨਾਰਸ ਦੇ ਪਿਤਾ-ਪੁਰਖੀ ਗਾਇਕ ਦੋਵੇਂ ਇਕੱਠਾ ਰਲਕੇ ਗਾਉਂਦੇ ਹਨ। ਦੋ ਜਿਸਮ ਅਤੇ ਇਕ ਰੂਹ। ਇਨ੍ਹਾਂ ਭਰਾਵਾਂ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਲੰਮੇ ਸਮੇਂ ਤੋਂ ਅਪਾਰ ਬਖ਼ਸ਼ਿਸ਼ ਹੈ ਅਤੇ ਸਰਪ੍ਰਸਤੀ ਦਾ ਹੱਥ ਵੀ। ਇਕ ਮਹੀਨਾ ਪਹਿਲਾਂ ਹੋਏ ਜਲੰਧਰ ਦੇ ਮਸ਼ਹੂਰ ਮੇਲੇ ਹਰਿਵਲਭ ਵਿਚ ਹੁਣ ਵਾਲੇ ਸੰਗੀਤ ਸੰਮੇਲਨ ਦੀ ਸੂਚਨਾ ਪ੍ਰਸਾਰਤ ਕੀਤੀ ਗਈ ਸੀ। ਉਸ ਸਮੇਂ ਤੋਂ ਹੀ ਜਲੰਧਰ ਤੇ ਪੰਜਾਬ ਦੀਆਂ ਸੰਗੀਤ ਸੰਗਤਾਂ ਵਿਚ ਰਾਜਨ-ਸਾਜਨ ਦੇ ਨਾਮ ਦੀ ਚਰਚਾ ਹੋ ਰਹੀ ਸੀ। ਅੱਜ ਉਹਨਾਂ ਦੇ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਹਾਲ ਦੀ ਹਰ ਨੁੱਕਰ ਭਰ ਚੁੱਕੀ ਸੀ। ਕੁਝ ਸਰੋਤੇ ਖੜੇ ਸਨ ਅਤੇ ਕੁਝ ਸਟੇਜ ਤੇ ਬੈਠਾਏ ਗਏ। ਦੂਸਰੇ ਸ਼ਹਿਰਾਂ ਤੋਂ ਵੀ ਸਰੋਤੇ ਪੁਜ ਚੁਕੇ ਸਨ। ਹਾਲ ਦਾ ਤਿਆਰੀ ਕਮਰਾ ਮੁਖ ਦੁਆਰ ਤੋਂ ਬਾਹਰ ਸੀ। ਰਾਜਨ ਸਾਜਨ ਭੀੜ ਵਿਚੋਂ ਆਪਣਾ ਰਸਤਾ ਬਨਾਉਂਦੇ ਸਟੇਜ ਵਲ ਆ ਰਹੇ ਸਨ। ਮੰਚ ਤੇ ਆ ਕੇ ਉਹਨਾਂ ਅਪਣੇ ਸਿਰ ਸਤਿਗੁਰੂ ਜੀ ਦੇ ਚਰਨਾਂ ਵਿਚ ਰਖ ਦਿਤੇ। ਭਰਪੂਰ ਖੁਸ਼ੀਆਂ ਪ੍ਰਾਪਤ ਕਰ ਗਏ। ਸਤਿਗੁਰੂ ਜੀ ਦੀ ਉਪਸਥਿਤੀ ਅਤੇ ਆਸ਼ੀਰਵਾਦ, ਅਨੁਸ਼ਾਸਨ ਵਿਚ ਬੈਠੇ ਸਰੋਤੇ ਜੋ ਕੇਵਲ ਸੰਗੀਤ ਹੀ ਸੁਨਣ ਆਏ ਸਨ—ਸਾਰਾ ਵਾਤਾਵਰਨ ਉਤਮ ਦਰਜੇ ਦੇ ਸੰਗੀਤ ਵਾਸਤੇ ਅਨੁਕੂਲ ਸੀ। ਰਾਜਨ ਸਾਜਨ ਜੀ ਨਾਲ ਤਬਲਾ ਸੰਗਤ ਵਾਸਤੇ ਕਾਲੇ ਰਾਮ ਜੀ ਹੀ ਸਨ ਅਤੇ ਹਾਰਮੋਨੀਅਮ ਤੇ ਸੁਰਾਂ ਭਰਨ ਲਈ ਪ੍ਰੋ. ਕਿਰਪਾਲ ਸਿੰਘ।

ਮਾਰੂ ਬਿਹਾਗ ਦੀਆਂ ਸੁਰਾਂ ਵਿਚ ਜਦੋਂ ਦੋਹਾਂ ਭਰਾਵਾਂ ਨੇ ਮੰਦਿਰ ਸਪਤਕ ਵਿਚ ਆਲਾਪ ਸ਼ੁਰੂ ਕੀਤਾ ਤਾਂ ਉਹਨਾਂ ਦੀ ਦੋਹਰੀ ਗਹਿਰੀ ਆਵਾਜ਼ ਦੀ ਕੰਪਣ ਹਰ ਹਿਰਦੇ ਦੀ ਤਰਬ ਨੂੰ ਵੀ ਥਿਰਕਾ ਰਹੀ ਸੀ। ਸ਼ੁਰੂ ਵਿਚ ਹੀ ਕਲਾਕਾਰਾਂ ਤੇ ਸਰੋਤਿਆਂ ਦਾ ਸਿੱਧਾ ਸੰਪਰਕ ਜੁੜ ਗਿਆ। ਕਲ ਤੋਂ, ਜਦੋਂ ਤੋਂ ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ ਸ਼ੁਰੂ ਹੋਇਆ ਸੀ ਕੋਈ ਵੀ ਕਲਾ ਕ੍ਰਿਤੀ ਮਾਂਦੀ ਨਹੀਂ ਸੀ ਗਈ। ਲਗਾਤਾਰ ਚੜ੍ਹਦੇ ਤੋਂ ਚੜ੍ਹਦਾ ਪ੍ਰੋਗਰਾਮ ਰਿਹਾ ਸੀ। ਅਜਿਹਾ ਸੰਗੀਤ ਸੰਮੇਲਨਾਂ ਵਿਚ ਘਟ ਹੀ ਹੁੰਦਾ ਹੈ ਅਤੇ ਹੁਣ ਤਾਂ ਸਾਰੇ ਆਯੋਜਨ ਦਾ ਸਿਖਰ ਸੀ। ਮਾਰੂ ਬਿਹਾਗ ਦੀ ਹਰ ਸੁਰ ਵਿਸਤਾਰ ਨਾਲ ਸਰੋਤੇ ਹੁੰਗਾਰਾ ਭਰ ਰਹੇ ਸਨ ਮਾਨੋ ਨਾਲ ਹੀ ਗਾ ਰਹੇ ਸਨ। ਕਾਲੇ ਰਾਮ ਜੀ ਦਾ ਤਬਲਾ ਵੀ ਗਾ ਰਿਹਾ ਸੀ। ਸਭ ਵਾਤਾਵਰਨ ਗਾ ਰਿਹਾ ਸੀ। ਮਾਰੂ ਬਿਹਾਗ ਅਛੋਪਲੇ ਜਿਹੇ ਸਮਾਪਤ ਕਰਕੇ ਕਲਾਕਾਰਾਂ ਨੇ ਸਮੇਂ ਦਾ ਸੁਹਾਵਣਾ ਰਾਗ ਬਸੰਤ ਸ਼ੁਰੂ ਕਰ ਦਿਤਾ। ਸਭ ਪਾਸੇ ਬਸੰਤ ਦਾ ਖੇੜਾ ਪਸਰ ਗਿਆ। ਗਾਣਾ ਐਸਾ ਸੀ ਜੋ ਬੰਦੇ ਨੂੰ ਵਜੂਦ ਵੀ ਭੁਲਾ ਦੇਵੇ। ਕੌਣ ਲੋਚਦਾ ਸੀ ਕਿ ਅਜ ਦਾ ਗਾਣਾ ਸਮਾਪਤ ਹੋਵੇ। ਬਸੰਤ ਸਮਾਪਤ ਕਰਕੇ ਮਿਸ਼ਰਾ ਭਰਾਵਾਂ ਨੇ



Sri Satguru Jagjit Singh Ji eLibrary NamdhariElibrary@gmail.com

ਇਕ ਭਜਨ ਦੀ ਭੂਮਿਕਾ ਬੰਨੀ। ਕ੍ਰਿਸ਼ਨ ਮਹਾਰਾਜ ਮਥੁਰਾ ਤੋਂ ਊਧੋ ਨੂੰ ਬ੍ਰਜ ਭੇਜਦੇ ਹਨ ਗੋਪੀਆਂ ਨੂੰ ਸਾਂਤਵਨਾ ਦੇਣ ਵਾਸਤੇ। ਅਗੋਂ ਗੋਪੀਆਂ ਊਧੋ ਅਗੇ ਤਰਲਾ ਕਰਦੀਆਂ ਹਨ ਕਿ ਸਾਡਾ ਦੁਖ ਦਸਿਆ ਨਹੀਂ ਜਾ ਸਕਦਾ। ਭਾਰਤੀ ਕਾਵਿ ਦੇ ਇਸ ਉਤਮ ਪਰਸੰਗ ਨੂੰ ਰਾਜਨ ਸਾਜਨ ਨੇ ਬੋਲ ਦਿਤੇ "ਊਧੋ ਕਹੀ ਨਾ ਜਾਤ ਦੁਖ ਬ੍ਰੱਜ ਕੇ।" ਬਿਰਹਾ ਵਿਯੋਗ ਦੀ ਇਸ ਅਵਸਥਾ ਨੂੰ ਤਰਲਿਆਂ ਵਾਂਗ ਜਦੋਂ ਰਾਗ ਦੇਸ ਦੀਆਂ ਸੁਰਾਂ ਵਿਚ ਗਾਇਆ ਤਾਂ ਇਹ ਵਿਯੋਗ ਤੇ ਬਿਰਹਾ ਗੋਪੀਆਂ ਦੀ ਅਵਸਥਾ ਨਾਲੋਂ ਕਈ ਗੁਣਾਂ ਵੱਧ ਸ਼ਿਦਤ ਨਾਲ ਰੂਪਮਾਨ ਹੋਇਆ। ਸਰੋਤੇ ਵੀ ਨਾਲ ਨਾਲ ਗੁਣਗੁਣਾ ਰਹੇ ਸਨ। ਇੰਜ ਸੀ ਜਿਵੇਂ ਮਨਾਂ ਨੂੰ ਹੰਗਾਲ ਕੇ ਪਵਿਤਰ ਅਤੇ ਸਵੱਛ ਕਰੀ ਜਾ ਰਿਹੈ ਇਹ ਗਾਣਾ। ਇਹ ਗਾਣਾ ਤਾਂ ਨਿਰੀ ਭਗਤੀ ਸੀ। ਸੰਗੀਤ ਸੰਮੇਲਨ ਤੋਂ ਕਈ ਦਿਨ ਬਾਦ ਵੀ ਸੰਗੀਤ ਮਾਹਰ ਕੀ ਆਮ ਮਾਈ ਭਾਈ ਵੀ ਰਾਜਨ ਸਾਜਨ ਦੇ ਉਸ ਸਦਾ ਬਹਾਰ ਗਾਇਨ ਨੂੰ ਯਾਦ ਕਰ ਰਹੇ ਹਨ। ਰਾਜਨ ਸਾਜਨ ਦੇ ਗਾਣੇ ਨਾਲ ਸੰਗੀਤ ਸੰਮੇਲਨ ਉਚੇ ਆਦਰਸ਼ ਨੂੰ ਪੁਜ ਗਿਆ ਸੀ।

## ਸ੍ਰੀ ਵਿਜੇ ਚੋਪੜਾ ਵਲੋਂ ਧੰਨਵਾਦ

ਚਲਦੇ ਪ੍ਰੋਗਰਾਮ ਵਿਚ ਹੀ ਹਿੰਦ ਸਮਾਚਾਰ ਪਤਰ ਸਮੂਹ ਦੇ ਮੁਖ ਸੰਪਾਦਕ ਅਤੇ ਪ੍ਰਬੰਧਕ ਸ੍ਰੀ ਵਿਜੈ ਚੋਪੜਾ ਜੀ ਨਮਸਕਾਰ ਕਰਕੇ ਸਤਿਗੁਰੂ ਜੀ ਦੇ ਆਸਣ ਪਾਸ ਬੈਠ ਗਏ ਸਨ। ਸਮਾਗਮ ਦੇ ਅੰਤ ਉਤੇ ਉਹਨਾਂ ਬਹੁਤ ਮਾਰਮਕ ਸ਼ਬਦਾਂ ਵਿਚ ਇਸ ਆਯੋਜਨ ਦੀ ਪਰਸੰਸਾ ਕੀਤੀ। ਉਹਨਾਂ ਪੁਰਾਣੀਆਂ ਯਾਦਾਂ ਸਾਂਝੀਆਂ ਕਰਦਿਆਂ ਸਤਿਗੁਰਾਂ ਵਲੋਂ ਸੰਗੀਤ ਵਾਸਤੇ ਏਡੇ ਵਡੇ ਯੋਗਦਾਨ ਏਡੇ ਵਿਸ਼ਾਲ ਯੱਗ ਦੀ ਪਰਸੰਸਾ ਕੀਤੀ ਅਤੇ ਜਲੰਧਰ ਦੇ ਸਮੂਹ ਸ਼ਹਿਰੀਆਂ ਵਲੋਂ ਇਸ ਆਯੋਜਨ ਲਈ ਸਤਿਗੁਰੂ ਜੀ ਦਾ ਧੰਨਵਾਦ ਕੀਤਾ।

## ਸਤਿਗੁਰੂ ਜੀ

ਸਾਰੇ ਕਲਾਕਾਰ ਸਾਰੇ ਸਰੋਤੇ ਉਵੇਂ ਦੇ ਉਵੇਂ ਬੈਠੇ ਸਨ ਅਡੋਲ। ਸਤਿਗੁਰੂ ਜੀ ਨੇ ਪਹਿਲਾਂ ਤਾਂ ਆਪ ਕਿਹਾ ਤੇ ਸਭ ਤੋਂ ਕਹਾਇਆ "ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ" ਫੇਰ ਆਪ ਨੇ ਸੰਗੀਤ ਦੀ ਮਹੱਤਤਾ ਦਰਸਾਂਦਿਆਂ ਬਹੁਤ ਮਿਸਾਲਾਂ ਦਿਤੀਆਂ। ਆਪ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਸਿਰੀ ਰਾਗ ਲਿਖਿਆ ਫੇਰ ਬਾਣੀ ਉਚਾਰੀ। ਆਪ ਜੀ ਨੇ ਬਾਣੀ ਦੀ ਤੁਕ ਦਾ ਹਵਾਲਾ ਦਿਤਾ।

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ ਦੁਹਰਾਇਆ ਕਿ ਹਰ ਸਿਖ ਵਿਚੋਂ ਰਾਗ ਦੀ ਖੁਸ਼ਬੋ ਆਉਣੀ ਚਾਹੀਦੀ ਹੈ। ਆਪ ਨੇ ਇਹ ਵੀ ਦਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ (ਸਤਿਗੁਰੂ ਜਗਜੀਤ ਸਿੰਘ ਜੀ ਨੂੰ) ਇਹ ਵੀ ਹੁਕਮ ਕੀਤਾ ਕਿ ਪਾਠ ਕਰਦਿਆਂ ਉਸੇ ਰਾਗ ਵਿਚ ਕਰਨਾ ਚਾਹੀਦਾ ਹੈ।

ਆਏ ਕਲਾਕਾਰਾਂ ਦਾ ਧੰਨਵਾਦ ਕਰਦਿਆਂ ਆਪ ਨੇ ਫੁਰਮਾਇਆ ਕਿ ਰਾਜਨ ਸਾਜਨ ਹੋਰਾਂ ਦੀ ਸੁਰਾਂ ਦੀ ਪੇਸ਼ਕਾਰੀ ਬਹੁਤ ਵਧੀਆ ਅਤੇ ਕਠਨ ਕਾਰਜ ਵੀ ਸੀ। ਮੇਰੇ ਮਨ ਵਿਚ ਆਇਆ ਕਿ ਇਹ ਰਾਗ ਬਸੰਤ ਸੁਨਾਉਣ ਤਾਂ ਇਹਨਾਂ ਉਦੋਂ ਹੀ ਬਸੰਤ ਸ਼ੁਰੂ ਕਰ ਦਿਤਾ।......

## ਅਮਿਟ ਯਾਦ

ਸਤਿਗੁਰੂ ਜੀ ਜਾ ਚੁਕੇ ਸਨ। ਉਹਨਾਂ ਤਾਂ ਰਾਤੋ ਰਾਤ ਸ੍ਰੀ ਭੈਣੀ ਸਾਹਿਬ ਪਹੁੰਚ ਕੇ ਤੜਕੇ ਦਿਲੀ ਨੂੰ ਪ੍ਰਸਥਾਨ ਕਰ ਜਾਣਾ ਸੀ। ਵਿਚ ਦੋ ਘੰਟੇ ਹੀ ਸਨ ਜਿਸ ਨੂੰ ਆਰਾਮ ਕਿਹਾ ਜਾ ਸਕਦਾ ਹੈ।

ਸਰੋਤਾ ਸੰਗਤ ਸੋਚ ਰਹੀ ਸੀ ਇਹ ਕੀ ਹੋ ਗਿਆ। ਇਹ ਸਮਾਪਤੀ ਕਿਉਂ ਹੋ ਗਈ। ਇਹ ਦੋ ਦਿਨ ਕਿੱਡੀ ਛੇਤੀ ਲੰਘ ਗਏ। ਆਪਣੇ ਜੀਵਨ ਵਿਚ ਸੰਗੀਤ ਦੀ ਇਕ ਅਮਿਟ ਯਾਦ ਦਿਲਾਂ 'ਚ ਸਮੋਈ ਲੋਕ ਦੇਸ਼ ਭਗਤ ਯਾਦਗਾਰ ਹਾਲ ਦੀਆਂ ਪੌੜੀਆਂ ਉਤਰ ਰਹੇ ਸਨ। ਘਰ ਜਾਣ ਦਾ ਜੀ ਕਿਸੇ ਦਾ ਵੀ ਨਹੀਂ ਸੀ ਕਰ ਰਿਹਾ। ਬਲੇ ਸੂਬਾ ਜੁਗਿੰਦਰ ਸਿੰਘ ਦੀ ਆਵਾਜ਼ ਆ ਰਹੀ ਸੀ। ਸਾਧ ਸੰਗਤ ਜੀ ਲੰਗਰ ਛੱਕ ਕੇ ਜਾਇਓ—ਸਾਧ ਸੰਗਤ ਜੀ ਖੀਰ ਛੱਕੋ।

ਲੋਕ ਕਹਿੰਦੇ ਹਨ ਇਸ ਸੰਗੀਤ ਸੰਮੇਲਨ ਦੀਆਂ ਧੁਨਾਂ ਅਜੇ ਵੀ ਫਿਜ਼ਾ ਵਿਚ ਗੂੰਜ ਰਹੀਆਂ ਹਨ।



Sri Satguru Jagjit Singh Ji eLibrary NamdhariElibrary@gmail.com

# ਡਾ: ਅਮਰ ਭਾਰਤੀ ਇਕ ਵਚਿੱਤਰ ਸ਼ਖਸੀਅਤ

—ਪਿਆਰਾ ਸਿੰਘ ਦਾਤਾ

**ਅੱਜ** ਤੋਂ ਕਈ ਸਾਲ ਪਹਿਲਾਂ ਸੰਨ ੧੯੭੫-੭੬ ਦੀ ਗਲ ਹੈ, ਉਦੋਂ ਮੈਂ ਮਾਨਸਕ ਤੇ ਆਰਥਕ ਤੌਰ ਤੇ ਬੜਾ ਡਾਵਾਂ ਡੋਲ ਸਾਂ। ਮਣਾਂ-ਮੂੰਹੀਂ ਸਿਰ ਤੇ ਕਰਜ਼ ਸੀ। ਕਾਰੋਬਾਰ ਤੋਂ ਬਹੁਤੀ ਪ੍ਰਾਪਤੀ ਨਹੀਂ ਸੀ। ਕਾਮਿਆਂ ਨੂੰ ਤਨਖ਼ਾਹਾਂ ਦੇਣ ਜੋਗੇ ਪੱਲੇ ਪੈਸੇ ਨਹੀਂ ਸਨ। ਹਰ ਨਵੇਂ ਸਾਲ ਨਵਾਂ ਕਰਜ਼ਾ ਲੈਣਾ ਪੈਂਦਾ ਸੀ, ਬਹੁਤਾ ਲਿਖਣ ਪੜ੍ਹਨ ਤੇ ਪ੍ਰੈਸ ਦੇ ਪਰੂਫ ਪੜ੍ਹਨ ਕਾਰਨ ਸਜੀ ਬਾਂਹ ਤੇ ਹੱਥ ਦੀਆਂ ਉਂਗਲਾਂ ਦਿਨੋ-ਦਿਨ ਕਮਜ਼ੋਰ ਹੁੰਦੀਆਂ ਜਾ ਰਹੀਆਂ ਸਨ। ਡਾਕਟਰ ਨੇ ਚੈਕਅਪ ਕਰਨ ਮਗਰੋਂ ਇਸ ਹਾਲਤ ਦਾ ਕਾਰਨ ਟੈਨਸ਼ਨ ਦਸਿਆ। ਸਜੀ ਬਾਂਹ ਤੇ ਸਜੇ ਹੱਥ ਦੀਆਂ ਉਂਗਲਾਂ ਦੀ ਥਕਾਵਟ ਦਾ ਕਾਰਨ ਇਹਨਾਂ ਦੋਹਾਂ ਤੋਂ ਵਧੇਰੇ ਕੰਮ ਲੈਣ ਕਰਕੇ, ਮੋਢੇ ਤੋਂ ਲੈ ਕੇ ਹੱਥਾਂ ਦੀਆਂ ਉਂਗਲਾਂ ਤਕ ਦੀਆਂ ਨਾੜੀਆਂ ਖ਼ੂਨ ਦਾ ਲਗਾਤਾਰ ਠੀਕ ਤਰ੍ਹਾਂ ਦਾ ਦੌਰਾ ਨਾਂ ਹੋਣ ਕਰਕੇ ਥੱਕ ਗਈਆਂ ਸਨ। ਇਸ ਬੀਮਾਰੀ ਦਾ ਨਾਂ ਡਾਕਟਰ ਨੇ ਰਾਈਟਰਜ਼ ਕਰੈਂਮ ਦਸਿਆ। ਅਗੋਂ ਲਈ ਸਜੀ ਬਾਂਹ ਤੇ ਸਜੇ ਹੱਥ ਦੀਆਂ ਉਂਗਲਾਂ ਨੂੰ ਆਰਾਮ ਦੇਣ ਲਈ ਥੋੜ੍ਹਾ ਤੇ ਹੌਲਾ ਕੰਮ ਕਰਨ ਦੀ ਸਲਾਹ ਦਿਤੀ। ਇਸ ਦੇ ਨਾਲ ਹੀ ਮੋਟਾ ਪੈਨ ਵਰਤਣ ਲਈ ਕਿਹਾ।

ਇਹਨਾਂ ਪ੍ਰੇਸ਼ਾਨੀਆਂ ਕਾਰਨ ਮਨ ਚੜ੍ਹਦੀ ਕਲਾ ਦੀ ਥਾਂ ਢਹਿੰਦੀਆਂ ਕਲਾ ਵਿਚ ਜਾ ਪੁਜਾ। ਆਪਣੇ ਇਕ ਮਿੱਤਰ ਨੇ ਡਾਕਟਰ ਅਮਰ ਭਾਰਤੀ ਜੀ ਨੂੰ ਮਿਲਣ ਦੀ ਸਲਾਹ ਦਿਤੀ। ਉਹ ਹੋਮੀਓਪੈਥਿਕ ਡਾਕਟਰ ਸਨ। ਮਨੋਵਿਗਿਆਨੀ ਤੇ ਬਹੁਤ ਸਾਰੇ ਪੁਰਾਤਨ ਧਰਮ ਗ੍ਰੰਥਾਂ ਦੇ ਗਿਆਤਾ ਸਨ। ਡਾਕਟਰ ਅਮਰ ਭਾਰਤੀ ਦਾ ਮਕਾਨ ਹਰੀ ਨਗਰ (ਘੰਟਾ ਘਰ) ਨਵੀਂ ਦਿੱਲੀ ਵਿਚ ਸੀ ਤੇ ਘਰ ਦੇ ਨੇੜੇ ਹੀ ਉਹਨਾਂ ਦੀ ਦੁਕਾਨ ਸੀ। ਉਨ੍ਹਾਂ ਨੂੰ ਦੁਕਾਨ ਤੋਂ ਇੰਨੀ ਕੁ ਆਮਦਨ ਹੋ ਜਾਂਦੀ ਸੀ, ਜਿਸ ਨਾਲ ਉਹਨਾਂ ਦਾ ਰੋਟੀ ਪਾਣੀ ਦਾ ਗੁਜ਼ਾਰਾ ਭਲੀ ਪ੍ਰਕਾਰ ਚਲ ਜਾਂਦਾ ਸੀ।

ਡਾ: ਅਮਰ ਭਾਰਤੀ ਪਹਿਲਾਂ ਪੰਜਾਬੀ ਦੇ "ਨਵਾਂ ਹਿੰਦੁਸਤਾਨ" ਦੈਨਿਕ ਅਖਬਾਰ ਦੇ ਸੰਪਾਦਕ ਸਨ। ਉਸ ਪਰਚੇ ਵਿਚ ਮੇਰੀਆਂ ਕਈ ਰਚਨਾਵਾਂ ਛਪਦੀਆਂ ਰਹਿੰਦੀਆਂ ਸਨ। ਉਹ ਵੀ ਸਾਡੇ ਪ੍ਰੈਸ ਵਿਚ ਆਉਂਦੇ ਜਾਂਦੇ ਰਹਿੰਦੇ ਸਨ। ਆਪਣੇ ਮਿੱਤਰ ਦੇ ਸੁਝਾ ਤੇ ਮੈਂ ਇਕ ਦਿਨ ਆਪਣੀ ਸਾਈਕਲ ਤੇ ਉਹਨਾਂ ਦੇ ਨਿਵਾਸ ਅਸਥਾਨ ਹਰੀ ਨਗਰ ਜਾ ਪੁੱਜਾ। ਹਥਲਾ ਕੰਮ ਛਡ ਕੇ ਮੈਨੂੰ ਦਰਵਾਜ਼ਾ ਖੋਹਲ ਕੇ ਘਰ ਅੰਦਰ ਲੈ ਗਏ। ਘਰ ਦਾ ਵਿਹੜਾ ਬੜਾ ਖੁਲ੍ਹਾ ਸੀ। ਇਕ ਪਾਸੇ ਤਰ੍ਹਾਂ ਤਰ੍ਹਾਂ ਦੇ ਫੁਲਾਂ ਦੀ ਕਿਆਰੀ ਸੀ—ਦੂਜੇ ਪਾਸੇ ਇਕ ਬੜਾ ਪੁਰਾਣਾ ਪੇੜ। ਇਹਨਾਂ ਦੋਹਾਂ ਦੇ ਵਿਚਕਾਰ ਉਹਨਾਂ ਦੇ ਕਮਰੇ ਵਿਚ ਜਾਣ ਦਾ ਛੋਟਾ ਜਿਹਾ ਰਸਤਾ ਸੀ। ਅਸੀਂ ਉਸ ਵਿਹੜੇ ਵਿਚ ਹੀ ਉਹਨਾਂ ਦੇ ਬਰਾਂਡੇ ਵਿਚ ਬੈਠ ਗਏ। ਕਈ ਵਿਸ਼ਿਆਂ ਤੇ ਸਾਡਾ ਵਿਚਾਰ ਵਟਾਂਦਰਾ ਹੁੰਦਾ ਰਿਹਾ। ਅਖੀਰੀ ਉਹਨਾਂ ਪੁਛ ਹੀ ਲਿਆ ਕਿ ਦਿਨ ਦਾ ਖਾਣਾ ਕਿਸ ਤਰ੍ਹਾਂ ਦਾ ਖਾਂਦੇ ਹੋ?

ਮੈਂ ਕਿਹਾ, "ਘਰ ਵਿਚ ਜੋ ਵੀ ਬਣਿਆ ਹੈ, ਠੀਕ ਹੈ। ਰੋਟੀ, ਭਾਜੀ, ਦਾਲ, ਦਹੀਂ ਨਾਲ ਜੇ ਪਾਪੜ ਮਿਲ ਜਾਏ ਤਾਂ ਬਿਹਤਰ। ਰੋਟੀ ਖਾਣ ਮਗਰੋਂ ਗੁੜ ਜਾਂ ਤਿਲਸ਼ਕਰੀ ਖਾਣ ਦਾ ਅਨੰਦ ਆ ਜਾਂਦੈ।

ਡਾ: ਭਾਰਤੀ ਜੀ ਬੋਲੇ, 'ਇਹਨਾਂ ਵਸਤਾਂ ਵਿਚੋਂ ਤਾਂ ਕੋਈ ਵਾ ਘਰ ਵਿਚ ਨਹੀਂ।

ਮੈਂ ਬੋਲਿਆ—ਕੋਈ ਗਲ ਨਹੀਂ। ਆਟਾ ਗੁੰਨ ਲਵਾਂਗੇ। ਦਾਲ ਬਣਾ ਲਵਾਂਗੇ ਘਰ ਵਿਚ ਜੋ ਭਾਜੀ ਹੈ, ਉਸ ਦੇ ਨਾਲ ਹੀ ਕੰਮ ਸਰ ਜਾਵੇਗਾ।

ਉਹ ਬੋਲੇ—ਘਰ ਵਿਚ ਤਾਂ ਨਾ ਸਬਜ਼ੀ ਹੈ, ਨਾ ਦਾਲ ਹੈ ਨਾ ਆਟਾ।

ਮੈਂ ਕਿਹਾ—"ਭਾਰਤੀ ਸਾਹਿਬ! ਕੋਈ ਚਿੰਤਾ ਦੀ ਗਲ ਨਹੀਂ। ਨਾਲ ਦੀ ਦੁਕਾਨ ਤੋਂ ਆਟਾ ਲੈ ਆਵਾਂਗੇ। ਦਾਲ ਤੇ ਸਬਜ਼ੀ ਵੀ ਮਿਲ ਜਾਏਗੀ। ਆਟਾ ਗੁੰਨ੍ਹ ਲਵਾਂਗੇ ਤੇ ਅਸੀਂ ਦੋਵੇਂ ਰਲਕੇ ਦਾਲ ਤੇ ਸਬਜ਼ੀ ਬਣਾ ਲਵਾਂਗੇ।"

ਉਹ ਕਹਿਣ ਲਗੇ—"ਆਟਾ ਗੁਨ੍ਹਣ ਲਈ ਪਰਾਤ ਹੈ ਨਹੀਂ। ਦਾਲ ਤੇ ਸਬਜ਼ੀ ਉਬਾਲਣ ਲਈ ਪਤੀਲੇ ਹੈ ਨਹੀਂ। ਕੜਛੀ ਨਹੀਂ, ਤਵਾ ਪਰਾਤ ਨਹੀਂ, ਵੇਲਣਾ ਨਹੀਂ ਰੋਟੀ ਕਿਵੇਂ ਬਣੇਗੀ?"



Sri Satguru Jagjit Singh Ji eLibrary NamdhariElibrary@gmail.com

ਮੈਂ ਕਿਹਾ—"ਚੁਲ੍ਹਾ ਚੌਕਾ ਤੇ ਤਵਾ ਪਰਾਤ ਵੀ ਨਹੀਂ ?"

ਭਾਰਤੀ ਸਾਹਿਬ ਬੋਲੇ—"ਚੁਲ੍ਹਾ ਵੀ ਨਹੀਂ, ਗੈਸ ਵਾਲਾ ਸਲੰਡਰ ਵੀ ਨਹੀਂ, ਕੌਲੀਆਂ ਤੇ ਗਲਾਸ ਵੀ ਨਹੀਂ। ਥਾਲੀਆਂ, ਪਲੇਟਾਂ ਵੀ ਨਹੀਂ। ਇਹ ਸਭ ਮੈਂ ਪਿਛਲੇ ਮਹੀਨੇ ਬਿਲੇ ਲਾ ਚੁਕਾ ਹਾਂ।"

ਭਾਰਤੀ ਸਾਹਿਬ ਤੋਂ ਰਸੋਈ ਦੀ ਆਤਮ ਕਥਾ ਦੀ ਗਲ ਸੁਣ ਕੇ ਮੈਂ ਖਿੜ ਖਿੜਾ ਕੇ ਹੱਸ ਪਿਆ ਤੇ ਮੇਰੇ ਨਾਲੋਂ ਵੀ ਉੱਚਾ ਤੇ ਖੜਕਾ ਹਾਸਾ ਹਸਦੇ ਹੋਏ ਭਾਰਤੀ ਜੀ ਕਹਿਣ ਲਗੇ—ਦਾਤਾ ਜੀ ! ਅਸਲ ਗਲ ਇਹ ਹੈ, ਕਿ ਨਾਮਧਾਰੀ ਸੰਸਥਾ ਵਲੋਂ ਮੈਨੂੰ ਇਕ ਗਰੰਥ ਦੀ ਰਚਨਾ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਕ ਸਾਲ ਤੋਂ ਇਸ ਕੰਮ ਵਿਚ ਰੁੱਝਾ ਹੋਇਆ ਹਾਂ। ਕਈ ਦਰਜਨ ਗਰੰਥਾਂ ਦਾ ਅਧਿਅਨ ਕਰਨਾ ਪਿਆ ਹੈ। ਆਪਣੇ ਪਾਸ ਇਤਨਾ ਵੀ ਵਕਤ ਨਹੀਂ ਕਿ ਦੋਵੇਂ ਵਕਤ ਆਪਣੀ ਦੁਕਾਨ ਤੇ ਬੈਠ ਸਕਾਂ, ਜਿਸ ਨਾਲ ਰੋਟੀ ਪਾਣੀ ਦਾ ਆਹਰ ਹੋ ਸਕੇ। ਦੁਕਾਨ ਦੀ ਕਮਾਈ ਵੀ ਖ਼ਤਮ। ਜੋ ਪਲੇ ਸੀ, ਉਹ ਖ਼ਰਚ ਹੋ ਗਿਆ। ਨੌਬਤ ਇਥੋਂ ਤਕ ਆ ਗਈ ਕਿ ਸਾਰੇ ਭਾਂਡੇ ਵੇਚਣੇ ਪਏ। ਚੁਲ੍ਹਾ ਗੈਸ ਸਲੈਂਡਰ, ਟੀ. ਵੀ. ਤੇ ਰੇਡੀਓ ਤੇ ਹੋਰ ਕਈ ਵਸਤਾਂ ਬਿਲੇ ਲਗ ਗਈਆਂ ਹਨ। ਕਈ ਮਹੀਨਿਆਂ ਤੋਂ ਰੋਟੀ ਪਕਾਣੀ ਜਾਂ ਖਾਣੀ ਮੇਰੇ ਲਈ ਸੁਪਨਾ ਹੋ ਗਿਆ ਹੈ। ਬਾਹਰੋਂ ਜੋ ਸਸਤਾ ਫਲ ਮਿਲ ਜਾਏ, ਉਸੇ ਨਾਲ ਹੀ ਆਪਣਾ ਗੁਜ਼ਾਰਾ ਕਰਦਾ ਹਾਂ। ਅੱਜ ਸਵੇਰੇ ਦੋ ਕਿਲੋ ਖ਼ਰਬੂਜੇ ਖਰੀਦੇ ਸਨ, ਇਕ ਖ਼ਰਬੂਜੇ ਦਾ ਸਵੇਰੇ ਨਾਸ਼ਤਾ ਕਰ ਲਿਆ ਹੈ। ਚਾਰ ਪੰਜ ਬਾਕੀ ਪਏ ਹਨ, ਜਿਨ੍ਹਾਂ ਨੂੰ ਅਸੀਂ ਦੋਵੇਂ ਰਲਕੇ ਖਾਵਾਂਗੇ। ਖਾਣ ਮਗਰੋਂ ਅੱਧਾ ਘੰਟਾ ਭਰ ਆਰਾਮ ਕਰਾਂਗੇ। ਸ਼ਾਮ ਨੂੰ ਚਾਰ ਵਜੇ, ਨਾਲ ਵਾਲੇ ਹਲਵਾਈ ਦੀ ਦੁਕਾਨ ਤੋਂ ਚਾਰ ਆਨੇ ਦੇ ਦੋ ਚਾਹ ਦੇ ਕੱਪ ਪੀ ਕੇ ਅਨੰਦ ਮਾਣਾਂਗੇ। ਚਾਹ ਪੀਣ ਤੋਂ ਮਗਰੋਂ ਤੁਸੀਂ ਆਪਣੇ ਘਰ ਚਲੇ ਜਾਣਾ ਤੇ ਮੈਂ ਫਿਰ ਆਪਣੇ ਕੰਮ ਵਿਚ ਲਗ ਜਾਵਾਂਗਾ। ਇਹ ਗਰੰਥ ਅਗਲੇ ਸਾਲ ਸੰਪੂਰਨ ਹੋਣਾ ਹੈ। ਉਸ ਤੋਂ ਪਹਿਲਾਂ ਮੇਰੀ ਰੋਜ਼ਾਨਾ ਇਸ ਤਰ੍ਹਾਂ ਦੀ ਪੌਸ਼ਟਿਕ ਖ਼ੁਰਾਕ ਚਲਦੀ ਰਹੇਗੀ।

ਸਾਡੀ ਇਸ ਇਤਿਹਾਸਕ ਮੁਲਾਕਾਤ ਤੋਂ ਇਕ ਸਾਲ ਮਗਰੋਂ ਇਹ ਗਰੰਥ ਸੰਪੂਰਨ ਹੋਇਆ। ਸੇਵਾ ਫਲ ਵਜੋਂ ਕੁਝ ਪੈਸੇ ਆਏ, ਤਾਂ ਮੁੜ ਉਹਨਾਂ ਨੇ ਰਸੋਈ ਲਈ ਬਰਤਨ ਖਰੀਦੇ। ਖਬਰਾਂ ਅਤੇ ਸੰਗੀਤ ਸੁਣਨ ਲਈ ਇਕ ਛੋਟਾ ਟਰਾਂਜ਼ਿਸਟਰ ਲੈ ਲਿਆ। ਦੁਕਾਨ ਵਿਚਲੀਆਂ ਮੁਕੀਆਂ ਹੋਈਆਂ ਹੋਮੀਓਪੈਥਿਕ ਦਵਾਈਆਂ ਲੈ ਲਈਆਂ। ਤੇ ਇਸ ਤਰ੍ਹਾਂ ਉਹਨਾਂ ਦਾ ਡਾਕਟਰੀ ਦਾ ਕਾਰਜ ਮੁੜ ਆਰੰਭ ਹੋ ਗਿਆ।

ਉਹਨਾਂ ਆਪਣੀ ਸਾਈਕਲ ਪਹਿਲਾਂ ਹੀ ਵੇਚ ਛੱਡੀ ਸੀ। ਆਪਣੇ ਘਰੋਂ ਚਾਂਦਨੀ ਚੌਕ ਤੇ ਹੋਰ ਥਾਂਵਾਂ ਗਾਹੁਣ ਲਈ ਉਹਨਾਂ ਪੁਰਾਣੀ ਸਾਈਕਲ ਦੀ ਥਾਂ ਪੁਰਾਣਾ ਸਕੂਟਰ ਖਰੀਦ ਲਿਆ। ਇਸ ਸਕੂਟਰ ਲਈ ਵੀ ਉਹਨਾਂ ਦੇ ਇਕ ਬੜੇ ਪਿਆਰੇ ਮਿੱਤਰ ਗਿ: ਜਸਵੰਤ ਸਿੰਘ ਨੇ ਉਹਨਾਂ ਨੂੰ ਪੈਸੇ ਦਿੱਤੇ।

[ ੨ ]

ਸੰਨ ੧੯੭੦ ਈ: ਨੂੰ ਅਮਰ ਭਾਰਤੀ ਜੀ ਹਰਦੁਆਰ ਵਿਚਲੇ ਪੁਰਾਤਨ ਤੇ ਨਵੇਂ ਧਰਮ ਅਸਥਾਨਾਂ ਦੀ ਯਾਤਰਾ ਕਰਨ ਚਲੇ ਗਏ। ਜਾਂਦਿਆਂ ਮੈਨੂੰ ਕਹਿ ਗਏ, "ਮੈਂ ਆਪਣੀ ਨਵੀਂ ਮੋਟਰ-ਸਾਈਕਲ ਰਾਹੀਂ ਇਹ ਯਾਤਰਾ ਕਰਨੀ ਹੈ। ਹਰਦੁਆਰ ਮੈਂ ਇਕ ਪਹੁੰਚੇ ਹੋਏ ਸਵਾਮੀ ਮਿਰਤਿੰਜੂ ਜੀ ਮਹਾਰਾਜ ਦੇ ਆਸ਼ਰਮ ਵਿਚ ਹੀ ਠਹਿਰਨਾ ਹੈ। ਅਗਲੇ ਸੋਮਵਾਰ ਤੁਸੀਂ ਸਵਾਮੀ ਜੀ ਦੇ ਪਤੇ ਤੇ ਹੀ ਆ ਕੇ ਮੈਨੂੰ ਮਿਲ ਪੈਣਾ। ਉਥੋਂ ਹੀ ਮੇਰੀ ਰਿਹਾਇਸ਼ ਦਾ ਪਤਾ ਤੁਹਾਨੂੰ ਲਗ ਜਾਏਗਾ। ਉਥੇ ਅਸੀਂ ਦੋਵੇਂ ਕੁਝ ਦਿਨ ਠਹਿਰਾਂਗੇ।"

ਭਾਰਤੀ ਜੀ ਦੇ ਆਦੇਸ਼ ਅਨੁਸਾਰ ਇਕ ਹਫਤੇ ਮਗਰੋਂ ਬੱਸ ਰਾਹੀਂ ਮੈਂ ਹਰਦੁਆਰ ਜਾ ਪੁਜਾ। ਬੜੀ ਮੁਸ਼ਕਲ ਨਾਲ ਸਵਾਮੀ ਜੀ ਦਾ ਆਸ਼ਰਮ ਢੂੰਡਿਆ। ਉਹਨਾਂ ਤੋਂ ਭਾਰਤੀ ਜੀ ਦਾ ਟਿਕਾਣਾ ਪਤਾ ਕੀਤਾ। ਉਹਨਾਂ ਦੇ ਦੱਸੇ ਪਤੇ ਮੁਤਾਬਿਕ ਮੈਂ ਉਹਨਾਂ ਨੂੰ ਢੂੰਡਣ ਲਈ ਨਿਕਲ ਤੁਰਿਆ। ਦਸ ਕੁ ਮਿੰਟ ਮਗਰੋਂ ਹਰ ਕੀ ਪੌੜੀ ਤੋਂ ਹੋਕੇ ਪੁਲ ਤੋਂ ਪਾਰ ਸੜਕ ਤੇ ਜਾਂਦਿਆਂ ਮੈਨੂੰ ਇਕ ਜਾਣੀ ਪਛਾਣੀ ਅਵਾਜ਼ ਆਈ। ਪਿੱਛੇ ਪਰਤ ਕੇ ਵੇਖਿਆ, ਤਾਂ ਇਹ ਡਾਕਟਰ ਅਮਰ ਭਾਰਤੀ ਜੀ ਸਨ। ਉਹਨਾਂ ਆਪਣੇ ਮੋਟਰ-ਸਾਈਕਲ ਤੇ ਪਿਛੇ ਬੈਠੇ ਸਾਥੀ ਨੂੰ ਉਤਾਰ ਦਿਤਾ ਤੇ ਮੈਨੂੰ ਆਪਣੇ ਪਿੱਛੇ ਬਿਠਾ ਕੇ ਉਸ ਨੂੰ ਪੈਦਲ ਆਉਣ ਦੀ ਹਦਾਇਤ ਦੇ ਦਿਤੀ। ਅਸੀਂ ਵਿਵੇਕ ਆਸ਼ਰਮ ਵਿਚ ਜਾ ਪੁਜੇ। ਕੁਝ ਮਿੰਟਾਂ ਮਗਰੋਂ ਉਹ ਸੱਜਣ ਵੀ ਆ ਗਏ। ਪਤਾ ਲਗਾ ਇਸ ਆਸ਼ਰਮ ਦੇ ਉਹ ਪ੍ਰਬੰਧਕ ਹਨ। ਉਹਨਾਂ ਦਾ ਨਾ ਹੈ—ਤਿਤਿਖਸ਼ ਮੁਨੀ।



Sri Satguru Jagjit Singh Ji eLibrary NamdhariElibrary@gmail.com

ਕੁਝ ਦਿਨ ਉਥੇ ਹਰਦਵਾਰ ਦੇ ਬਹੁਤ ਸਾਰੇ ਪੁਰਾਤਨ ਤੇ ਨਵੀਨ ਆਸ਼ਰਮਾਂ ਦੇ ਦਰਸ਼ਨ ਕੀਤੇ। ਬਹੁਤ ਸਾਰੇ ਪਹੁੰਚੇ ਹੋਏ ਮਹਾਂਪੁਰਸ਼ਾਂ ਨਾਲ ਮੁਲਾਕਾਤ ਹੋਈ। ਦੁਬਾਰਾ ਅਸੀਂ ਸਵਾਮੀ ਮਿਰਤਿੰਜੂ ਜੀ ਦੇ ਆਸ਼ਰਮ ਵਿਚ ਜਾ ਪੁਜੇ। ਉਹਨਾਂ ਨਾਲ ਅਧਿਆਤਮਕ ਵਿਚਾਰ-ਵਟਾਂਦਰਾ ਹੁੰਦਾ ਰਿਹਾ। ਉਹ ਬੜੇ ਪਹੁੰਚੇ ਹੋਏ ਮਹਾਂਪੁਰਸ਼ ਸਨ। ੧੫-੨੦ ਸਾਲ ਲਗਾਤਾਰ ਉਹ ਬਰਫ਼ਾਂ ਨਾਲ ਲੱਦੇ ਹਿਮਾਲੀਆ ਪਰਬਤ ਵਿਚ ਤਪੱਸਿਆ ਕਰਦੇ ਰਹੇ। ਜੇ ਕੁਝ ਖਾਣ ਨੂੰ ਮਿਲ ਗਿਆ ਤਾਂ ਵਾਹ ਵਾਹ, ਨਹੀਂ ਤੇ ਕਈ ਡੰਗ ਕੜਾਕੇ ਵਿਚ ਹੀ ਰਹਿੰਦੇ ਰਹੇ। ਪਰਬਤ ਦੀਆਂ ਉੱਚੀਆਂ ਚੋਟੀਆਂ ਦੇ ਰਾਹ ਵਿਚ ਕਈ ਪੁਰਾਤਨ ਗ਼ੁਫ਼ਾਵਾਂ ਉਹਨਾਂ ਨੇ ਵੇਖੀਆਂ, ਜਿਨ੍ਹਾਂ ਵਿਚ ਸਾਲਾਂ-ਬੱਧੀ ਤਪੱਸਵੀ ਮਹਾਂਪੁਰਸ਼ ਤਪੱਸਿਆ ਕਰਦੇ ਰਹੇ। ਜਦ ਉਹ ਤਪੱਸਵੀ ਹੇਠਾਂ ਮੈਦਾਨਾਂ ਵਿਚ ਚਲੇ ਜਾਂਦੇ, ਤਾਂ ਉਹਨਾਂ ਪਹਾੜੀ ਬਰਫ਼ ਲੱਦੀਆਂ ਗ਼ੁਫ਼ਾਵਾਂ ਦੇ ਅੰਦਰ ਕਰਕੇ ਜੋ ਕੁਝ ਅੰਨ ਪਾਣੀ ਬਚਿਆ ਰਹਿੰਦਾ ਉਹ ਉਥੇ ਹੀ ਛੱਡ ਜਾਂਦੇ। ਜਦੋਂ ਨਵੇਂ ਆਏ ਸਾਧੂ ਉਹਨਾਂ ਗ਼ੁਫ਼ਾਵਾਂ ਵਿਚ ਰੈਣ-ਬਸੇਰਾ ਕਰਦੇ, ਤਾਂ ਬਚੇ ਹੋਏ ਅੰਨ ਪਾਣੀ ਨੂੰ ਤਿਆਰ ਕਰਕੇ ਉਹ ਆਪਣੇ ਪੇਟ ਦੀ ਤ੍ਰਿਪਤੀ ਕਰਦੇ। ਇਸ ਤਰ੍ਹਾਂ ਕਈ ਸਾਲ ਸਵਾਮੀ ਮਿਰਤਿੰਜੂ ਜੀ ਹਿਮਾਲੀਆ ਪਰਬਤ ਵਿਚ ਤਪੱਸਿਆ ਕਰਦੇ ਤੇ ਉਹਨਾਂ ਗ਼ੁਫ਼ਾਵਾਂ ਵਿਚ ਰੈਣ-ਬਸੇਰਾ ਕਰਦੇ ਰਹੇ।

ਸਵਾਮੀ ਮਿਰਤਿੰਜੂ ਜੀ ਨਾਲ ਅਧਿਆਤਮਕ ਚਰਚਾ ਵੀ ਹੁੰਦਾ ਰਿਹਾ। ਉਹਨਾਂ ਦੀ ਸ਼ਖ਼ਸੀਅਤ ਬੜੀ ਪਿਆਰੀ, ਬਾਣੀ ਬੜੀ ਮਿੱਠੀ ਤੇ ਆਕਰਸ਼ਕ ਸੀ, ਜਿਸ ਕਾਰਨ ਸਾਡੇ ਮਨਾਂ ਤੇ ਉਹਨਾਂ ਦਾ ਬਹੁਤ ਵਧੀਆ ਪ੍ਰਭਾਵ ਪਿਆ।

ਅਸੀਂ ਹਰਦਵਾਰ ਦੀ ਯਾਤਰਾ ਕਰਨ ਦੇ ਦਿਨਾਂ ਵਿਚ ਵਿਵੇਕ ਆਸ਼ਰਮ ਵਿਚ ਰਾਤ ਕਟੀ ਕਰਦੇ ਰਹੇ। ਉਸ ਆਸ਼ਰਮ ਦਾ ਮੁਖ ਪ੍ਰਬੰਧਕ ਤਿਤਿਖਸ਼ ਮੁਨੀ (ਸ਼ਾਇਦ ਰਾਮ ਦਾਸ) ਤੀਹ ਦੀ ਉਮਰ ਵਾਲਾ ਇਕ ਬੜਾ ਪ੍ਰੇਮੀ ਨੌਜਵਾਨ ਸੀ। ਉਸ ਨੇ ਉਹਨਾਂ ਦਿਨਾਂ ਵਿਚ ਸਾਡੀ ਬੜੀ ਸੇਵਾ ਕੀਤੀ। ਮੇਰੇ ਪੁਛਣ ਤੇ ਉਸ ਨੇ ਦਸਿਆ ਕਿ ਅਧਿਆਤਮਵਾਦ ਦੀ ਉਸਨੂੰ ਕਿਵੇਂ ਲਗਨ ਲੱਗੀ—

......ਅੱਜ ਤੋਂ ਦਸ ਸਾਲ ਪਹਿਲਾਂ ਦੀ ਗੱਲ ਹੈ। ਅਸੀਂ ਤਿੰਨ ਨੌਜਵਾਨ ਘਰੋਂ ਨੱਠ ਤੁਰੇ। ਖੇਤਾਂ 'ਚੋਂ ਕੁਝ ਪ੍ਰਾਪਤੀ ਨਹੀਂ ਸੀ ਹੁੰਦੀ। ਸਵੇਰ ਤੋਂ ਸ਼ਾਮ ਤਕ ਖੇਤਾਂ ਨੂੰ ਬਣਾਂਦੇ ਸਵਾਰਦੇ ਰਹਿੰਦੇ। ਗਰਮੀਆਂ ਵਿਚ ਪਸੀਨੇ ਨਾਲ ਤਰੋ-ਤਰ ਹੋ ਜਾਂਦੇ। ਥੱਕ ਟੁਟਕੇ ਰਾਤੀਂ ਘਰ ਪੁਜਦੇ। ਦੂਜੇ ਦਿਨ ਸਵੇਰ ਤੋਂ ਸ਼ਾਮ ਤਕ ਫਿਰ ਓਹੀ ਹਾਲ ਹੁੰਦਾ। ਘਰੋਂ ਰੋਟੀ ਵੀ ਰੱਜਵੀਂ ਨਾ ਮਿਲਦੀ। ਅਸੀਂ ਸੋਚਿਆ ਕਿ ਪਿੰਡਾਂ ਤੇ ਖੇਤਾਂ ਵਿਚੋਂ ਸਾਨੂੰ ਸਾਰੀ ਉਮਰ ਕਰੜੀ ਮਿਹਨਤ ਕਰਨ ਮਗਰੋਂ ਵੀ ਕੁਝ ਪ੍ਰਾਪਤ ਨਹੀਂ ਹੋਣਾ...ਕਿਉਂ ਨਾ ਪਿੰਡ ਛੱਡ-ਛਡਾਕੇ ਹਰਦਵਾਰ ਜਾ ਪੁਜੀਏ।

ਸੋ, ਅਸੀਂ ਤਿੰਨੇ ਬੇਟਿਕਟੇ ਹੀ ਹਰਦਵਾਰ ਆ ਗਏ। ਦੋ ਦਿਨ ਦੀਆਂ ਪੱਕੀਆਂ ਰੋਟੀਆਂ ਸਾਡੇ ਥੈਲਿਆਂ ਵਿਚ ਪਈਆਂ ਸਨ। ਦੋ ਦਿਨਾਂ ਵਿਚ ਹੀ ਹਰਦਵਾਰ ਯਾਤਰਾ ਮਗਰੋਂ ਸਾਡਾ ਅੰਨ ਪਾਣੀ ਦਾ ਭੰਡਾਰ ਖਤਮ ਹੋ ਗਿਆ। ਹੁਣ ਸੋਚਿਆ ਅਸੀਂ ਕਿਥੇ ਜਾਈਏ? ਇਕ ਆਸ਼ਰਮ ਦੇ ਪਿਛਵਾੜੇ ਬੜਾ ਘਣਾ ਜੰਗਲ ਸੀ। ਉਥੇ ਇਕ ਟੁਟਾ-ਭੱਜਾ ਮਕਾਨ ਸੀ। ਅਸੀਂ ਸਾਰਿਆਂ ਉਸ ਵਿਚ ਡੇਰਾ ਲਾ ਲਿਆ। ਪ੍ਰਭੂ ਅੱਗੇ ਅਰਦਾਸ ਕੀਤੀ—"ਹੇ ਪ੍ਰਿਤਪਾਲਕ! ਤੂੰ ਹੀ ਸਾਡੀ ਬਹੁੜੀ ਕਰਨੀ ਹੈ। ਅਸੀਂ ਪੇਟ ਪੂਰਤੀ ਲਈ ਆਪਣੀ ਕੁਟੀਆ ਤੋਂ ਬਾਹਰ ਨਿਕਲਕੇ ਮੰਗਣ ਨਹੀਂ ਜਾਣਾ, ਜੇ ਸਾਡੀ ਰੱਖਿਆ ਕਰਨੀ ਹੈ, ਤਾਂ ਇਥੇ ਹੀ ਪ੍ਰਸ਼ਾਦ ਪਾਣੀ ਦਾ ਪ੍ਰਬੰਧ ਕਰੋ...ਵਰਨਾ ਅਸੀਂ ਤੁਹਾਡੀ ਯਾਦ ਵਿਚ ਇਥੇ ਹੀ ਭੁਖੇ-ਪਿਆਸੇ ਰਹਿਕੇ ਪ੍ਰਾਣ ਤਿਆਗ ਦਿਆਂਗੇ।"

ਇਸ ਤਰ੍ਹਾਂ ਇਸ ਅਰਦਾਸ ਪਿਛੋਂ ਇਕ ਦੋ ਦਿਨਾਂ ਵਿਚ ਹੀ ਸਾਡੇ ਪ੍ਰਾਣ ਖੁਸ਼ਕ ਹੋਣ ਲਗ ਪਏ। ਨਾ ਅੰਨ, ਨਾ ਦੁਧ, ਚਾਹ ਪਾਣੀ, ਭੁਖੇ ਪਿਆਸੇ ਜਾਨ ਵਿਲਕਣ ਲਗੀ। ਅਸੀਂ ਸੋਚਿਆ ਕਿਉਂ ਨਾ ਬਾਕੀ ਦੇ ਪ੍ਰਭੂ ਪਿਆਰਿਆਂ ਵਾਂਗ ਅਸੀਂ ਘਰ ਘਰ ਜਾ ਕੇ ਅਲਖ ਜਗਾਈਏ, ਉਥੋਂ ਰੋਟੀ, ਕਪੜਾ ਮਿਲ ਜਾਏ, ਤਾਂ ਆਪਣੀ ਭੁਖ ਮਿਟਾਈਏ ਤੇ ਸਰਦੀਆਂ ਵਿਚ ਕੰਬਲ ਆਦਿ ਨਾਲ ਸਰੀਰ ਢਕੀਏ। ਜਦੋਂ ਤਿੰਨੇ ਅਸੀਂ ਆਪਣੀ ਕੁਟੀਆ ਚੋਂ ਬਾਹਰ ਨਿਕਲੇ, ਤਾਂ ਸਾਡਾ ਇਕ ਅੱਖੜ ਸਾਥੀ ਮਖਣ ਸਿੰਘ ਕਹਿਣ ਲਗਾ—"ਭਰਾਵੋ! ਅਸੀਂ ਜੱਟ ਲੋਕ ਹੁੰਨੇ ਆਂ। ਮੰਗਣ ਨਾਲੋਂ ਮਰ ਜਾਣਾ ਚੰਗਾ ਸਮਝਦੇ ਹਾਂ। ਮੈਂ ਤਾਂ ਇਸ ਕੰਮ ਲਈ ਤੁਹਾਡਾ ਸਾਥ ਨਹੀਂ ਦੇਣਾ। ਭਾਵੇਂ ਭੁਖਿਆਂ ਹੀ ਮੌਤ ਆ ਜਾਵੇ।"

ਇਹ ਸੁਣ ਅਸੀਂ ਦੋਵੇਂ ਸਾਥੀ ਵੀ ਪ੍ਰੇਸ਼ਾਨ ਹੋ ਗਏ। ਉਹ ਟੁਟੀ ਫੁਟੀ ਥਾਂ ਤਾਂ ਸਾਡੇ ਲਈ ਠੀਕ ਹੀ ਸੀ। ਘਰ-ਘਰ ਜਾ ਕੇ ਅਲਖ ਜਗਾਣੀ ਤੇ ਪ੍ਰਸ਼ਾਦ ਪ੍ਰਾਪਤ



Sri Satguru Jagjit Singh Ji eLibrary NamdhariElibrary@gmail.com

ਕਰਨ ਨੂੰ ਅਸੀਂ ਬੁਰਾ ਨਹੀਂ ਸਾਂ ਸਮਝਦੇ, ਪਰ ਮੱਖਣ ਸਿੰਘ ਦੀ ਗਲ ਸਾਡੇ ਸੀਨੇ ਚੀਰ ਗਈ ਕਿ ਜੇ ਮਖਣ ਸਿੰਘ ਜਾਣ ਨੂੰ ਤਿਆਰ ਨਹੀਂ ਤਾਂ ਅਸੀਂ ਤਾਂ ਜੱਟ ਹੁੰਦੇ ਹਾਂ ਅਸੀਂ ਆਪਣੀ ਕੁਟੀਆਂ ਚੋਂ ਬਾਹਰ ਕਿਉਂ ਨਿਕਲੀਏ। ਜੇ ਮੁੜ ਕੇ ਅਸੀਂ ਫਿਰ ਆਪਣੀ ਥਾਂ ਤੇ ਆ ਆਸਣ ਜਮਾ ਲਏ। ਭੁਖੇ ਪੇਟ ਤਾਂ ਭਗਤੀ ਵੀ ਨਹੀਂ ਹੁੰਦੀ। ਵਾਹਿਗੁਰੂ, ਵਾਹਿਗੁਰੂ, ਰਾਮ ਰਾਮ ਮੂੰਹ ਚੋਂ ਕਿਵੇਂ ਨਿਕਲੇ।' ਬਸ ਫਿਰ ਪਹਿਲਾਂ ਵਾਂਗ ਮੋਏ ਮੁਰਦਿਆਂ ਵਾਂਗ ਫਰਸ਼ ਤੇ ਹੀ ਲੇਟ ਗਏ, ਕਦੇ ਖੱਬਾ ਪਾਸਾ ਪਰਤੀਏ ਕਦੀ ਸੱਜਾ, ਨੀਂਦ ਕਿਥੇ ਆਵੇ ਭੁਖਿਆਂ ਨੂੰ? ਥੋਹੜੇ ਥੋਹੜੇ ਸਮੇਂ ਬਾਅਦ ਬਾਹਰ ਨਿਕਲ ਕੇ ਦੇਖੀਏ, ਕੋਈ ਪ੍ਰਭੂ ਦਾ ਭਗਤ, ਦਾਤਾ ਲੋਕ ਰਾਹ ਭੁਲ ਕੇ ਸਾਡੀ ਕੁਟੀਆ ਪਾਸੋਂ ਲੰਘੇ, ਤਾਂ ਸਾਡੀ ਮਾੜੀ ਮੋਟੀ ਪੇਟ ਪੂਰਤੀ ਦਾ ਬਾਹਨਣੂ ਬੰਨਿਆ ਜਾਵੇ। ਪਤਾ ਨਹੀਂ ਸਾਡੀਆਂ ਅਰਦਾਸਾਂ ਉਸ ਪ੍ਰਭੂ ਪਾਸ ਪੁਜੀਆਂ ਜਾਂ ਰਾਹ ਵਿਚ ਹੀ ਗੁਆਚ ਗਈਆਂ। ਪੰਜ ਰਾਤਾਂ ਚਾਰ ਦਿਨ ਇਸ ਤਰ੍ਹਾਂ ਹੀ ਭੁਖੇ ਭਾਣੇ ਲੰਘ ਗਏ। ਉਸ ਵੇਲੇ ਅਸੀਂ ਤਿੰਨੇ ਮੌਤ ਦੀਆਂ ਘੜੀਆਂ ਗਿਣ ਰਹੇ ਸਾਂ, ਸ਼ਾਮ ਦਾ ਵੇਲਾ, ਥੋੜ੍ਹਾ ਥੋੜ੍ਹਾ ਹਨੇਰਾ ਪਸਰ ਰਿਹਾ ਸੀ ਕਿ ਇਕ ਪ੍ਰਭੂ ਪਿਆਰੀ ਬ੍ਰਿਧ ਮਾਤਾ ਆਪਣੇ ਨੌਕਰ ਦੇ ਸਿਰ ਤੇ ਟੋਕਰੀ ਚੁਕਾਈ ਸਾਡੀ ਕੁਟੀਆ ਪਾਸ ਆਣ ਪੁਜੀ। ਅਸੀਂ ਢਹਿੰਦੀਆਂ ਕਲਾ ਚੋਂ ਨਿਕਲ ਕੇ ਸਾਵਧਾਨ ਹੋ ਹੱਥ ਜੋੜ ਖਲੋ ਗਏ। ਮਾਤਾ ਜੀ ਨੇ ਨੌਕਰ ਦੇ ਸਿਰ ਤੋਂ ਟੋਕਰੀ ਉਤਰਵਾ ਕੇ ਫਰਸ਼ ਤੇ ਰਖੀ। ਗਰਮ ਗਰਮ ਪੂੜੀਆਂ, ਛੋਲੇ, ਸਬਜ਼ੀ ਤੇ ਨਾਲ ਦੂਰੋਂ ਹੀ ਖੁਸ਼ਬੂਆਂ ਛਡਦਾ ਕੜਾਹ ਪ੍ਰਸ਼ਾਦ, ਡੂਨਿਆਂ ਵਿਚ ਪਰੋਸਿਆ ਹੋਇਆ ਸਾਡੇ ਸਾਹਮਣੇ ਆਣ ਰਖਿਆ। ਰੱਬ ਵਲੋਂ ਆਈ ਇਸ ਦਾਤ ਦੇ ਪੁਜਣ ਤੇ ਅਸੀਂ ਮਾਈ ਦਾ ਧੰਨਵਾਦ ਵੀ ਨਾ ਕਰ ਸਕੇ ਤੇ ਭੁਖੇ ਬਘਿਆੜਾਂ ਵਾਂਗਣ ਇਸ ਸਮਿਗਰੀ ਤੇ ਟੁੱਟ ਕੇ ਪੈ ਗਏ। ਉਧਰ ਮਾਤਾ ਜੀ ਬੜੀ ਨਿਮਰ ਸੁਰ ਵਿਚ ਕਹਿਣ ਲਗੇ—"ਬੱਚਿਓ! ਮੈਂ ਪ੍ਰਸ਼ਾਦ ਪਾਣੀ ਤਿਆਰ ਕਰਾ ਕੇ ਕਈ ਆਸ਼ਰਮਾਂ ਵਿਚ ਟਿਕੇ ਹੋਏ, ਸਾਧੂ ਮਹਾਤਮਾ ਨੂੰ ਪ੍ਰਸ਼ਾਦ ਛਕਾ ਕੇ ਵਾਪਸ ਪਰਤ ਰਹੀ ਸਾਂ, ਤਾਂ ਇਕ ਲੰਗੋਟ ਬੰਦ ਨਾਗਾ ਸਾਧੂ ਬੋਲਿਆ—"ਮਾਤਾ ਜੀ! ਉਹ ਦੂਰ ਸਾਰੇ ਇਕ ਟੁਟੇ ਹੋਏ ਖੋਲੇ ਵਿਚ ਤਿੰਨ ਨੌਜਵਾਨ ਸਾਧੂ ਭੁਖੇ ਭਾਣੇ ਮੁਰਦਿਆਂ ਵਾਂਗਣ ਪਏ ਮੌਤ ਦੀਆਂ ਘੜੀਆਂ ਗਿਣ ਰਹੇ ਹਨ। ਨਾ ਉਹ ਬਾਹਰ ਨਿਕਲਦੇ ਹਨ, ਨਾ ਉਹਨਾਂ ਦੀ ਪੇਟ ਪੂਰਤੀ ਹੁੰਦੀ ਹੈ। ਬਸ ਕਿਸੇ ਵੇਲੇ ਆਪਣੇ ਆਸਣ ਤੋਂ ਉਠ ਕੇ ਬਾਹਰ ਲਗੇ ਹੋਏ ਹੈਂਡ ਪੰਪ ਤੋਂ ਪਿਆਸ ਬੁਝਾ ਕੇ ਫਿਰ ਡਿਗਦੇ ਢਹਿੰਦੇ ਆਪਣੇ ਆਸਣ ਤੇ ਜਾ ਲੇਟਦੇ ਹਨ।" ਉਸ ਸਾਧੂ ਦੀ ਗਲ ਸੁਣ ਮੈਂ ਘਰ ਵਾਪਸ ਪਰਤੀ, ਗਰਮਾ ਗਰਮ ਪੂੜੀਆਂ, ਛੋਲੇ, ਸਬਜ਼ੀ ਤੇ ਕੜਾਹ ਪ੍ਰਸ਼ਾਦ ਲੈ ਕੇ ਤੁਹਾਡੀ ਸੇਵਾ ਵਿਚ ਹਾਜ਼ਰ ਹੋਈਆਂ। ਮੇਰੇ ਪੁਤਰੋ! ਪ੍ਰਸ਼ਾਦ ਛਕ ਕੇ ਮੈਨੂੰ ਅਸੀਸਾਂ ਦਿਉ ਕਿ ਇਸੇ ਤਰ੍ਹਾਂ ਮੈਂ ਤੁਹਾਡੇ ਵਰਗੇ ਸਾਧੂ ਮਹਾਤਮਾ ਦੀ ਸੇਵਾ ਕਰ ਸਕਿਆ ਕਰਾਂ।

ਮਾਤਾ ਜੀ ਦੀ ਗੱਲ ਸੁਣੀ ਅਣਸੁਣੀ ਕਰਕੇ ਅਸੀਂ ਆਪਣੇ ਸ਼ਿਕਾਰ ਤੇ ਪਹਿਲਾਂ ਵਾਂਗ ਹੀ ਝਪਟਦੇ ਰਹੇ। ਮੂੰਹੋਂ ਗਲ ਨਾ ਨਿਕਲੇ। ਜਦ ਪ੍ਰਸ਼ਾਦ ਛਕ ਕੇ ਪੇਟ ਦੀ ਚੰਗੀ ਤਰ੍ਹਾਂ ਪੂਰਤੀ ਹੋ ਗਈ ਤਾਂ ਬਾਹਰ ਨਿਕਲ ਕੇ ਰਜ ਕੇ ਪਾਣੀ ਪੀਤਾ। ਹੱਥ ਮੂੰਹ ਧੋਤਾ, ਤੇ ਹੱਥ ਜੋੜ ਮਾਤਾ ਜੀ ਦੇ ਚਰਨਾਂ ਵਿਚ ਸਿਰ ਰਖ ਦਿਤਾ। ਇਕ ਵਾਰ ਹੀ ਤਿੰਨਾਂ ਦੇ ਮੂੰਹ ਚੋਂ ਨਿਕਲ ਗਿਆ—"ਮਾਤਾ ਜੀ! ਤੁਸੀਂ ਭਗਵਾਨ ਬਣਕੇ ਬਹੁੜੇ ਹੋ, ਨਹੀਂ ਤਾਂ ਅਜ ਦੀ ਰਾਤ ਕਿਸੇ ਵੇਲੇ ਵੀ ਅਸੀਂ ਰੱਬ ਨੂੰ ਪਿਆਰੇ ਹੋ ਜਾਂਦੇ ਤੇ ਕਮੇਟੀ ਵਾਲੇ ਸਵੇਰੇ ਆ ਕੇ ਸਾਡੇ ਤਿੰਨਾਂ ਦੀਆਂ ਲਾਸ਼ਾਂ ਨੂੰ ਲਾ-ਵਾਰਸ ਸਮਝ ਕੇ ਫੂਕ ਦੇਂਦੇ। ਥੋਹੜੀ ਦੇਰ ਰੁਕ ਕੇ ਉਹ ਬੋਲੇ:

"ਇਸ ਪਿਛੋਂ ਭਾਰਤੀ ਜੀ ਤੇ ਦਾਤਾ ਜੀ! ਬਸ ਅਸੀਂ ਇਥੋਂ ਦੇ ਹੀ ਹੋ ਕੇ ਰਹਿ ਗਏ। ਸਾਡੇ ਮਰਨ ਵਰਤ ਦੀ ਖ਼ਬਰ ਚੁ-ਪਾਸੇ ਗੂੰਜ ਉਠੀ। ਰੋਜ਼ ਸਵੇਰੇ ਸ਼ਾਮ ਕਦੀ ਕਿਸੇ ਆਸ਼ਰਮ ਤੋਂ ਕਦੇ ਕਿਸੇ ਖੇਤਰ ਤੋਂ ਸਾਨੂੰ ਕੜਾਹ ਪੂੜੀਆਂ ਤੇ ਦਾਲ ਭਾਜੀ ਦੇ ਪਰੋਸੇ ਹੋਏ ਥਾਲ ਪਹੁੰਚਣ ਲਗ ਪਏ। ਕਈ ਦਾਤਾ ਲੋਕ ਪ੍ਰਸ਼ਾਦ ਪਾਣੀ ਦੇ ਨਾਲ ਮਾਇਆ ਦੇ ਗਫੇ ਵੀ ਭੇਜ ਦੇਂਦੇ, ਜਿਸ ਨਾਲ ਅਸੀਂ ਆਪਣੀ ਟੁਟੀ-ਭਜੀ ਕੁਟੀਆ ਨੂੰ ਮੁਰੰਮਤ ਕਰ ਲਿਆ। ਬਿਜਲੀ ਆ ਗਈ। ਪਾਣੀ ਦੇ ਨਲਕੇ ਲਗ ਗਏ। ਰਜ਼ਾਈਆਂ, ਕੰਬਲ ਆਦਿ ਦੀ ਭਰਮਾਰ ਹੋ ਗਈ ਤੇ ਅਸੀਂ ਤਿੰਨੇ ਭੁਖੜ ਜੱਟ, ਸਾਧੂਆਂ ਤੇ ਮੁੜ ਰੌਣਕ ਆ ਗਈ ਤੇ ਇਹ ਸੀ ਸਾਰੀ ਸਾਡੀ ਅਰੰਭ ਦੀ ਵਿਥਿਆ, ਮਹਾਰਾਜ!

"ਕਈ ਸਾਲ ਇਸੇ ਤਰ੍ਹਾਂ ਹੀ ਚਕਰ ਚਲਦਾ ਰਿਹਾ। ਮਗਰੋਂ ਵਿਵੇਕ ਆਸ਼ਰਮ ਦਾ ਪ੍ਰਬੰਧਕ ਜਲਾਲ ਪਿੰਡ ਦੇ ਰਹਿਣ ਵਾਲੇ ਗੁਰੂ ਜੀ ਨੇ ਮੈਨੂੰ ਬਣਾ ਦਿਤਾ ਤੇ ਹੁਣ ਵਾਲਾ ਆਸ਼ਰਮ ਉਨ੍ਹਾਂ ਮਹਾਂ ਪੁਰਸ਼ ਦੇ ਨਾਂ ਤੇ ਚਲਦਾ ਆ ਰਿਹਾ ਹੈ। ਰੋਜ਼ ਦਿਨੇ ਤੇ ਸ਼ਾਮ, ਵਡੇ ਵਡੇ ਆਸ਼ਰਮਾਂ ਤੋਂ



Sri Satguru Jagjit Singh Ji eLibrary NamdhariElibrary@gmail.com

ਇਥੇ ਠਹਿਰੇ ਹੋਏ ਯਾਤਰੂਆਂ ਤੇ ਸਾਡੇ ਲਈ ਪ੍ਰਸ਼ਾਦ ਪਾਣੀ ਆ ਜਾਂਦਾ ਹੈ ਤੇ ਅਸੀਂ ਸਾਰਾ ਦਿਨ ਉਸ ਪ੍ਰਭੂ ਦੀ ਭਗਤੀ ਵਿਚ ਸਰਸ਼ਾਰ ਰਹਿੰਦੇ ਹਾਂ।"

ਇਕ ਦਿਨ ਵਿਵੇਕ ਆਸ਼ਰਮ ਦੇ ਲੰਗਰ ਵਿਚ ਪ੍ਰਸ਼ਾਦ ਛਕ ਰਹੇ ਸਾਂ। ਦੇਸੀ ਕੜਾਹ ਪ੍ਰਸ਼ਾਦ ਵੜਾ ਕੇਲਾ ਸਾਡੇ ਪਾਸ ਛਕਣ ਲਈ ਪੁਜਾ। ਭਾਰਤੀ ਜੀ ਨੇ ਉਸ ਚੋਂ ਚੁਟਕੀ ਕੁ ਪ੍ਰਸਾਦ ਰਖਕੇ ਕੇਲਾ ਵਾਪਸ ਕਰ ਦਿਤਾ। ਮੈਂ ਕਿਹਾ ਇਹ ਕੀ ਭਾਰਤੀ ਜੀ। ਉਹ ਬੋਲੇ ਅਸੀਂ ਇੰਨਾ ਹੀ ਖਾਣਾ ਪੀਣਾ ਸੀ। ਮੈਂ ਕਿਹਾ, ਮੈਂ ਤਾਂ ਇਹ ਸਾਬਤ ਸਬੂਤ ਕੇਲਾ ਛੱਕ ਲੈਣਾ ਸੀ ਮੇਰੀ ਗਲ ਸੁਣ ਉਹ ਬੜਾ ਹਸੇ। ਅਗਲੇ ਦਿਨ ਉਨ੍ਹਾਂ ਦੇ ਲੰਗਰ ਪਹੁੰਚ ਅਸੀਂ ਰਜ ਕੇ ਕੜਾਹ ਪ੍ਰਸ਼ਾਦ ਛਕਿਆ।

ਇਹਨੀਂ ਦਿਨੀਂ ਸਾਡਾ ਤੀਜਾ ਸਾਥੀ ਡਾਕਟਰ ਮਨਜੀਤ ਸਿੰਘ (ਦਿਮਾਗੀ ਬੀਮਾਰੀਆਂ ਦੇ ਮਾਹਿਰ-ਸਫ਼ਦਰ ਜੰਗ ਹਸਪਤਾਲ, ਨਵੀਂ ਦਿਲੀ) ਸਾਨੂੰ ਇਸ ਆਸ਼ਰਮ ਵਿਚ ਆ ਮਿਲਿਆ। ਇਸ ਤਰ੍ਹਾਂ ਅਸੀਂ ਤਿੰਨੇ ਸਾਥੀ ਹਰਦਵਾਰ ਦੇ ਸਾਰੇ ਆਸ਼ਰਮਾਂ ਤੇ ਨੇੜੇ ਤੇੜੇ ਦੇ ਪਹਾੜਾਂ ਉਪਰ ਬਣੇ ਪੁਰਾਤਨ ਮੰਦਰਾਂ ਦੇ ਦਰਸ਼ਨ ਤੇ ਰਿਸ਼ੀਕੇਸ਼ ਦੀ ਯਾਤਰਾ ਕਰਨ ਮਗਰੋਂ ਵਾਪਸ ਦਿਲੀ ਆ ਗਏ।

ਇਸ ਯਾਤਰਾ ਤੋਂ ਕੁਝ ਮਹੀਨਿਆਂ ਮਗਰੋਂ ਮੇਰੇ ਸਾਥੀ ਡਾਕਟਰ ਅਮਰ ਭਾਰਤੀ ਨੇ ਬੜੀ ਦੁਖਦਾਈ ਖ਼ਬਰ ਸੁਣਾਈ ਕਿ ਹਰਦਵਾਰ ਵਾਲੇ ਉਸ ਆਸ਼ਰਮ ਜਿਥੇ ਸਾਡਾ ਕਈ ਦਿਨ ਨਿਵਾਸ ਅਸਥਾਨ ਸੀ, ਦੇ ਪ੍ਰਬੰਧਕ ............ ਦੀ ਅਚਾਨਕ ਮ੍ਰਿਤੂ ਹੋ ਗਈ। ਉਹ ਸਵੇਰ ਸਾਰ ਇਸ਼ਨਾਨ ਕਰਕੇ ਆਪਣੇ ਗਿਲੇ ਬਸਤਰ ਤੇ ਕਛਹਿਰਾ ਬਨੈਨ ਤੌਲੀਆ ਆਦਿ ਆਸ਼ਰਮ ਦੇ ਦਲਾਨ ਵਿਚ ਲਗੀ ਹੋਈ ਲੋਹੇ ਦੀ ਤਾਰ ਤੇ ਪਾਂਦਿਆਂ ਹੋਇਆਂ ਉਸ ਤਾਰ ਚੋਂ ਨਿਕਲਦੀਆਂ ਹੋਈਆਂ ਬਿਜਲੀ ਚਿੰਗਾੜੀਆਂ ਨਾਲ ਜਕੜ ਗਏ ਤੇ ਕਿੰਨੀ ਦੇਰ ਉਸ ਤਾਰ ਨਾਲ ਹੀ ਲਟਕੇ ਰਹੇ। ਕਈ ਘੰਟਿਆਂ ਬਾਅਦ ਉਧਰੋਂ ਕੋਈ ਰਾਹਗੀਰ ਲੰਘਿਆ ਤਾਂ ਉਸ ਨੇ ਸ਼ੋਰ ਮਚਾਇਆ। ਪੁਲਸ ਆ ਗਈ, ਉਹਨੇ ਲਕੜ ਦੇ ਫਟੇ ਤੇ ਖੜੋ ਕੇ ਮਹੰਤ ਜੀ ਨੂੰ ਖਿਚ ਕੇ ਉਤਾਰਿਆ। ਹਸਪਤਾਲ ਵਿਚ ਪੁਜਣ ਤੇ ਪਤਾ ਲਗਾ ਕਿ ਬਾਰਸ਼ ਕਾਰਨ ਦੀਵਾਰ ਤੋਂ ਬਿਜਲੀ ਆ ਕੇ ਤਾਰ ਵਿਚ ਜਾ ਪੁਜੀ। ਉਸ ਕਰੰਟ ਨਾਲ ਹੀ ਮਹੰਤ ਜੀ ਦੀ ਮੌਤ ਹੋ ਗਈ।"

ਮੈਂ ਇਹ ਖਬਰ ਸੁਣ ਕੇ ਸੁੰਨ ਹੋ ਗਿਆ। ਬੜਾ ਪਿਆਰ ਸੀ। ਉਹ ਤਖ਼ਸ਼ ਮੁੰਨੀ ਲੋਕ ਸੇਵਕ, ਗਰੀਬ ਪਰਵਰ ਗਰੀਬਾਂ ਤੇ ਬੀਮਾਰਾਂ ਦਾ ਹਮਦਰਦ। ਇਸ ਨੇਕ ਪੁਰਸ਼ ਦੀ ਮੌਤ ਦੀ ਖ਼ਬਰ ਨਾਲ ਬੜਾ ਡੂੰਘਾ ਸਦਮਾ ਹੋਇਆ। ਮੁੜ ਸਾਡਾ ਹਰਦਵਾਰ ਜਾਣ ਦਾ ਜੀਅ ਹੀ ਨਹੀਂ ਕੀਤਾ।

(ੲ)

ਇਹਨੀਂ ਦਿਨੀਂ ਹੀ ਇਕ ਦਿਨ ਮੈਂ ਅਮਰ ਭਾਰਤੀ ਜੀ ਦੇ ਹਰੀ ਨਗਰ (ਘੰਟਾ ਘਰ) ਨਿਵਾਸ ਅਸਥਾਨ ਤੇ ਬੈਠਾ ਹੋਇਆ ਸਾਂ। ਅਮਰ ਭਾਰਤੀ ਜੀ ਪ੍ਰਸ਼ਾਦ ਤਿਆਰ ਕਰ ਰਹੇ ਸਨ ਕਿ ਅਚਾਨਕ ਇਕ ਸੇਵਾਦਾਰ ਨੇ ਆਣ ਕੇ ਖਬਰ ਦਿਤੀ ਕਿ ਸਤਿਗੁਰੂ ਮਹਾਰਾਜ ਜਗਜੀਤ ਸਿੰਘ ਜੀ ਪਧਾਰ ਰਹੇ ਹਨ। ਅਸੀਂ ਦੋਵੇਂ ਸਾਵਧਾਨ ਹੋ ਗਏ। ਕੁਝ ਪਲਾਂ ਵਿਚ ਹੀ ਕਾਰਾਂ ਦਾ ਕਾਫਲਾ ਭਾਰਤੀ ਜੀ ਦੇ ਨਿਵਾਸ ਅਸਥਾਨ ਵਾਲੀ ਸੜਕ ਤੇ ਆਣ ਰੁਕਿਆ। ਸਤਿਗੁਰੂ ਜਗਜੀਤ ਸਿੰਘ ਜੀ ਅੰਦਰ ਆ ਗਏ। ਅਸੀਂ ਦੋਹਾਂ ਨੇ ਪ੍ਰਨਾਮ ਕੀਤੀ। ਉਹ ਦੀਵਾਨ ਤੇ ਬਿਰਾਜ ਗਏ ਤੇ ਸੰਗਤਾਂ ਹੇਠਾਂ ਦਰੀ ਤੇ ਬੈਠ ਗਈਆਂ। ਮੈਂ ਉਹਨਾਂ ਨੂੰ ਪੁਛਿਆ—"ਮਹਾਰਾਜ ਜੀ! ਮੇਰਾ ਨਾਂ ਪਿਆਰਾ ਸਿੰਘ ਦਾਤਾ ਹੈ, ਤੁਸੀਂ ਪਛਾਣਿਆਂ ਤੇ ਨਹੀਂ।"

ਉਹ ਹਸ ਕੇ ਬੋਲੇ—"ਦਾਤਾ ਜੀ! ਤੁਸੀਂ ਉਹੀ ਹੋ ਨਾ-ਜਿਨ੍ਹਾਂ ਸੰਨ ੧੯੮੩ ਦੀ ਵਿਸ਼ਵ ਪੰਜਾਬੀ ਕਾਨਫਰੰਸ, ਬੰਕਾਕ ਦੇ ਸਮਾਗਮ ਸਮੇਂ ਆਪਣੀ ਵਾਕਫ਼ੀ ਦੇਂਦੇ ਹੋਏ ਕਿਹਾ ਸੀ ਕਿ ਮੈਂ ਡਾ: ਸ਼ਾਨ ਤੋਂ ਵੀਹ ਕਿਤਾਬਾਂ ਵਧ ਲਿਖੀਆਂ ਹਨ। ਤੁਹਾਡੀ ਗਲ ਸੁਣ ਸਰੋਤਿਆਂ ਨੇ ਖੂਬ ਤਾੜੀਆਂ ਮਾਰੀਆਂ ਤੇ ਬੜਾ ਹਾਸਾ ਮਚਿਆ।" ਸਤਿਗੁਰੂ ਤੋਂ ਵਿਸ਼ਵ ਪੰਜਾਬੀ ਕਾਨਫਰੰਸ ਦੀ ਗਲ ਸੁਣ ਮੇਰੀ ਯਾਦ ਦੀ ਘੜੀ ਦੀ ਸੂਈ ਇਕ ਸਾਲ ਪਹਿਲਾਂ ਜਾ ਖੜੋਤੀ। ਇਹ ਕਾਨਫਰੰਸ ਸਤਿਗੁਰੂ ਜਗਜੀਤ ਸਿੰਘ ਤੇ ਨਾਮਧਾਰੀ ਸੰਸਥਾ ਦੀ ਮੇਹਨਤ, ਲਗਨ ਤੇ ਮਾਇਆ ਨਾਲ ਸਿਰੇ ਚੜ੍ਹੀ। ਬੰਕਾਕ ਦੇ ਇਕ ਪੰਜ ਤਾਰਾ ਹੋਟਲ ਵੀ ਸੋਲਵੀ ਮੰਜ਼ਿਲ ਦੇ ਵਡੇ ਹਾਲ ਵਿਚ ਹੋਈ, ਜਿਸ ਵਿਚ ਪੰਜਾਬ, ਦਿਲੀ ਭਾਰਤ ਦੇ ਵਡੇ ਵਡੇ ਸਹਿਰਾਂ ਤੋਂ ਲੈ ਕੇ ਅਮਰੀਕਾ, ਕੈਨੇਡਾ, ਇੰਗਲੈਂਡ ਤਕ ਦੇ ਪੰਜਾਬੀ ਸਾਹਿਤਕਾਰ ਸ਼ਾਮਲ ਹੋਏ। ਇਹ ਕਾਨਫਰੰਸ ਤਿੰਨ ਦਿਨ ਚਲਦੀ ਰਹੀ। ਪੰਜਾਬੀ ਸਾਹਿਤਕਾਰਾਂ ਨੂੰ ਪੰਜ ਤਾਰਾ ਹੋਟਲ ਵਿਚ ਰਿਹਾਇਸ਼ ਮਿਲੀ। ਸਵੇਰ ਸਾਰ ਨਾਸ਼ਤਾ, ਦੁਪਹਿਰ ਦਾ ਖਾਣਾ ਤੇ ਚਾਹ ਦਾ ਖਾਣਾ ਸਭ ਕੁਝ ਹੋਟਲ



Sri Satguru Jagjit Singh Ji eLibrary NamdhariElibrary@gmail.com

ਵਲੋਂ ਹੀ ਮਿਲਦਾ ਸੀ। ਇਹ ਹੋਟਲ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਿਸੇ ਧਨਾਢ ਸੇਵਕ ਦੀ ਮਲਕੀਅਤ ਸੀ। ਉਹ ਸੇਠ ਸੁਰ ਅਮ੍ਰਤ ਸਿੰਘ ਇਸ ਵਿਸ਼ਵ ਕਾਨਫਰੰਸ ਤੇ ਸਾਹਿਤਕਾਰਾਂ ਦੀ ਰਿਹਾਇਸ਼ ਆਦਿ ਦੀ ਸੇਵਾ ਕਰਦਿਆਂ ਹੋਇਆਂ, ਸਤਿਗੁਰਾਂ ਵਲੋਂ ਦਿਤਾ ਗਿਆ ਮਾਣ ਸਮਝਦਾ ਸੀ। ਸਮਾਗਮ ਦੇ ਪਹਿਲੇ ਦਿਨ ਦੋ ਸੌ ਦੇ ਲਗ ਭਗ ਸਾਹਿਤਕਾਰਾਂ ਨੂੰ ਦੋ-ਦੋ ਮਿੰਟ ਆਪਣੀ ਵਾਕਫ਼ੀ ਕਰਾਣ ਲਈ ਸਮਾਂ ਦਿਤਾ ਗਿਆ। ਮੇਰੇ ਤੋਂ ਪਹਿਲਾਂ ਡਾ: ਹਰਨਾਮ ਸਿੰਘ ਸ਼ਾਨ ਨੇ ਆਪਣੀਆਂ ਪ੍ਰਾਪਤੀਆਂ ਬਾਰੇ ਆਪਣੀਆਂ ਪੁਸਤਕਾਂ ਦੇ ਸਬੰਧ ਵਿਚ ਆਪਣੀ ਵਡੀ ਲਿਸਟ ਪੜ੍ਹ ਕੇ ਸੁਣਾਈ ਤੇ ਆਪਣੀਆਂ ਉਪਾਧੀਆਂ ਜਿਥੇ-ਜਿਥੇ ਉਸ ਨੇ ਕੰਮ ਕੀਤਾ ਸੀ, ਜਿਨ੍ਹਾਂ ਸੰਸਥਾਵਾਂ ਦੀ ਪ੍ਰਧਾਨਗੀ ਜਾਂ ਵਿਸ਼ੇਸ਼, ਯਾਤਰਾਵਾਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਹਨਾਂ ਨੇ ਬੜੇ ਸੋਹਣੇ ਤੇ ਵਿਸ਼ੇਸ਼ ਢੰਗ ਨਾਲ ਆਪਣੀਆਂ ਉਪਾਧੀਆਂ ਦਾ ਜ਼ਿਕਰ ਕੀਤਾ। ਮੈਂ ਵੇਖ ਰਿਹਾ ਸਾਂ ਕਿ ਸਰੋਤੇ ਉਸ ਤਰ੍ਹਾਂ ਦੀ ਜਾਣਕਾਰੀ ਦੇਣ ਨੂੰ ਪਸੰਦ ਨਹੀਂ ਸੀ ਕਰ ਰਹੇ। ਜਦੋਂ ਮੇਰੀ ਵਾਰੀ ਆਈ ਤਾਂ ਮੈਂ ਦੋ ਪਲਾਂ ਵਿਚ ਆਪਣੀ ਜਾਣਕਾਰੀ ਇਹਨਾਂ ਸ਼ਬਦਾਂ ਨਾਲ ਦਿਤੀ—"ਮੇਰਾ ਨਾਂ ਪਿਆਰਾ ਸਿੰਘ ਦਾਤਾ ਹੈ। ਦਿੱਲੀ ਮੇਰਾ ਨਿਵਾਸ ਅਸਥਾਨ ਹੈ ਤੇ ਮੈਂ ਡਾ: ਹਰਨਾਮ ਸਿੰਘ ਸ਼ਾਨ ਨਾਲੋਂ ਵੀਹ ਪੁਸਤਕਾਂ ਜ਼ਿਆਦਾ ਲਿਖੀਆਂ ਹਨ।" ਮੇਰੀ ਗਲ ਸੁਣ ਸਾਰੇ ਸਾਹਿਤਕਾਰ ਤੇ ਦਰਸ਼ਕਾਂ ਨੇ ਖ਼ੂਬ ਤਾੜੀਆਂ ਮਾਰੀਆਂ ਤੇ ਖਿੜ ਖਿੜਾ ਕੇ ਹਸਦੇ ਹੋਏ ਅਗਲੇ ਸਾਹਿਤਕਾਰ ਦੀ ਜਾਣਕਾਰੀ ਸੁਣਨ ਲਈ ਉਤਸ਼ਾਹਤ ਹੋਏ।

੧੫ ਕੁ ਮਿੰਟ ਸਤਿਗੁਰੂ ਜਗਜੀਤ ਸਿੰਘ ਜੀ ਬੈਠੇ ਰਹੇ। ਵਿਚਾਰ ਵਟਾਂਦਰਾ ਹੁੰਦਾ ਰਿਹਾ। ਜਾਣ ਲਗਿਆਂ ਉਹਨਾਂ ਹੁਕਮ ਕੀਤਾ ਕਿ ਆਉਣ ਵਾਲੇ ਭੈਣੀ ਸਾਹਿਬ ਦੇ ਸਮਾਗਮ ਤੇ ਤੁਸੀਂ ਤੇ ਭਾਰਤੀ ਜੀ ਜ਼ਰੂਰ ਪੁਜਣਾ, ਅਸੀਂ ਕਾਰ ਭੇਜ ਦਿਆਂਗੇ।"

ਇਸ ਤਰ੍ਹਾਂ ਇਸ ਯਾਦਗਾਰੀ ਕਾਫਲੇ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਕੇ ਅਸੀਂ ਦੋਵੇਂ ਨਿਹਾਲ ਹੋ ਗਏ।

੮੦/੧੪ ਬੀ ਮਾਲਵੀਆ
ਨਵੀਂ ਦਿੱਲੀ ੧੭

ESTD 1976 Phone : 573356

**A House of**

**Quality Readymade Garments**

**GENERAL HOUSE**

**S.C.F. 33, Phase-2,**
**S. A. S. Nagar (Mohali) Pb.**



Sri Satguru Jagjit Singh Ji eLibrary NamdhariElibrary@gmail.com

ਇਕ ਸੁਵਾਰਤਾ ਆਪਬੀਤੀ

# ਪ੍ਰਾਣ ਦਾਤਾ ਸਤਿਗੁਰੂ

ਦਿਨ ਤੇ ਮਹੀਨਾ ਤਾਂ ਮੇਰੀ ਕਮਜ਼ੋਰ ਜਿਹੀ ਯਾਦ ਵਿਚੋਂ ਕਿਧਰੇ ਕਿਨਾਰਾ ਹੀ ਕਰ ਗਿਆ ਏ। ਪਰ ਸੰਨ ਸ਼ੁਰੂ ਉਨੀ ਸੌ ਪਚਵੰਜਾ ਸੀ। ਜਦੋਂ ਮੇਰੇ ਵਾਲੀ-ਏ-ਦੋ ਜਹਾਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਲਖਨਊ ਦੀ ਸੰਗਤ ਨੂੰ ਇਹ ਕਹਿਕੇ ਨਾਰਾਜ਼ ਹੋ ਕੇ ਆ ਗਏ ਸਨ, ਕਿ ਸੰਤੋਖ ਸਿੰਘਾ ਤੂੰ ਵੀ ਹੁਣ ਗੁਰਦੁਵਾਰੇ ਨਾ ਆਵੀਂ ਤੇ ਮੈਂ ਵੀ ਲਖਨਊ ਨਹੀਂ ਆਵਾਂਗਾ। ਸ੍ਰੀ ਸਤਿਗੁਰੂ ਜੀ ਦਾ ਇਹ ਮਿੱਠਾ ਜਿਹਾ ਰੁਸੇਵਾਂ ਤਾਂ ਭਾਵੇਂ ਸਾਧ ਸੰਗਤ ਲਈ ਬਹੁਤ ਦੁਖਦਾਈ ਸੀ। ਪਰ ਜਾਪਦਾ ਇੰਞ ਸੀ ਕਿ ਸਾਡੀ ਕਿਸੇ ਵੱਡੀ ਭੁੱਲ ਦੀ ਸੋਧ ਕਰਨ ਵਾਲਾ ਹੀ ਇਹ ਰੁਸੇਵਾਂ ਹੈ। ਗੱਲ ਅਗੋਂ ਇਸ ਤਰ੍ਹਾਂ ਹੈ ਕਿ

ਸ. ਸੰਤੋਖ ਸਿੰਘ ਜੀ ਚੂੰਕਿ ਸ੍ਰੀ ਸਤਿਗੁਰੂ ਜੀ ਵਲੋਂ ਥਾਪੇ ਹੋਏ ਸਾਧ ਸੰਗਤ ਦੇ ਜਥੇਦਾਰ ਸਨ ਤੇ ਗੁਰ-ਦਵਾਰੇ ਦਾ ਪ੍ਰਬੰਧ ਉਹਨਾਂ ਦੇ ਹਥ ਵਿਚ ਸੀ ਤੇ ਪ੍ਰਬੰਧ ਦੇ ਸੰਬੰਧ ਵਿਚ ਸ਼ਾਇਦ ਆਪਣੇ ਜ਼ਾਤੀ ਰੁਝੇਵਿਆਂ ਤੇ ਮਜਬੂਰੀਆਂ ਕਾਰਨ ਉਹ ਬਿਲਕੁਲ ਅਛੂਤੇ ਹੀ ਸਨ। ਉਹਨਾਂ ਦੇ ਗੁਰਦਵਾਰਾ ਪ੍ਰਬੰਧ ਵਲ ਧਿਆਨ ਨਾ ਦੇਣ ਕਾਰਨ ਸਾਧ ਸੰਗਤ ਨਾਲ ਅਜੋੜ ਜਿਹਾ ਬਣਿਆ ਰਹਿੰਦਾ ਸੀ। ਇਸਨੂੰ ਸੁਖਾਵਾਂ ਬਨਾਣ ਲਈ ਸਾਧ ਸੰਗਤ ਨੇ ਇੱਕਤਰ ਹੋ ਕੇ ਸ੍ਰੀ ਸਤਿਗੁਰੂ ਜੀ ਦੇ ਪਵਿਤਰ ਪਾਵਨ ਚਰਨਕੰਵਲਾਂ ਵਿਚ ਬੇਨਤੀ ਪੱਤਰ ਲਿਖ ਭੇਜੇ, ਉਤਰ ਵਿਚ ਕੋਈ ਹੁਕਮ ਤਾਂ ਨਾ ਆਇਆ ਪਰ ਕੁਝ ਸਮਾਂ ਪਾ ਸ੍ਰੀ ਸਤਿਗੁਰੂ ਜੀ ਨੇ ਲਖਨਊ ਦਰਸ਼ਨ ਦੇਣ ਦੀ ਮਹਾਨ ਕਿਰਪਾ ਕੀਤੀ ਤੇ ਸ.ਕਰਮਜੀਤ ਸਿੰਘ ਦੀ ਕੋਠੀ ਇਕੱਤਰ ਹੋਈ ਸਾਧ ਸੰਗਤ ਨੂੰ ਇੰਞ ਹੁਕਮ ਕਰ ਤੁਰ ਗਏ ਕਿ "ਸੰਤੋਖ ਸਿੰਘਾਂ ਤੂੰ ਵੀ ਗੁਰਦਵਾਰੇ ਨਾ ਆਵੀਂ ਤੇ ਮੈਂ ਵੀ ਲਖਨਊ ਨਹੀਂ ਆਵਾਂਗਾ ॥ ਸੁਖ।

ਐਉਂ ਪ੍ਰਤੀਤ ਹੋਇਆ ਕਿ ਇਸ ਰੁਸੇਵੇਂ ਦਾ ਕਾਰਨ ਸ਼ਾਇਦ ਅਸੀਂ ਆਪ ਹੀ ਸਾਂ, ਕਿਉਂਕਿ ਉਸ ਦੀ ਰਜ਼ਾ ਵਿਚ ਰਹਿਣ ਦਾ ਚੱਜ ਹੀ ਨਹੀਂ ਸੀ ਆਇਆ। ਬੜਾ ਦੁਖਦਾਈ ਤੇ ਅਸਹਿ ਸੀ ਸਾਧ ਸੰਗਤ ਲਈ ਸ੍ਰੀ ਸਤਿਗੁਰੂ ਜੀ ਦਾ ਇਹ ਰੁਸੇਵਾਂ। ਕਿਸੇ ਨੂੰ ਕੁਝ ਸੁਝੇ ਹੀ ਨਾ। ਸਭ ਚੁਪ ਦੇ ਚੁਪ ਹੀ ਰਹਿ ਗਏ। ਦਿਲਾਂ ਵਿਚ ਕਈ ਤਰ੍ਹਾਂ ਦੇ ਉਤਰਾ ਚੜ੍ਹਾ ਆਉਣ, ਇਸ ਤੋਂ ਅੱਗੇ ਹੋਰ ਕਿਥੇ ਫਰਿਆਦ ਕਰਨੀ ਹੋਈ। ਸਾਡੀ ਸੁਪਰੀਮ ਕੋਰਟ ਤਾਂ ਇਹੋ ਸੀ। ਹੈਰਾਨ ਸਾਂ ਸਾਰੇ, ਮੇਰਾ ਨਿਰਛਲ ਤੇ ਨਿਰਕਪਟ ਮਨ ਜੋ ਸ਼ਰਧਾ ਤੇ ਪਿਆਰ ਨਾਲ ਗੁਰਚਰਨਾਂ ਤੋਂ ਸੌ ਸੌ ਵਾਰ ਸਦਕੇ ਜਾਂਦਾ ਸੀ, ਅਜ ਡਾਵਾਂ-ਡੋਲ ਸੀ, ਜਿਵੇਂ ਨਾਸਤਕਤਾ ਦੇ ਵਹਿਣ ਵਿਚ ਰੁੜ੍ਹਦਾ ਜਾ ਰਿਹਾ ਸੀ। ਕੋਲ ਖਲੋਤੇ ਮੇਰੇ ਦੋ ਸਾਥੀਆਂ ਬਾਬੂ ਸਿੰਘ ਟੇਲਰ ਮਾਸਟਰ ਤੇ ਕੁਲਦੀਪ ਸਿੰਘ ਨੇ ਕਿਹਾ, ਚਲੋ ਦੋਸ਼ੀ ਜੀ ਅਜ ਆਪਾਂ ਪਿੱਕਚਰ ਵੇਖ ਕੇ ਹੀ ਦਿਲ ਦੀ ਬੇਚੈਨੀ ਨੂੰ ਦੂਰ ਕਰੀਏ। ਬਿਨਾਂ ਕੁਝ ਸੋਚੇ ਸਮਝੇ ਮੈਂ ਵੀ ਉਹਨਾਂ ਨਾਲ ਸਿਨੇਮਾ ਹਾਲ ਵਿਚ ਜਾ ਬੈਠਾ। ਇਹ ਮੇਰੀ ਜ਼ਿੰਦਗੀ ਦਾ ਪਹਿਲਾ ਤੇ ਆਖਰੀ ਦਿਨ ਸੀ। ਸਿੱਧੀ ਦਸਤਾਰ ਬੰਨਣੋਂ ਵੀ ਇਸ ਸ਼ੈਤਾਨ ਮਨ ਨੇ ਹੋੜਿਆ। ਪਰ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਪਤਾ ਨਹੀਂ ਐਸੇ ਮੰਦੇ ਵਿਚਾਰਾਂ ਨਾਲ ਘਿਰੇ ਮਨ ਦੇ ਕਿਹੜੇ ਗੋਸ਼ੇ ਵਿਚ ਛੁਪੇ ਉਸ ਅਕਾਲ ਪੁਰਖ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪ੍ਰੇਰਨਾ ਦਿਤੀ, ਸੋਝੀ ਆਈ, ਓਇ ਮੂਰਖਾ ਜੇ ਤੂੰ ਆਪਣੇ ਜੀਵਨ ਦੇ ਰੋਸ਼ਨ ਪੱਖ ਨੂੰ ਤਿਆਗ ਅੰਧੇਰੇ ਪੱਖ ਵਲ ਤੁਰ ਪਏਂਗਾ, ਤਾਂ ਕਿਸੇ ਦਾ ਕੀ ਵਿਗੜੂ। ਇਸ ਜੀਵਨ ਦੇ ਲੰਬੇਰੇ ਸਫਰ ਵਿਚ ਪਤਾ ਨਹੀਂ ਅਜੇ ਕਿਤਨੇ ਉਤਾਰ ਚੜ੍ਹਾ ਆਉਣੇ ਨੇ, ਜੋ ਕੁਝ ਵਿਗੜਨਾ ਹੈ ਉਹ ਤੇਰਾ, ਤੇਰੀ ਆਉਣ ਵਾਲੀ ਸੰਤਾਨ ਦਾ ਤੇ ਸ਼ਾਇਦ ਨਾਲ ਹੀ ਤੇਰੇ ਸੰਗੀ ਸਾਥੀਆਂ ਦਾ। ਕੋਈ ਜਾਗ ਪਿਆ ਅੰਕੁਰ ਪੂਰਬਲੇ ਪੁੰਨ ਕਰਮਾਂ ਦਾ ਤੇ ਸਦ-ਬਖਸ਼ਿੰਦ ਸਦਾ ਮਿਹਰਬਾਨ ਦੀ ਬਖ਼ਸ਼ਿਸ਼ ਤੇ ਮਿਹਰ ਹੋ ਗਈ।

ਬੰਧਨ ਕਾਟਿ ਬਿਸਾਰੇ ਅਉਗਨ ਅਪਨਾ ਬਿਰਦੁ ਸਮਾਰਿਆ।
ਹੋਇ ਕ੍ਰਿਪਾਲ ਮਾਤ ਪਿਤਾ ਬਾਰਿਕ ਜਿਉ ਪ੍ਰਤਿਪਾਰਿਆ।
ਗੁਰਸਿਖ ਰਾਖੇ ਗੁਰ ਗੋਪਾਲਿ।
ਕਾਢਿ ਲੀਏ ਮਹਾ ਭਵਜਲ ਤੇ ਅਪਨੀ ਨਦਰਿ ਨਿਹਾਲਿ।
ਮੁਹਲਾ ੫

ਸਤਿਗੁਰ ਕ੍ਰਿਪਾ ਕਰੇ ਗੁਰ ਸਿਖ ਨੂੰ "ਰਾਜ਼ੀ ਹੈ, ਹਮ ਉਸੀ ਮੇ ਜਿਸ ਮੇ ਤੇਰੀ ਰਜ਼ਾ ਹੈ" ਰਜ਼ਾ ਵਿਚ ਰਹਿਣ ਦੀ ਜਾਚ ਆ ਜਾਏ। ਹਿਰਦੇ ਰੂਪੀ ਦੀਵੇ ਨੂੰ ਰੋਸ਼ਨ ਕਰਨ ਲਈ



Sri Satguru Jagjit Singh Ji eLibrary NamdhariElibrary@gmail.com

ਸ਼ਰਧਾ ਦੇ ਤੇਲ ਤੇ ਭਉ ਦੀ ਵੱਟੀ ਦੀ ਲੋੜ ਹੈ। ਇਸ ਤੋਂ ਬਿਨਾਂ ਗੁਰਦਵਾਰੇ ਜਾ ਮੱਥਾ ਟੇਕਨਾ, ਕੀਰਤਨ, ਕਥਾ ਸਰਵਣ ਕਰਨਾ, ਤੇ ਬਾਣੀ ਪੜ੍ਹਣ ਦਾ ਸ਼ਾਇਦ ਕੋਈ ਚੰਗਾ ਸਿਟਾ ਨਾ ਨਿਕਲੇ। ਮੇਰੀ ਟੁਟ ਰਹੀ ਪ੍ਰਤੀਤ ਤੇ ਸ਼ਰਧਾ ਹੀਣ ਸੱਖਣੇ ਤੇ ਅਮੋੜ ਮਨ ਨੂੰ ਨਾਸਤਕਤਾ ਦੇ ਡਾਢੇ ਅਨ੍ਹੇਰੇ ਖੂਹ ਵਿਚ ਡਿਗਦੇ ਮਨ ਨੂੰ ਕਿਵੇਂ "ਬਾਂਹ ਪਕੜ ਕਢ ਲੀਨੇ ਆਪਣੇ" ਮੇਰੇ ਅਕਾਲ ਪੁਰਖ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਇਸ ਵਾਕ ਨੂੰ ਸਫ਼ਲ ਕਰ ਵਿਖਾਇਆ। ਆਉ ਅੱਗੇ ਪੜੀਏ!

ਨਵੰਬਰ ੧੯੫੬ ਵਿਚ ਮੇਰੇ ਪਿਤਾ ਜੀ ਚੜ੍ਹਾਈ ਕਰ ਗਏ। ਡੇਢ ਮਹੀਨੇ ਬਾਅਦ ਮੇਰਾ ਛੋਟਾ ਵੀਰ ਬਹੁਤ ਲੰਬੀ ਬਿਮਾਰੀ ਭੋਗ ਚੜ੍ਹਾਈ ਕਰ ਗਿਆ ਸੀ। ਉਸ ਦਾ ਸਸਕਾਰ ਕਰ ਆਉਂਦਿਆਂ ਹੀ ਬੁਖ਼ਾਰ ਨੇ ਡਾਢਾ ਤਗੜਾ ਮਾਰੂ ਹਮਲਾ ਮੇਰੇ ਤੇ ਕਰ ਦਿਤਾ ਤੇ ਅੰਤ ਨੂੰ ਮੁਨਿਆਦੀ ਬੁਖ਼ਾਰ ਦਾ ਰੂਪ ਧਾਰਨ ਕਰ ਲਿਆ। ਇਸ ਔਖੇ ਵੇਲੇ ਯਾਦ ਆਈ ਉਹ ਜੋ ਆਮ ਦੀਵਾਨਾਂ ਵਿਚ ਸੁਣੀਦੀ ਸੀ। "ਸਤਿਗੁਰ ਦੀ ਪੈਂਦੀ ਲੋੜ ਔਖੀ ਬਣਦੀ ਨੂੰ" ਸੁਖ ਦਾਤਾ ਦੁਖ ਹਰਤਾ ਉਸ ਰੁੱਠੇ ਮਾਹੀ ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਚਰਨਾਂ ਵਿਚ ਮਨ ਜੁੜਿਆ। ਛੋਟੇ ਛੋਟੇ ਮਾਸੂਮ ਬੱਚਿਆਂ ਨੂੰ ਕੋਲ ਬਿਠਾ ਉਹਨਾਂ ਦੀ ਮਾਤਾ ਗੁਰਚਰਣਾਂ ਵਿਚ ਮਿੰਨਤਾਂ ਤੇ ਜੋਦੜੀਆ ਕਰਨ ਲਗੇ। ਸੱਚੇ ਪਾਤਸ਼ਾਹ ਜੀਓ ਇਸ ਸੰਕਟ ਦੇ ਸਮੇਂ ਤੇਰੇ ਬਿਨਾਂ ਹੋਰ ਕੋਈ ਆਸਰਾ ਨਹੀਂ। ਇਸ ਥੋੜੇ ਜਹੇ ਸਮੇਂ ਵਿਚ ਆਪਣੇ ਵਿਰਾਟ ਸਰੂਪ ਰਾਹੀਂ ਇਸ ਮੌਤ ਰਾਣੀ ਨੇ ਡਾਢੇ ਤਗੜੇ ਹੱਥ ਪਾ ਘੇਰਾ ਘੱਤ ਲਿਆ ਏ। ਜਾਪਦਾ ਇਉਂ ਸੀ ਜਿਵੇਂ ਜੀਵਨ ਜੋਤ ਬੁਝਣ ਹੀ ਵਾਲੀ ਸੀ। ਪਿਤਾ ਜੀ ਤੇ ਭਰਾ ਦੀ ਲੰਮੇਰੀ ਬੀਮਾਰੀ ਕਾਰਨ ਆਰਥਕ ਪਖੋਂ ਵੀ ਘਰੋਗੀ ਹਾਲਤ ਇਤਨੀ ਕਮਜ਼ੋਰ ਹੋ ਗਈ ਕਿ ਚੰਗੀ ਤਰ੍ਹਾਂ ਇਲਾਜ ਕਰਾਉਣਾ ਵੀ ਅਸੰਭਵ ਹੋ ਰਿਹਾ ਸੀ। ਜਿਨ੍ਹਾਂ ਨਾਲ ਬੁਰਕੀ ਸਾਂਝੀ ਸੀ ਉਹ ਵੀ ਮੂੰਹ ਫੇਰ ਗਏ ਸੀ। ਇਹ ਮਹਾਂਵਾਕ "ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ ॥ ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥ ਮੂਰਤੀਮਾਨ ਹੋਇਆ ਜਾਪੇ।

ਸੁਖ! "ਭਾਗ ਵੱਡੇ ਹਰਿ ਪਾਇਆ" ਦੇ ਮਹਾਂ ਵਾਕ ਅਨੁਸਾਰ ਨ ਜਾਣੇ ਆਪਣੇ ਕਿਸ ਪਿਆਰੇ ਦੇ ਪਿਆਰ ਸਦਕਾ ਮੇਰੇ ਅਕਾਲ ਪੁਰਖ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤ੍ਰੁੱਠ ਪਏ, ਕਿਸ ਦੀ ਪਿਆਰ ਵਸਤਲ ਹਿਰਦਿਓਂ ਕੀਤੀ ਜੋਦੜੀ ਪ੍ਰਵਾਨ ਹੋਈ ਲਖਨਊ ਦੀ ਸੰਗਤ ਨੂੰ ਆ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ ਕ੍ਰਿਪਾ ਸਾਗਰ ਨੇ।

ਡੇਰਾ ਸ: ਮੇਲਾ ਸਿੰਘ ਠੇਕੇਦਾਰ ਦੇ ਘਰ ਸੀ। ਮੈਂ ਵੀ ਬਤੌਰ ਸੁਪਰਵਾਈਜ਼ਰ ਉਹਨਾਂ ਪਾਸ ਹੀ ਕੰਮ ਕਰਦਾ ਸਾਂ। ਪਰ ਅੱਜ ਤੇ ਬਿਸਤਰੇ ਮਰਗ ਤੇ ਮੌਤ ਨਾਲ ਜੂਝ ਰਿਹਾ ਸਾਂ। ਓਧਰ ਸਭ ਸੰਗਤ ਨੇ ਆਪਣੇ ਪਿਆਰੇ ਪ੍ਰੀਤਮ ਸ੍ਰੀ ਸਤਿਗੁਰੂ ਜੀ ਦੇ ਪਵਿਤਰ ਪਾਵਨ ਦਰਸ਼ਨ ਕਰ ਨਮਸਕਾਰ ਕਰ ਆਪਣੇ ਧੰਨ ਭਾਗ ਸਮਝੇ। ਏਧਰ ਮੈਂ ਤੜਪ ਰਿਹਾ ਸਾਂ ਪਾਵਨ ਦਰਸ਼ਨਾਂ ਲਈ, ਪਰ ਨਹੀਂ ਸੀ ਹਿੰਮਤ ਜਾ ਸਕਣ ਦੀ। ਸਵੇਰੇ ਆਸਾ ਦੀ ਵਾਰ ਮਗਰੋਂ ਮੇਰੇ ਮਿਤਰ ਬਾਬੂ ਸਿੰਘ ਖਬਰ ਸੁਰਤ ਨੂੰ ਮੇਰੇ ਪਾਸ ਆਏ। ਮੈਂ ਉਹਨਾਂ ਨੂੰ ਅਜੇ ਕਹਿ ਹੀ ਰਿਹਾ ਸਾਂ ਡੁਸਕ ਡੁਸਕ ਕੇ ਕਿ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਿਵੇਂ ਹੋਣ, ਉਹ ਰੁਸੇਵੇਂ ਵਾਲੇ ਸ਼ਬਦ ਆ ਆ ਦਿਲ ਭਰ ਆਉਂਦਾ ਸੀ। ਕੌਣ ਜਾਣਦਾ ਸੀ ਇਸ ਪੀੜਾ ਨੂੰ। ਏਨੇ ਚਿਰ ਨੂੰ ਸ. ਮੇਲਾ ਸਿੰਘ ਜੀ ਜਿਨ੍ਹਾਂ ਘਰ ਡੇਰਾ ਸੀ ਮੇਰੇ ਕੋਲ ਖੁਸ਼ੀਆਂ ਨਾਲ ਭਰੇ ਹੋਏ ਕਹਿਣ ਲਗੇ ਦੋਸ਼ੀ ਜੀ ਤੁਹਾਨੂੰ ਇਕ ਖੁਸ਼ਖਬਰੀ ਸੁਨਾਵਾਂ। ਮੇਰਾ ਮਨ ਵੀ ਖੁਸ਼ੀਆਂ ਨਾਲ ਭਰ ਗਿਆ। ਹੱਥ ਜੋੜ ਅਰਜ਼ ਕੀਤੀ ਛੇਤੀ ਸੁਨਾਓ ਦੇਰ ਨਾ ਕਰੋ ਜੀ। ਤਾਂ ਉਹ ਕਹਿਣ ਲਗੇ ਜਦੋਂ ਸਭ ਨੇ ਵਾਰੀ ਵਾਰੀ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕ ਖੁਸ਼ੀਆਂ ਪ੍ਰਾਪਤ ਕੀਤੀਆਂ, ਤਾਂ ਸਤਿਗੁਰੂ ਜੀ ਨੇ ਤੁਹਾਨੂੰ ਯਾਦ ਕੀਤਾ ਤੇ ਕਹਿਣ ਲਗੇ-ਭਈ ਦੋਸ਼ੀ ਨਹੀਂ ਦਿਸਦਾ, ਅਜੇ ਉਸ ਦਾ ਗੁੱਸਾ ਮੱਠਾ ਨਹੀਂ ਹੋਇਆ। ਤਾਂ ਮੈਂ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀ ਆਪ ਧੰਨ ਹੋ ਜੋ ਸਾਡੇ ਔਗੁਣ ਨਹੀਂ ਚਿਤਾਰਦੇ। ਗੁਰਸਿਖ ਤਾਂ ਸਦਾ ਬਖਸ਼ਿਸ਼ ਹੀ ਮੰਗਦਾ ਏ। ਗਰੀਬ ਨਿਵਾਜ ਜੀ ਥੋੜ੍ਹੇ ਚਿਰ ਵਿਚ ਹੀ ਪਹਿਲਾਂ ਉਸ ਦਾ ਬਾਪ ਤੇ ਥੋੜ੍ਹੇ ਦਿਨਾਂ ਬਾਦ ਛੋਟਾ ਭਰਾ ਚੜ੍ਹਾਈ ਕਰ ਗਿਆ ਏ। ਤੇ ਹੁਣ ਆਪ ਬਹੁਤ ਬਿਮਾਰ ਪਿਆ ਹੋਇਆ ਏ। ਸਤਿਗੁਰੂ ਜੀ ਹੁਕਮ ਕੀਤਾ ਅੱਛਾ ਤਿੰਨ ਕੁ ਵਜੇ ਯਾਦ ਕਰਾਉਣਾ ਉਹਦੇ ਵਲ ਚਲਾਂਗੇ।

ਬਸ ਇਹ ਬਚਨ ਸੁਣਦਿਆਂ ਹੀ ਸਭ ਦੀ ਖੁਸ਼ੀ ਦੀ ਕੋਈ ਇੰਤਹਾ ਨਾ ਰਹੀ। ਮੈਨੂੰ ਤਾਂ ਐਓਂ ਜਾਪਿਆ ਜਿਵੇਂ ਮੇਰੇ ਸਾਰੇ ਦੁਖ ਦਰਦ ਦੂਰ ਹੋ ਗਏ ਹਨ। ਨਵਾਂ ਨਰੋਆ ਹੋ ਗਿਆ ਹਾਂ। ਉਸ ਮਿੱਠ-ਬੋਲੜੇ ਸਤਿਗੁਰ ਦੀ ਰਹਿਮਤ ਨੂੰ ਯਾਦ ਕਰ ਵੈਰਾਗੀ ਮਨ ਅੱਖਾਂ ਰਾਹੀਂ ਵਹਿ ਤੁਰਿਆ। ਆਪ ਮੁਹਾਰੇ ਰਸਨਾਂ ਕਹਿ ਰਹੀ ਏ—ਧੰਨ ਧੰਨ ਸ੍ਰੀ ਸਤਿਗੁਰੂ



Sri Satguru Jagjit Singh Ji eLibrary NamdhariElibrary@gmail.com

ਪ੍ਰਤਾਪ ਸਿੰਘ ਜੀ ਮਹਾਰਾਜ ! ਜੋ "ਆਪਨੇ ਸਿਖ ਕੀ ਕਰੇ ਪ੍ਰਤਿਪਾਲ। ਸੇਵਕ ਕਉ ਗੁਰ ਸਦਾ ਦਇਆਲ।"

ਸ. ਮੇਲਾ ਸਿੰਘ ਜੀ ਦੇ ਚਲੇ ਜਾਣ ਬਾਅਦ ਉਸ ਭਾਗਾਂ ਵਾਲੀ ਘੜੀ ਦਾ ਬੜਾ ਬੇਸਬਰੀ ਨਾਲ ਇੰਤਜ਼ਾਰ ਕਰਨ ਲਗੇ। ਘੜੀਆਂ, ਪਲ ਤੇ ਪੈਹਰ ਬੀਤਦੇ ਗਏ, ਆਉਂਦੀ ਗਈ ਨੇੜੇ-ਨੇੜੇ ਉਹ ਭਾਗਾਂ ਵਾਲੀ ਘੜੀ ਤੇ ਆਖਰ ਠੀਕ ੩.੩੦ ਵਜੇ ਮੇਰੇ ਪ੍ਰਾਣ ਦਾਤਾ ਸਤਿਗੁਰ ਜੀ ਸਿਖਾਂ ਸੇਵਕਾਂ ਸਮੇਤ ਆ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। "ਪਰਮੇਸਰਿ ਦਿਤਾ ਬੰਨਾ ਦੁਖ ਰੋਗ ਕਾ ਡੇਰਾ ਭੰਨਾ।" ਦੁਖ ਹਰਨ ਸਤਿਗੁਰੂ ਜੀ ਨੂੰ ਆਉਂਦਿਆਂ ਵੇਖ ਜਿਵੇਂ ਕਿਵੇਂ ਮੈਂ ਮੰਜੇ ਤੋਂ ਉਠ ਰਿਹਾ ਸਾਂ, ਕਾਰ ਚੋਂ ਉਤਰਦਿਆਂ ਹੁਕਮ ਹੋਇਆ ! ਤੂੰ ਲੇਟਿਆ ਰਹੁ ਤਗੜਾ ਹੋ ਅਸੀਂ ਆ ਗਏ ਹਾਂ। ਸ੍ਰੀ ਸਤਿਗੁਰੂ ਜੀ ਨੂਰਾਨੀ ਚਿਹਰੇ ਨਾਲ਼ ਮੁਸਕਰਾਂਦੇ ਹੋਏ ਮੰਜੇ ਕੋਲ ਡੱਠੀ ਕੁਰਸੀ ਤੇ ਬੈਠ ਗਏ। ਮੈਂ ਭਿੱਜੀਆਂ ਅੱਖਾਂ ਨਾਲ ਪਵਿਤਰ ਚਰਨਾਂ ਤੇ ਨਮਸਕਾਰ ਕੀਤੀ ਤੇ ਲੇਟ ਗਿਆ। ਹੌਸਲਾ, ਧੀਰਜ ਤੇ ਧਰਵਾਸ ਦੇਣ ਤੋਂ ਬਾਅਦ ਸੰਤ ਹਰਨਾਮ ਸਿੰਘ ਜੀ ਕਾਮੋਂਕਿਆਂ ਵਾਲਿਆਂ ਨੂੰ ਹੁਕਮ ਹੋਇਆ ਕਾਰ ਚੋਂ ਸੇਬ ਲਿਆ ਕੇ ਦਿਉ ਸੁ ਪ੍ਰਸਾਦ, ਤਗੜਾ ਹੋ ਜਾਏ। ਪ੍ਰਸਾਦ ਲੈ ਮੈਂ ਸਰਹਾਨੇ ਰਖ ਲਿਆ, ਮੇਰੀ ਤਿੰਨ ਚਾਰ ਕੁ ਸਾਲ ਦੀ ਛੋਟੀ ਗੁਡੀ ਜੋ ਅਜ ਕਲ ਦਿੱਲੀ ਸ. ਜਾਗੀਰ ਸਿੰਘ ਹੁਰਾਂ ਦੀ ਨੂੰਹ ਹੈ, ਨੇ ਚੁਕ ਲਿਆ। ਫਿਰ ਮਿਹਰਬਾਨ ਸਤਿਗੁਰੂ ਜੀ ਨੇ ਆਪ ਕ੍ਰਿਪਾ ਕੀਤੀ ਤੇ ਕਾਰ ਵਿਚੋਂ ਅਨਾਰ ਦਾ ਪ੍ਰਸਾਦ ਬਖਸ਼ਿਆ, ਹੁਕਮ ਹੋਇਆ "ਸਾਰਾ ਖਾ ਲਈਂ ਕੋਈ ਫਿਕਰ ਨਹੀਂ ਕਰਨਾ ਤਗੜਾ ਹੋ" ਕਹਿ ਮੁਰਦਾ ਹੋ ਰਹੇ ਸਰੀਰ ਵਿਚ ਜਿਵੇਂ ਕੋਈ ਨਵੀਂ ਰੂਹ ਪਾ ਤੁਰ ਗਏ।

ਅਜ ਹੀ ਰਾਤ ਮੇਰੇ ਨਾਲ ਕੀ ਕੌਤਕ ਵਰਤਿਆ। ਬੀਮਾਰ ਆਦਮੀ ਨੂੰ ਭਲਾ ਨੀਂਦ ਤੇ ਅਰਾਮ ਕਿਥੇ। ਪਰ ਮੌਤ ਰਾਣੀ ਦੀ ਛੋਟੀ ਭੈਣ ਨੀਂਦ ਨੇ ਪਤਾ ਨਹੀਂ ਕਿਥੋਂ ਆ ਦਬੋਚਿਆ। ਸ. ਹਰਭਜਨ ਸਿੰਘ ਦੇ ਪਿਤਾ ਸੰਤ ਸੰਤਾ ਸਿੰਘ ਜੀ ਜਿਨ੍ਹਾਂ ਨਾਲ ਪਰਸਪਰ ਸਾਡਾ ਬਹੁਤ ਪਿਆਰ ਸੀ, ਇਹਨਾਂ ਦਿਨਾਂ ਵਿਚ ਬਹੁਤ ਮੇਰੇ ਪਾਸ ਹੀ ਰਹਿੰਦੇ ਸੀ। ਰਾਤ ਜਦ ਮੈਂ ਸੁਤਾ ਪਿਆ ਸਾਂ, ਮੇਰੇ ਪਾਸ ਬੈਠਿਆਂ ਉਹਨਾਂ ਨੂੰ ਐਸਾ ਭਾਸਿਆ ਕਿ ਮੇਰਾ ਸਰੀਰ ਬਿਲਕੁਲ ਠੰਡਾ ਤੇ ਨਬਜ਼ ਦੀ ਹਰਕਤ ਵੀ ਬੰਦ ਪਈ ਸੀ। ਮੇਰੇ ਰਿਸ਼ਤੇਦਾਰ ਜਿਨ੍ਹਾਂ ਦੇ ਬੰਗਲੇ ਦੇ ਆਊਟ ਹਾਊਸ ਵਿਚ ਮੈਂ ਰਹਿੰਦਾ ਸਾਂ ਉਹ ਵੀ ਆ ਗਏ। ਸੰਸਾਰੀ ਰਹੁ ਰੀਤ ਰੋਣਾ ਧੋਣਾ ਸ਼ੁਰੂ। ਮੁਸ਼ਕਿਲ ਹੋ ਗਿਆ ਰਜ਼ਾ ਤੇ ਭਾਣੇ ਨੂੰ ਮੰਨਣਾ। ਏਸੇ ਘਰ ਵਿਚ ਮੌਤ ਚੰਦਰੀ ਦਾ ਡੇਢ ਮਹੀਨੇ ਵਿਚ ਤੀਜਾ ਹਮਲਾ।

ਪਰ ਵਾਹਵਾ ਏਧਰ ਮੈਂ ਕਿਤਨਾ ਵਡਭਾਗਾ ਸਾਂ। ਜੋ ਆਪਣੇ ਪ੍ਰੀਤਮ ਪਿਆਰੇ ਪ੍ਰਾਣ ਦਾਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਵਿਤਰ ਪਾਵਨ ਗੋਦ ਵਿਚ ਸੁਖ ਮਾਣ ਰਿਹਾ ਸਾਂ, ਸਰਬ ਸੁਖ ਦਾਤਾ ਸ੍ਰੀ ਸਤਿਗੁਰੂ ਜੀ ਗੁਨਾਹੀ ਭਰੇ ਅਪਣੇ ਇਸ ਦੋਸ਼ੀ ਦਾ ਅਪਵਿਤਰ ਸਿਰ ਜੋ ਅਗੇ ਝੁਕਣ ਤੋਂ ਕਾਫ਼ਰ ਹੁੰਦਾ ਜਾ ਰਿਹਾ ਸੀ ਆਪਣੀ ਗੋਦ ਵਿਚ ਲੈ ਇਕ ਹੱਥ ਮੇਰੇ ਸਿਰ ਤੇ ਰਖਿਆ, ਜਿਸ ਨਾਲ ਬਹੁਤ ਹੀ ਠੰਡਕ ਤੇ ਸੁਖ ਹੀ ਸੁਖ ਜਾਪਿਆ ਤੇ ਦੂਜਾ ਹੱਥ ਆਕਾਸ਼ ਵਲੋਂ ਉਤਰਦੀ ਆ ਰਹੀ ਅਤਿ ਸੁੰਦਰ ਪਾਲਕੀ ਵਲ ਕੀਤਾ, ਜਿਸ ਦੇ ਵਿਚ ਵਹੀਆਂ ਦੇ ਢੇਰ ਨਾਲ ਇਕ ਅਦਭੁਤ ਸੁੰਦਰ ਮੂਰਤੀ, ਜਿਸ ਦੇ ਸਿਰ ਤੇ ਮੋਤੀਆਂ ਜੜਿਆ ਸੁੰਦਰ ਸੁਨਿਹਰੀ ਤਾਜ ਹੈ, ਜਾਪਦਾ ਸੀ ਜਿਵੇਂ ਸ਼ਾਇਦ ਧਰਮ ਰਾਜ ਹੀ ਹੋਵੇ। ਆਜਾਨ ਬਾਹੂ ਵਾਲੇ ਪ੍ਰੀਤਮ ਦੇ ਸੁੰਦਰ ਹੱਥ ਦਾ ਇਸ਼ਾਰਾ ਪਾ ਰੁਕਿਆ ਤੇ ਸਿਰ ਝੁਕਾ ਨਮਸਕਾਰ ਕਰ ਉਥੋਂ ਹੀ ਵਾਪਸ ਹੋ ਗਿਆ।

ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕਹਿੰਦਿਆਂ ਅੰਗੜਾਈ ਲੈ ਮੇਰਾ ਸਰੀਰ ਹਰਕਤ ਵਿਚ ਆਇਆ। ਅੱਖਾਂ ਕੋਲ ਸਭ ਨੂੰ ਗਿੱਲੀਂ ਅੱਖੀਂ ਵੇਖ ਪੁਛਿਆ : ਤੁਸੀਂ ਸਾਰੇ ਐਸ ਵੇਲੇ ਜਦਕਿ ਰਾਤ ਅੱਧਿਓਂ ਟੱਪ ਚੁਕੀ ਹੈ, ਇਸ ਤਰ੍ਹਾਂ ਕਿਉਂ ਬੈਠੇ ਹੋ ? ਸੰਤ ਸੰਤਾ ਸਿੰਘ ਜੀ ਨੇ ਸਾਰੀ ਬੀਤੀ ਵਿਥਿਆ ਦੱਸੀ। ਮੈਂ ਹੈਰਾਨ ਹੋ ਵਿਸਮਾਦ-ਅਵਸਥਾ ਵਿਚ ਆਪਣੇ ਸੁਪਨੇ ਵਿਚ ਕੀਤੇ ਪਵਿਤਰ ਦਰਸ਼ਨਾਂ ਦੇ ਸੁਖ ਦਾ ਜ਼ਿਕਰ ਕਰਦਿਆਂ ਉਸ ਰੁਠੜੇ ਮਾਹੀ ਦੇ ਸਾਰੇ ਕੌਤਕ ਦਾ ਜ਼ਿਕਰ ਕੀਤਾ। ਤਦ ਆਪ ਮੁਹਾਰਾ ਹੀ ਕਈ ਕਈ ਵਾਰ ਸਭ ਦੇ ਮੂੰਹੋਂ ਨਿਕਲਿਆ : ਧੰਨ ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ, ਤੇ ਨਾਲ ਹੀ ਮੈਨੂੰ ਯਾਦ ਆਇਆ ਦੀਵਾਨ ਨੰਦ ਲਾਲ ਜੀ ਦਾ ਕਥਨ :

ਮਾ ਨਮੇ ਆਰੇਮ ਤਾਬੇ ਗ਼ਮਜ਼ਏ ਮਿਯਗਾਨਿ ਉ ॥
ਯਕ ਨਿਗਾਹ-ਏ ਜ਼ਾ ਫ਼ਿਜ਼ਾਇਸ਼ ਬਸ ਬਵਦ ਦਰਕਾਰਿ ਪਾ ॥

**(ਸੂਬਾ) ਹਰਬੰਸ ਸਿੰਘ ਦੋਸ਼ੀ**



Sri Satguru Jagjit Singh Ji eLibrary NamdhariElibrary@gmail.com

# ਪਿੰਡ ਦੀਆਂ ਯਾਦਾਂ

□ਗੁਰਦੇਵ ਸਿੰਘ ਹੰਜਰਾ

ਇਕ ਘਟਨਾ ਦੇ ਜੇ ਇਕ ਲਖ ਦਰਸ਼ਕ ਹੋਣ ਤਾਂ ਇਕ ਲਖ ਤਰੀਕੇ ਨਾਲ ਉਸਨੂੰ ਲਿਖਿਆ ਜਾ ਸਕਦਾ ਹੈ। ਇਕ ਲੱਖ ਨਾਵਲ ਜਾਂ ਕਹਾਣੀਆਂ, ਸਫ਼ਰਨਾਮੇ ਜਾਂ ਲੇਖ ਬਣ ਸਕਦੇ ਹਨ। ਵਰਿਆਮ ਵਿਚ ਖਿਲਰੇ ਪੱਤਰੇ ਲੜੀ ਵਿਚ ਸੰਨ ਸੰਤਾਲੀ ਦੇ ਦਿਨਾਂ ਦੀਆਂ ਗੱਲਾਂ ਸੰਪਾਦਕ ਦੀ ਕਲਮ ਤੋਂ ਲਿਖੀਆਂ ਜਾ ਰਹੀਆਂ ਹਨ। ਇਨ੍ਹਾਂ ਨੂੰ ਪੜ੍ਹਕੇ ਕੁਝ ਪਾਠਕਾਂ ਵਲੋਂ ਆਪਣੇ ਪਿੰਡਾਂ ਬਾਰੇ ਲਿਖਣ ਦੀ ਚੇਸ਼ਟਾ ਹੋਈ ਹੈ। ਸੰਪਾਦਕ ਵਰਿਆਮ ਦੇ ਪਿੰਡ ਦੇ ਹੀ ਹਨ ਸੂਬੇਦਾਰ ਮੇਜਰ (ਰਿਟਾਇਡ) ਸ. ਗੁਰਦੇਵ ਸਿੰਘ ਹੋਰਾਂ ਵੀ ਇਸੇ ਵਿਸ਼ੇ ਤੇ ਲੇਖ ਲਿਖਿਆ ਹੈ। ਸੰਪਾਦਕ ਵਰਿਆਮ ਨੇ ਆਪਣੀਆਂ ਯਾਦਾਂ ਨੂੰ ਜਿਵੇਂ ਬਾਲ ਮਨ ਨੇ ਅਨੁਭਵ ਕੀਤਾ ਉਵੇਂ ਲਿਖਿਆ ਹੈ। ਸ. ਗੁਰਦੇਵ ਸਿੰਘ ਜੀ ਨੇ ਤੱਥਾਂ ਅਤੇ ਵੇਰਵਿਆਂ ਨਾਲ ਗਲਾਂ ਕੀਤੀਆਂ ਹਨ। ਉਹਨਾਂ ਬਹੁਤ ਸਾਰੇ ਖੱਪੇ ਵੀ ਪੂਰੇ ਹਨ। ਦੋਹਾਂ ਲੇਖਾਂ ਦਾ ਆਪਣਾ ਆਪਣਾ ਰੰਗ ਕਾਇਮ ਰਹੇਗਾ ਅਤੇ ਇਕ ਦੂਜੇ ਦੇ ਪੂਰਕ ਵੀ ਹਨ। ਇਹ ਲੇਖ ਵੀ ਅਸੀਂ ਕਿਸ਼ਤਾਂ ਵਿਚ ਛਾਪ ਰਹੇ ਹਾਂ।

—ਸੰਪਾਦਕ

**ਭੂਮਿਕਾ :**

ਇਹ ਕੁਦਰਤੀ ਗੱਲ ਏ ਕਿ ਜੇ ਬੀਤੇ ਸਮੇਂ ਦੀਆਂ ਘਟਨਾਵਾਂ ਨੂੰ ਯਾਦ ਨਾ ਕੀਤਾ ਜਾਵੇ ਤਾਂ ਉਹ ਹੌਲੀ-ਹੌਲੀ ਭੁੱਲ ਜਾਂਦੀਆਂ ਨੇ। ਪਿਛਲੇ ਬੀਤੇ ਸਮੇਂ ਨੂੰ ਜਾਂ ਘਟਨਾਵਾਂ ਨੂੰ ਯਾਦ ਰੱਖਣ ਵਾਸਤੇ ਪਿਛਲੇ ਜ਼ਮਾਨੇ ਵਿਚ ਜਦੋਂ ਕਿ ਕੋਈ ਲਿਖਣ ਦਾ ਸਾਧਨ ਨਹੀਂ ਸੀ, ਕਹਾਣੀਆਂ, ਬਬਾਣੀਆਂ ਦਾ ਇਕ ਤਰੀਕਾ ਸੀ ਜੋ ਪੀੜ੍ਹੀ ਦਰ ਪੀੜ੍ਹੀ ਤੁਰਿਆ ਜਾਂਦਾ ਸੀ। ਅੱਜ ਦੇ ਜ਼ਮਾਨੇ ਵਿਚ ਕਈ ਤਰੀਕੇ ਨੇ, ਯਾਦਾਂ ਤਾਜ਼ਾ ਰੱਖਣ ਦੇ। ਫੋਟੋਆਂ ਖਿਚੀਆਂ ਜਾਂਦੀਆਂ ਨੇ, ਵੀਡੀਓ ਫਿਲਮਾਂ, ਮੂਵੀਆਂ, ਹੱਥ ਲਿਖਤਾਂ ਤੇ ਕਿਤਾਬਾਂ ਛਾਪ ਕੇ ਕਈ ਸਾਧਨ ਨੇ।

ਪਾਕਿਸਤਾਨ ਬਨਣਾ, ਲੋਕਾਂ ਦਾ ਘਰੋਂ ਬੇਘਰ ਹੋਣਾ, ਜ਼ਮੀਨਾਂ ਤੇ ਜੀਆਂ ਦਾ ਵਿਛੜਨਾਂ, ਖਾਲੀ ਹੱਥ ਸਭ ਕੁਝ ਛੱਡ-ਛਡਾ ਕੇ ਆਉਣਾ ਪਾਕਿਸਤਾਨ ਤੋਂ ਹਿੰਦੁਸਤਾਨ ਵਿਚ ਆਉਣਾ ਤੇ ਫ਼ੇਰ ਦਰ ਦਰ ਦਰ ਦੀਆਂ ਠੋਕਰਾਂ ਖਾ ਕੇ ਆਪਣੇ ਪੈਰਾਂ ਤੇ ਖੜ੍ਹਾ ਹੋਣਾ ਕੋਈ ਮਾਮੂਲੀ ਗੱਲ ਨਹੀਂ। ਇਹ ਘਟਨਾ ੧੯੪੭ ਵਿਚ ਵਾਪਰੀ ਮੈਂ ਉਦੋਂ ੧੭ ਕੁ ਸਾਲ ਦਾ ਸੀ ਤੇ ਇਹ ਸਾਰਾ ਕੁਝ ਅੱਖੀਂ ਵੇਖਿਆ। ਮੈਂ ਸੋਚਦਾ ਹਾਂ ਕਿ ਆਪਣੇ ਪੁਰਾਣੇ ਪਿੰਡ ਦੇ ਨਿਵਾਸੀਆਂ ਵਾਸਤੇ ਕੋਈ ਲਿਖਤੀ ਰੂਪ ਵਿਚ ਪਿੰਡ ਦੇ ਬਾਰੇ ਲਿਖਿਆ ਜਾਵੇ, ਚਾਨਣਾ ਪਾਇਆ ਜਾਵੇ ਕਿ ਪਾਕਿਸਤਾਨ ਬਨਣ ਤੋਂ ਪਹਿਲਾਂ ਉਥੇ ਕਿਸ ਤਰ੍ਹਾਂ ਰਹਿੰਦੇ ਸਾਂ, ਕਿਸ ਤਰ੍ਹਾਂ ਘਰ ਬਾਹਰ ਛਡਣਾ ਪਿਆ ਤੇ ਕਿਥੇ-ਕਿਥੇ ਦੇ ਨਿਵਾਸੀ ਜਾ ਕੇ ਵੱਸੇ, ਪਹਿਲਾਂ ਕਿਸ ਤਰ੍ਹਾਂ ਦਾ ਮਿਲਾਪ ਸੀ, ਹੁਣ ਕਿਸ ਤਰ੍ਹਾਂ ਦਾ ਹੈ।

ਜਿਹੜੇ ਬੱਚੇ ਏਧਰ ਆ ਕੇ ਜੰਮੇ ਪਲੇ ਜਾਂ ਪਾਕਿਸਤਾਨ ਬਨਣ ਸਮੇਂ ਬਹੁਤ ਛੋਟੇ ਸਨ ਉਹਨਾਂ ਨੂੰ ਸੰਭਾਲ ਵੀ ਨਹੀਂ ਸੀ, ਉਹ ਏਸ ਲਿਖਤ ਨੂੰ ਪੜ੍ਹਕੇ ਕੁਝ ਆਪਣੇ ਵਡ-ਵਡੇਰਿਆਂ ਬਾਰੇ ਜਾਨਣ ਤੇ ਉਹਨਾਂ ਨੂੰ ਪਤਾ ਲੱਗੇ ਕਿ ਸਾਡੀ ਬਰਾਦਰੀ ਵਾਲੇ ਕਿਥੇ ਬੈਠੇ ਨੇ।

ਗੁਰਦੇਵ ਸਿੰਘ "ਹੰਜਰਾ"
੨੯, ਗੁਰਜੀਤ ਨਗਰ,
ਜਲੰਧਰ।



Sri Satguru Jagjit Singh Ji eLibrary NamdhariElibrary@gmail.com

**ਸਥਿਤੀ :**

ਪਾਕਿਸਤਾਨ ਵਿਚ ਇਕ ਜ਼ਿਲ੍ਹਾ ਸਿਆਲਕੋਟ ਏ ਤੇ ਉਹਦੀ ਤਹਿਸੀਲ ਨਾਰੋਵਾਲ ਏ। ਇਹ ਹੱਦ ਰਾਵੀ ਦਰਿਆ ਦੇ ਨਾਲ ਈ ਲੱਗਦੀ ਏ। ਨਾਰੋਵਾਲ ਸ਼ਹਿਰ ਦੇ ਲਹਿੰਦੇ ਪਾਸੇ ਰੇਲਵੇ ਸਟੇਸ਼ਨ। ਰੇਲਵੇ ਸਟੇਸ਼ਨ ਤੋਂ ਦੱਖਣ ਪਾਸੇ ਵਾਲੇ ਫਾਟਕ ਨੂੰ ਲਹਿੰਦੇ ਵੱਲ ਪਾਰ ਕਰੀਏ ਤਾਂ ਸਿੱਧੀ ਸੜਕ ਮਾਨ੍ਹਕ ਪਿੰਡ ਨੂੰ ਜਾਂਦੀ ਏ (ਸੜਕ ਉਦੋਂ ਕੱਚੀ ਸੀ)। ਮਾਨ੍ਹਕ, ਨਾਰੋਵਾਲ ਤੋਂ ਕੋਈ ਦੋ ਮੀਲ ਦੇ ਫਾਸਲੇ ਤੇ ਹੈ ਤੇ ਰਸਤੇ ਦੇ ਵਿਚ ਹੋਰ ਕੋਈ ਪਿੰਡ ਨਹੀਂ। ਏਥੋਂ ਅੱਗੇ ਇਕ ਮੀਲ ਤੇ ਧਾਰੀਵਾਲ ਪਿੰਡ ਆਉਂਦਾ, ਹੋਰ ਅੱਗੇ ਸੜਕ ਦੇ ਉਤੇ ਈ ਮੀਲ ਕੁ ਦੀ ਵਿਥ ਤੇ ਡੱਡੀਆਂ ਪਿੰਡ ਵਸਿਆ ਹੋਇਆ ਏ। ਫੇਰ ਮੀਲ ਕੁ ਤੇ ਈ ਗੋਤਾ ਫਤੇਹਗੜ੍ਹ ਇਕ ਕਸਬਾ। ਏਥੋਂ ਸੜਕ ਪਹਾੜ ਵਾਲੇ ਪਾਸੇ ਘੁੰਮਦੀ ਹੋਈ ਤੇ ਮੀਲ ਦੀ ਵਿਥ ਤੇ ਸਰਾਜ ਪਿੰਡ ਵਿਚੋਂ ਲੰਘਦੀ ਦੇ ਅੱਪੜਦੀ ਤੇ ਮੀਰਕਪੁਰ ਨੂੰ ਚਲੀ ਜਾਂਦੀ। ਗੋਤਾ ਫਤੇਹਗੜ੍ਹ ਤੋਂ ਇਕ ਸਿੱਧਾ ਪਹਿਆ ਦੇ ਨੂੰ ਜਾਂਦਾ ਤੇ ਦੋਹਾਂ ਪਿੰਡਾਂ ਦਾ ਫਾਸਲਾ ਬਹੁਤ ਨੇੜੇ ਕਰ ਦੇਂਦਾ ਏ। ਕਿਉਂਕਿ ਗੋਤਾ ਫਤੇਹਗੜ੍ਹ ਦੇ ਦਾ ਡਾਕਖਾਨਾ ਵੀ ਤੇ ਛੋਟਾ ਨੇੜੇ ਸ਼ਹਿਰ ਵੀ। ਦੇ ਨਿਵਾਸੀ ਸਾਰਾ ਸਾਮਾਨ ਘਰੇਲੂ ਵਰਤਣ ਵਾਲਾ. ਕਪੜਾ, ਏਥੋਂ ਈ ਖਰੀਦਦੇ। ਸ਼ਕੂਲ ਪੜ੍ਹਨ ਵਾਲੇ ਬੱਚੇ ਵੀ ਏਥੇ ਈ ਪੜ੍ਹਦੇ, ਦਾਣੇ ਭਿਆਉਣ ਦੀ ਮਸ਼ੀਨ ਤੇ ਡਾਕਟਰੀ ਸਹੂਲਤਾਂ ਸਨ।

ਉਹਨਾਂ ਦਿਨਾਂ ਵਿਚ ਪਿੰਡ ਦਾ ਕੇਂਦਰ ਬਿੰਦੂ ਗੁਰਦਵਾਰਾ ਸਾਹਿਬ ਸੀ। ਭਾਵੇਂ ਗੁਰਦਵਾਰਾ ਪਿੰਡ ਚੜ੍ਹਦੇ ਪਾਸੇ ਸੀ ਪਰ ਬਹੁਤਾ ਸਾਰੇ ਪਿੰਡ ਦਾ ਮੁਹਾਣ ਏਸੇ ਪਾਸੇ ਸੀ। ਏਥੋਂ ਦੀ ਈ ਪੂੰਗਾਂ ਪਿੰਡ, ਗੋਤਾ ਤੇ ਕਲਖਾਨਿਆਂ, ਬਹਾਦਰ ਪੁਰ ਆਦਿ ਨੂੰ ਜਾਣ ਵਾਸਤੇ ਲੰਘਣਾ ਪੈਂਦਾ ਸੀ। ਮੇਰੇ ਵਾਲੀ ਜ਼ਮੀਨ ਨੂੰ ਜਾਣ ਵਾਲੇ ਸਾਰੇ ਜ਼ਿਮੀਂਦਾਰ ਡੰਗਰ ਚਾਰਨ ਵਾਲੇ ਵਾਗੀ ਵੀ ਏਥੋਂ ਦੀ ਲੰਘਦੇ ਸਨ। ਸੋ, ਦੱਖਣ ਜਾਣਾ ਹੋਵੇ ਚੜ੍ਹਦੇ ਜਾਂ ਪਹਾੜ ਨੂੰ ਜਾਣਾ ਹੋਵੇ ਏਥੋਂ ਦੀ ਰਸਤੇ ਸਨ। ਏਸ ਕਰਕੇ ਏਸ ਏਰੀਏ ਵਿਚ ਹਰ ਵੇਲੇ ਰੌਣਕਾਂ ਲਗੀਆਂ ਰਹਿੰਦੀਆਂ ਸਨ।

ਪਿੰਡ ਵਿਚ ਇਕ ਬਹੁਤ ਵੱਡਾ ਛੱਪੜ ਤੇ ਸਾਰਾ ਪਿੰਡ ਇਸ ਦੇ ਦੁਆਲੇ ਈ ਵਸਿਆ ਹੋਇਆ ਸੀ। ਛੱਪੜ ਲਹਿੰਦੇ ਤੋਂ ਚੜ੍ਹਦੇ ਨੂੰ ਅਗੋਂ ਦੱਖਣ ਵੱਲ ਮੁੜਿਆ ਹੋਇਆ। ਦੱਖਣ ਪਾਸੇ ਜਿਥੇ ਮੁਕਦਾ ਸਾਹਮਣੇ ਗੁਰਦਵਾਰੇ ਮਣ ਵਾਲਾ



ਲੇਖਕ ਗੁਰਦੇਵ ਸਿੰਘ ਹੰਜਰਾ

ਖੂਹ। ਗੁਰਦਵਾਰੇ ਦੀ ਕੰਧ ਦੇ ਕੋਲ ਈ ਇਕ ਬਹੁਤ ਵੱਡਾ ਪਿੱਪਲ ਦਾ ਦਰਖਤ ਜਿਸ ਦੀ ਛਾਂ ਖੂਹ ਤੇ ਸਾਰਾ ਦਿਨ ਰਹਿੰਦੀ। ਖੂਹ ਦੇ ਨਾਲ ਈ ਚੜ੍ਹਦੇ ਪਾਸੇ ਕਾਹਲਵਾਂ ਦੇ ਘਰ ਸਨ ਤੇ ਅਗੇ ਨਾਲ ਈ ਮੁਸਲਮਾਨ ਬਾਜਵਿਆਂ ਦੇ ਖੂਹ।

ਗੁਰਦਵਾਰੇ ਦੇ ਸਾਹਮਣੇ ਰਾਮਗੜ੍ਹੀਆ ਬਰਾਦਰੀ ਦੇ ਘਰ। ਪਹਾੜ ਪਾਸੇ ਨੂੰ ਛੱਪੜ ਦੇ ਕੰਢੇ ਰਾਮਗੜ੍ਹੀਆਂ ਦੇ ਘਰਾਂ ਤੋਂ ਜਾਈਏ ਤਾਂ ਸ਼ੇਰੇ ਲੁਹਾਰ ਦਾ ਘਰ, ਇਸਮਾਈਲ ਲੁਹਾਰ ਤੇ ਅਗੇ ਮੁਸਲਮਾਨਾਂ ਦਾ ਘਰ। ਨਾਲ ਸੰਤੂ, ਬੰਤੂ, ਬਾਬਾ ਚੰਦਾ, ਵਸਾਵਾ ਸਿੰਘ ਹੰਜਰਾਵਾਂ ਦੇ ਘਰ ਸਨ। ਫੇਰ ਰਲੇ-ਮਿਲੇ। ਝਿਊਰ ਵੇਹਲੋ ਦੀ ਦੁਕਾਨ, ਦਾਣੇ ਭੁਨਾਣ ਵਾਲਾ ਭੱਠ। ਏਥੋਂ ਦੱਖਣ ਵਲ ਗਲੀ ਜਾਂਦੀ ਤੇ ਅੱਗੋਂ ਦੋ ਗਲੀਆਂ ਹੋ ਜਾਂਦੀਆਂ। ਇਕ ਪਾਸੇ ਮੁਸਲਮਾਨਾਂ ਦੇ ਘਰ, ਅਖੀਰ ਗੁਜਰ ਮਾਮਦੀਨ ਤੇ ਛਾਤੂ ਦਾ ਤੇ ਦੂਸਰੀ ਗਲੀ ਵਿਚ ਸੰਧੂਆਂ ਦੇ। ਹੌਲਦਾਰ ਲੱਖਾ ਸਿੰਘ। ਸਰਵਾਲੇ ਬੂੜ ਸਿੰਘ,



Sri Satguru Jagjit Singh Ji eLibrary NamdhariElibrary@gmail.com

ਸਰੈਣਾਂ ਤੇ ਬਚਨਾਂ ਏਹ ਹੰਜਰਾਵਾਂ ਦਾ ਘਰ ਸੀ ਤੇ ਅਖੀਰ ਗਲੀ ਜਿਥੇ ਮੁਕਦੀ ਨਰੈਣ ਸਿੰਘ ਸੰਧੂ ਉਹਦੇ ਲੜਕੇ, ਸੂਬੇਦਾਰ ਹਰਵੰਤ ਸਿੰਘ, ਥਾਣੇਦਾਰ ਬਸੰਤ ਸਿੰਘ, ਕਰਤਾਰ ਸਿੰਘ, ਬਲਵੰਤ ਸਿੰਘ ਆਦਿ ਤੇ ਅਗੇ ਨਾਲ ਈ ਲਾਲ ਸਿੰਘ, ਵੀਰ ਸਿੰਘ, ਪਰਤਾਪ ਸਿੰਘ।

ਇਸ ਤਰ੍ਹਾਂ ਜੇ ਭੋਂਕੇ ਹਵੇਲੋਂ ਦੀ ਹੱਟੀ ਆਈਏ ਤੇ ਪਹਾੜ ਨੂੰ ਜਾਈਏ ਤਾਂ ਛੱਪੜ ਦੇ ਨਾਲ ਨਾਲ ਚੜ੍ਹਦੇ ਨੂੰ ਜੁਲਾਹਿਆਂ ਦੀਆਂ ਬਹੁਤ ਸਾਰੀਆਂ ਖੱਡੀਆਂ ਇਕੋ ਵੱਡੇ ਹਾਤੇ ਵਿਚ ਲੱਗੀਆਂ ਹੋਈਆਂ ਤੇ ਚੰਗੀਆਂ ਰੌਣਕਾਂ ਰਹਿੰਦੀਆਂ, ਨਾਲੇ ਉਹ ਗਪਾਂ ਮਾਰਦੇ ਕੋਲੋ-ਕੋਲ ਖੱਡੀਆਂ ਦਿਆਂ ਟੋਇਆਂ ਵਿਚ ਲੱਤਾਂ ਲਮਕਾਈ ਬੈਠੇ ਹੁੰਦੇ, ਨਾਲ ਠਕਾ-ਠੱਕ ਖੱਡੀਆਂ ਹੱਥਾਂ ਨਾਲ ਚਲਾਉਂਦੇ। ਨਾਲ ਈ ਚੜ੍ਹਦੇ ਪਾਸੇ ਹੌਲਦਾਰ ਲੱਖਾ ਸਿੰਘ ਦੀ ਹਵੇਲੀ ਵੀਰ ਸਿੰਘ ਹੋਰਾਂ ਦੀ ਤੇ ਅਗੇ ਸਾਰੀਆਂ ਹਵੇਲੀਆਂ ਬਾਜਵੇ ਮੁਸਲਮਾਨਾਂ ਦੀਆਂ ਸਨ।

ਖੱਡੀਆਂ ਦੇ ਹਾਤੇ ਨਾਲ ਦੀ ਪਹਾੜ ਨੂੰ ਸਰਾਜ ਪਿੰਡ ਤਕ ਪਹਿਆ ਜਾਂਦਾ। ਲਹਿੰਦੇ ਵੱਲ ਝਿਊਰ ਦੀਵਾਨ ਸਿੰਘ ਵੇਹਲੋਂ, ਤੀਰਥ, ਮੁਨਸ਼ੀ, ਪੂਰਨ, ਲਾਲ ਤ ਅਗੇ ਹੰਸ ਮਹਿਰੇ ਦਾ ਘਰ ਉਹਦੀ ਮਾਤਾ ਤੇਜ ਕੌਰ ਰਹਿੰਦੇ ਸਨ। ਏਸੇ ਗਲੀ ਦੇ ਨਾਲ ਇਕ ਵੱਡੀ ਗਲੀ ਲਹਿੰਦੇ ਵੱਲ ਜਾਂਦੀ ਜਿਸ ਦੇ ਵਿਚੋਂ ਕਈ ਗਲੀਆਂ ਦੱਖਣ ਨੂੰ ਮੁੜਦੀਆਂ ਪਹਿਲੀ ਦੂਜੀ ਗਲੀ ਵਿਚ ਮੁਸਲਮਾਨਾਂ ਦੇ ਘਰ ਅੱਗੇ ਔਲਖਾਂ ਦੀ ਪੱਤੀ ਆ ਜਾਂਦੀ। ਨਾਲ ਈ ਸੱਜੇ ਹੱਥ ਮਸੀਤ। ਪਿੰਡ ਵਿਚ ਕੇਵਲ ਇਕ ਗੁਰਦਵਾਰਾ ਤੇ ਇਕੋ ਮਸੀਤ ਸੀ ਹੋਰ ਕੋਈ ਧਾਰਮਕ ਸਥਾਨ ਨਹੀਂ ਸੀ, ਸਾਰੇ ਪਿੰਡ ਦੇ ਮੁਸਲਮਾਨ ਮਸੀਤ ਵਿਚ ਤੇ ਸਿੱਖ ਗੁਰਦਵਾਰੇ ਵਿਚ ਆਪਣੇ ਆਪਣੇ ਧਰਮ ਦੀ ਪੂਜਾ ਕਰਦੇ ਤੇ ਇਕੱਠੇ ਹੁੰਦੇ।

ਏਸ ਗਲੀ ਵਿਚ ਵੜਣ ਤੋਂ ਪਹਿਲਾਂ ਨਾਲ ਈ ਮਸੀਤ ਦੇ ਕੈਪਟਨ ਸਵਰਨ ਸਿੰਘ, ਉਹਨਾਂ ਦਾ ਭਰਾ ਸੰਤ ਸਿੰਘ ਤੇ ਲੰਬੜਦਾਰ ਨਰੈਣ ਸਿੰਘ ਦੀ ਹਵੇਲੀ ਸੀ, ਨਰੈਣ ਸਿੰਘ ਦਾ ਲੜਕਾ ਕਰਨਲ ਤੇਜਾ ਸਿੰਘ ਉਦੋਂ ਫੌਜ ਵਿਚ ਨੌਕਰੀ ਕਰਦਾ ਸੀ।

ਏਹ ਗਲੀ ਵੀ ਅੱਗੇ ਜਾ ਦੋ ਤਿੰਨ ਗਲੀਆਂ ਵਿਚ ਹੋ ਜਾਂਦੀ। ਸਾਰੇ ਔਲਖਾਂ ਦੇ ਘਰ ਏਸੇ ਪਾਸੇ ਸਨ—ਦੇਵਾ ਸਿੰਘ ਬੁੱਢਾ ਸਿੰਘ, ਨੱਥਾ ਸਿੰਘ, ਇੰਦਰ ਸਿੰਘ ਆਦਿ। ਦੂਜੇ ਪਾਸੇ ਢੂੰਡਾ ਛੀਂਬਾ, ਸ਼ੰਕਰ ਝਿਊਰ, ਉਹਦੇ ਮੁੰਡੇ [ਕਰਤਾਰਾ ਤੇ ਪਿਆਰਾ। ਅੱਗੇ ਹਰਨਾਮ ਸਿੰਘ ਨਾਈ, ਉਹਦੇ ਲੜਕੇ ਚੰਨਣ ਸਿੰਘ (ਜਿਹੜਾ ਸਾਧ ਹੋ ਗਿਆ ਤੇ ਬਹੁਤ ਉਚ-ਕੋਟੀ ਦਾ ਸਵਾਮੀ ਬਣਿਆ ਤੇ ਦੂਸਰਾ ਸੇਵਾ ਸਿੰਘ। ਏਹਨਾਂ ਦਾ ਚਾਚਾ ਗਿਆਨ ਸਿੰਘ, ਲੱਭੂ ਨਾਈ, ਮਹਿੰਗਾ ਸਿੰਘ ਤੇ ਗਲੀ ਠੱਠੀ ਨੂੰ ਨਿਕਲ ਜਾਂਦੀ ਸੀ। ਨਾਲ-ਨਾਲ ਪਹਾੜ ਨੂੰ ਔਲਖਾਂ ਦੇ ਘਰ, ਵਧਾਵਾ ਸਿੰਘ ਉਹਦੇ ਪੁੱਤਰ ਕਾਲਾ, ਬਾਵਾ, ਪਿਆਰਾ ਤੇ ਦਲੀਪ ਆਦਿ। ਫਿਰ ਖੜਕ ਸਿੰਘ ਦਾ ਘਰ। ਨਾਲ ਇਹਨਾਂ ਘਰਾਂ ਦੇ ਸਾਹਮਣੇ ਈਸਾਈਆਂ ਦੀ ਠੱਠੀ ਸੀ ਜਿਸ ਦੀ ਵਸੋਂ ਕਾਫੀ ਸੰਘਣੀ ਸੀ ਤੇ ਕਾਫੀ ਘਰ ਸਨ। ਉਹ ਸਾਰੇ ਪਿੰਡ ਦਾ ਗੋਹਾ ਕੂੜਾ, ਵਾਹੀ ਜੋਤੀ ਜ਼ਿਮੀਂਦਾਰਾਂ ਨਾਲ ਕਰਾਉਂਦੇ ਸਨ। ਇਹਨਾਂ ਵਿਚ ਹਾਕੂ, ਢੂੰਡਾ, ਦਾਰਾ, ਇਸਾਈ ਤੇ ਹਸੈਨਾਂ, ਸਰਦਾਰਾਂ, ਦੌਲਤਾਂ ਹੋਰਾਂ ਦੇ ਤੇ ਹੋਰ ਕਈਆਂ ਦੇ ਘਰ। ਪਿੰਡ ਵਿਚਕਾਰ ਘਮਿਆਰਾਂ ਦੇ ਪੰਜ-ਚਾਰ ਘਰ ਸਨ ਤੇ ਇਹਨਾਂ ਦੀਆਂ ਆਵੀਆਂ ਤੇ ਕਾਰਖਾਨੇ ਭਾਂਡੇ ਬਨਾਉਣ ਵਾਲੇ ਛੱਪੜ ਦੇ ਕੰਢੇ ਤੇ ਸਨ।

ਫੇਰ ਕੇਂਦਰ ਬਿੰਦੂ ਗੁਰਦਵਾਰਾ ਸਾਹਿਬ ਤੇ ਆਈਏ ਤਾਂ ਮਣ ਵਾਲੇ ਖੂਹ ਦੀ ਵਿਸ਼ੇਸ਼ਤਾ ਇਹ ਸੀ ਕਿ ਕਰੀਬਨ ਖੂਹ ਵਗਦਾ ਈ ਰਹਿੰਦਾ ਸੀ ਕਿਉਂਕਿ ਕਈਆਂ ਜ਼ਿਮੀਦਾਰਾਂ ਦਾ ਸਾਂਝਾ ਖੂਹ ਸੀ। ਕੋਈ ਨਾ ਕੋਈ ਫਸਲ ਨੂੰ ਪਾਣੀ ਦੇਣ ਵਾਸਤੇ ਜੋਈ ਰੱਖਦਾ ਸੀ। ਉਹਨਾਂ ਦਿਨਾਂ ਵਿਚ ਕੇਵਲ ਖੂਹਾਂ ਨਾਲ ਈ ਫਸਲ ਨੂੰ ਪਾਣੀ ਦਿਤਾ ਜਾਂਦਾ ਸੀ। ਜਦੋਂ ਖੂਹ ਖਲੋਤਾ ਹੋਵੇ ਤਾਂ ਇਕ ਪਾਸੇ ਸਿਖ ਤੇ ਇਕ ਪਾਸੇ ਮੁਸਲਮਾਨ ਲੱਜ ਰੱਸਾ ਨਾਲ ਪਾਣੀ ਕੱਢਕੇ ਘਰਾਂ ਨੂੰ ਲਿਜਾਂਦੇ ਸੀ। ਆਮ ਤੌਰ ਤੇ ਏਹ ਪਾਣੀ ਦਾ ਕੰਮ ਘਰਾਂ ਦੀਆਂ ਜ਼ਨਾਨੀਆਂ ਈ ਕਰਦੀਆਂ ਸਨ। ਕੁਝ ਸਰਦੇ-ਪੁੱਜਦੇ ਘਰਾਂ ਦਾ ਪਾਣੀ ਝਿਊਰ ਭਰਦੇ ਸਨ। ਕੋਈ ਵਿਤਕਰਾ ਨਹੀਂ ਸੀ ਭਿੱਟ-ਭਿਟੌਣ ਦਾ। ਮੁਸਲਮਾਨ ਅਪਨੀ ਲੱਜ ਨਾਲ ਪਾਣੀ ਕਢਦੇ ਸਿੱਖ ਆਪਣੀ ਨਾਲ।

ਖੂਹ ਦੇ ਨਾਲ ਈ ਚੜ੍ਹਦੇ ਪਾਸੇ ਕਾਹਲਵਾਂ ਦੇ ਘਰ ਸਨ। ਇਹਨਾਂ ਦਾ ਬਾਹਰਲਾ ਦਰਵਾਜ਼ਾ ਤਾਂ ਇਕੋ ਸੀ ਪਰ ਅੰਦਰ ਕਾਫੀ ਘਰ ਸਨ। ਬਜ਼ੁਰਗ ਦਾ ਨਾਮ ਜਵਾਹਰ ਸਿੰਘ ਸੀ ਅੱਗੇ ਕਾਫੀ ਪਰਵਾਰ ਸੀ। ਚੇਤ ਸਿੰਘ ਸੂਬੇਦਾਰ ਤੇ ਭਾਨ ਸਿੰਘ ਬਾਰ ਵਿਚ (ਲਾਇਲਪੁਰ) ਰਹਿੰਦੇ ਸਨ। ਫਕੀਰ ਸਿੰਘ ਉਹਨਾਂ ਦੇ ਘਰੋਂ ਬਾਲ ਕੌਰ, ਬੱਚੇ, ਦੀਪਾ, ਜੀਤਾ, ਚੰਨਾਂ, ਅੰਬੋ ਤੇ ਪਿਆਰੋ ਏਥੇ ਸਨ। ਸੂਬੇਦਾਰ ਨਰੈਣ ਸਿੰਘ, ਗੋਪਾ,



Sri Satguru Jagjit Singh Ji eLibrary NamdhariElibrary@gmail.com

ਸ਼ਿੰਦੋ, ਮਿੰਦੋ। ਸਰੈਣ ਸਿੰਘ, ਮਾਈ ਬੋਲੀ, ਤਾਰੂ, ਬਚਨ, ਪੂਰੋ। ਹਜ਼ਾਰਾ ਸਿੰਘ, ਅਮਰ ਕੌਰ ਤੇ ਬੱਚੇ। ਇਸ ਤਰ੍ਹਾਂ ਕਾਫੀ ਪਰਵਾਰ ਸੀ। ਨਾਲ ਈ ਇਹਨਾਂ ਦੀ ਹਵੇਲੀ। ਪਛਾੜੀ ਮਿਸਤਰੀ ਕਿਸ਼ਨ ਸਿੰਘ ਦਾ ਖਰਾਸ ਤੇ ਛੱਪੜ ਕੰਢੇ ਘੁਮਿਆਰਾਂ ਦਾ ਕਾਰਖਾਨਾ। ਖਰਾਸ ਤੇ ਕਾਰਖਾਨਾ ਦੋਵੇਂ ਥਾਂ ਵਿਸ਼ੇਸ਼ ਥਾਂ ਸਨ। ਚੰਗੇ ਲਗਦੇ ਸਨ। ਇਕ ਕੋਠੇ ਨੂੰ ਗੋਲ ਜਿਹੀ ਕੰਧ ਮੋਰੀ ਰਖੀ ਹੋਈ ਸੀ, ਇਹਦੇ ਬਹੁਤ ਫਾਇਦੇ ਸਨ। ਅੰਦਰੋਂ ਈ ਬਾਹਰ ਦਾ ਪਤਾ ਲਗਦਾ ਰਹਿੰਦਾ ਸੀ।

ਗੁਰਦਵਾਰਾ ਸਾਹਿਬ ਦਾ ਇਕੋ ਈ ਲੰਬਾ ਜਿਹਾ ਹਾਲ ਸੀ। ਵੇਹੜਾ (ਸਾਹਮਣਾ ਹਾਤਾ) ਕਾਫੀ ਖੁਲ੍ਹਾ ਸੀ। ਹਾਤੇ ਚੁਫੇਰੇ ਕੱਚੀ ਦੀਵਾਰ ਬਣਾਈ ਹੋਈ ਸੀ ਜਿਹੜੀ ਕਰੀਬ ਦੋ ਢਾਈ ਫੁੱਟ ਉਚੀ ਸੀ। ਦੋ ਬੋਹੜ ਦੇ ਬੂਟੇ ਲਾਏ ਹੋਏ ਸੀ, ਜਿਹੜੇ ਕਰੀਬ ਛੋਟੇ ਦਰਖਤ ਬਣ ਚੁੱਕੇ ਸੀ। ਇਕ ਬਰਨੇ ਦਾ ਦਰਖਤ ਗੁਰਦਵਾਰੇ ਦੇ ਹਾਤੇ ਵਿਚ ਰਾਹ ਦੇ ਕੰਢੇ ਤੇ ਸੀ ਤੇ ਦੂਸਰਾ ਮਿਸਤਰੀਆਂ ਦੀ ਕੰਧ ਦੇ ਨਾਲ ਰਸਤੇ ਦੇ ਦੂਸਰੇ ਪਾਸੇ। ਦੋਵੇਂ ਬਹੁਤ ਵੱਡੇ ਦਰਖਤ ਸਨ। ਉਪਰੋਂ ਟਾਹਣੀਆਂ ਆਪੋ ਵਿਚ ਮਿਲੀਆਂ ਹੋਈਆਂ ਸਨ ਤੇ ਬਹੁਤ ਸੰਘਣੀ ਛਾਂ ਸੀ। ਨਾਲ ਹੀ ਮਿਸਤਰੀਆਂ ਦੇ ਘਰ ਦਾ ਬਾਹਰਲਾ ਬੂਹਾ ਸੀ। ਏਥੇ ਵੀ ਅੰਦਰ ਕਾਫੀ ਘਰ ਸਨ। ਸ: ਕਿਸ਼ਨ ਸਿੰਘ ਉਹਨਾਂ ਦੇ ਘਰੋਂ ਹਰਨਾਮ ਕੌਰ, ਪਰਵਾਰ ਸੇਵਾ ਸਿੰਘ, ਗੁਰੋ, ਗੁਰਦਿਆਲ, ਪਾਸ਼ੋ, ਪੂਰਨ, ਸਵਰਨੀ ਜਗਦੀਸ਼ ਆਦਿ। ਸ: ਮੇਹਰ ਸਿੰਘ, ਧਰਮ ਪਤਨੀ ਹਰਨਾਮ ਕੌਰ, ਵੀਰੋ ਤੇ ਤਰਲੋਕੀ ਬੱਚੇ। ਗਿਆਨੀ ਤੇਜਾ ਸਿੰਘ ਘਰੋਂ ਕਰਤਾਰ ਕੌਰ ਬੇਟਾ ਬਚਨ। ਸੰਤ ਨੱਥਾ ਸਿੰਘ ਧਰਮ ਪਤਨੀ ਸਵਰਨ ਕੌਰ, ਲੜਕਾ ਦੀਸ਼ਾ।

ਮਿਸਤਰੀਆਂ ਦੇ ਘਰਾਂ ਦੀ ਪਛਾੜੀ ਦੱਖਣ ਵਾਲੇ ਪਾਸੇ ਬਾਬੇ ਫ਼ਖਰ ਸ਼ਾਹ ਦੀ ਕਬਰ ਸੀ ਤੇ ਕਈ ਵਾਰੀ ਜ਼ਨਾਨੀਆਂ ਵੀਰਵਾਰ (ਜੁਮੇਰਾਤ) ਨੂੰ ਪਰਸ਼ਾਦ ਵੀ ਚਾੜ੍ਹਦੀਆਂ ਸਨ ਤੇ ਦੀਵਾ ਵੀ ਬਾਲਦੀਆਂ ਸਨ ਕਬਰ ਤੇ। ਨਾਲ ਈ ਸ਼ਕਰ ਝਿਉਰ ਦੀ ਭੱਠੀ। ਸ਼ਾਮ ਨੂੰ ਜਦੋਂ ਭੱਠੀ ਤੱਪਦੀ ਤਾਂ ਦਾਣੇ ਭਨਾਉਣ ਵਾਲਿਆਂ ਦੀਆਂ ਭੀੜਾਂ ਲੱਗੀਆਂ ਰਹਿੰਦੀਆਂ। ਰਾਤ ਨੂੰ ਸਿਆਲ ਦੇ ਦਿਨਾਂ ਵਿਚ ਮੁੰਡੇ ਅੱਧੀ-ਅੱਧੀ ਰਾਤ ਤਕ ਭੱਠੀ ਤੇ ਬੈਠੇ ਰਹਿੰਦੇ। ਕਈ ਵਾਰੀ ਬਾਬਾ ਸ਼ੱਕਰ ਦਿਨੇ ਮੁੰਡਿਆਂ ਮਗਰ ਫੌਲਨੀ ਫੜ ਕੇ ਚੜ੍ਹਦਾ ਤੇ ਕਹਿੰਦਾ ਹਰਾਮੀ ਮੁੰਡੇ ਮੇਰੀ ਭੱਠੀ ਢਾਹ ਦੇਂਦੇ ਨੇ। ਮੁੰਡੇ ਅਗੋਂ ਦੌੜ ਜਾਂਦੇ, ਪਰ ਬਾਬੇ ਦੀਆਂ ਦਾ ਗੁੱਸਾ ਨਹੀਂ ਸਨ ਕਰਦੇ।

ਭੱਠੀ ਤੋਂ ਸਾਹਮਣੇ ਵਾਲੇ ਪਾਸੇ ਚੜ੍ਹਦੇ ਨੂੰ ਇਕ ਪਹਿਆ ਜਾਂਦਾ ਸੀ। ਇਕ ਪਾਸੇ ਗੁਰਦਵਾਰੇ ਦੀ ਕੰਧ ਦੂਜੇ ਪਾਸੇ ਸ਼ੇਰੇ ਲੁਹਾਰ ਦੀ ਪੈਲੀ। ਏਥੋਂ ਨਿਆਈਆਂ ਸ਼ੁਰੂ ਹੋ ਜਾਂਦੀਆਂ ਸਨ। ਪਹੇ ਦੀਆਂ ਵੱਟਾਂ ਏਨੀਆਂ ਉਚੀਆਂ ਸਨ ਖਾਸ ਕਰਕੇ ਪਿੰਡ ਵਾਲੇ ਪਾਸੇ ਦੀਆਂ ਕਿ ਵਿਚ ਤੁਰਿਆ ਜਾਣ ਵਾਲਾ ਪਿੰਡ ਵਾਲੇ ਪਾਸੇ ਤੋਂ ਨਜ਼ਰ ਨਹੀਂ ਸੀ ਆਉਂਦਾ। ਵੱਟਾਂ ਦੇ ਉਤੇ ਮਲ੍ਹੇ ਤੇ ਦੱਭ ਉਗੀ ਹੋਈ ਸੀ ਤੇ ਬਹੁਤਾ ਓਹਲਾ ਸੀ। ਹਨੇਰੇ, ਸਵੇਰੇ ਤਾਂ ਇਕ ਪਾਸੇ ਰਿਹਾ ਦਿਨੇ ਵੀ ਲੰਘਦੇ ਦਾ ਪਤਾ ਨਹੀਂ ਸੀ ਲੱਗਦਾ ਦੂਰ ਤੱਕ। ਫੇਰ ਦੋਹਾਂ ਪਾਸੇ ਫਸਲਾਂ ਹੁੰਦੀਆਂ ਸਨ। ਇਹਦਾ ਬਹੁਤ ਫਾਇਦਾ ਸੀ ਕਿ ਜ਼ਨਾਨੀਆਂ ਨੂੰ ਬਾਹਰ ਅੰਦਰ ਜਾਣ ਵਾਸਤੇ ਬੜਾ ਪਰਦਾ ਸੀ। ਹੁਣ ਤਾਂ ਪਿੰਡਾਂ ਵਿਚ ਵੀ ਕਈਆਂ ਘਰਾਂ ਨੇ ਲੈਟਰੀਨਾਂ ਬਣਾ ਲਈਆਂ ਨੇ, ਪਰ ਉਥੋਂ ਤਾਂ ਸਭ ਬਾਹਰ ਹੀ ਜਾਂਦੇ ਸੀ। ਇਹ ਪਹਿਆ ਇਕ ਯਾਦਗਾਰੀ ਰਸਤਾ ਸੀ।

ਭੱਠੀ ਤੋਂ ਦੱਖਣ ਵਾਲੇ ਪਾਸੇ ਨੂੰ ਖੁਲ੍ਹੀ ਗਲੀ ਜਾਂਦੀ ਸੀ ਤੇ ਪਹਿਲਾਂ ਮੁਸਲਮਾਨ ਤਰਖਾਣਾਂ ਦਾ ਘਰ ਸੀ। ਏਥੇ ਤਿੰਨ ਭਰਾ ਬਰਕਤ, ਬੂਟਾ, ਰਹਿਮੀ ਉਹਨਾਂ ਦੇ ਪਰਵਾਰ ਰਹਿੰਦੇ, ਖਰਾਸ ਵੀ ਲਾਇਆ ਹੋਇਆ ਸੀ ਤੇ ਤਰਖਾਣਾਂ ਕੰਮ ਵੀ ਕਰਦੇ।

ਅੱਗੇ ਸਾਹਮਣੇ ਗਲੀ ਦੇ ਮੋੜ ਤੇ ਮਿਸਤਰੀ ਕਿਸ਼ਨ ਸਿੰਘ, ਮੇਹਰ ਸਿੰਘ, ਤੇਜਾ ਸਿੰਘ, ਸੰਤ ਨੱਥਾ ਸਿੰਘ, ਖੜਕ ਸਿੰਘ ਹੋਰਾਂ ਦੀ ਵੱਡੀ ਸਾਰੀ ਹਵੇਲੀ ਵਿਚ ਇਕ ਨਿੰਮ ਦਾ ਰੁੱਖ, ਬੜੀਆਂ ਗਰੋਲੀਆਂ ਲਗਦੀਆਂ ਸਨ, ਕਿੱਕਰ ਦਾ ਦਰਖਤ ਤੇ ਅੰਦਰੇ ਹੀ ਖਰਾਸ ਸੀ। ਗਲੀ ਦੇ ਸੱਜੇ ਪਾਸੇ ਦੱਖਣ ਨੂੰ ਜਾਂਦਿਆਂ ਕੜਬਿਆਂ (ਹੰਜਰਾਵਾਂ) ਦੇ ਘਰ ਸਨ, ਭਾਈ ਮੂਲਾ ਸਿੰਘ, ਰਤਨ ਸਿੰਘ, ਆਲਾ ਸਿੰਘ, ਪੂਰੋ, ਪਿਆਰੀ ਤੇ ਉਹਨਾਂ ਦੀ ਮਾਤਾ ਰਹਿੰਦੇ ਸਨ। ਬਾਬਾ ਨੌਕਰ, ਹਵੇਲਾ ਸਿੰਘ, ਅਮਰ ਸਿੰਘ, ਪਿਆਰਾ, ਪਾਲਾ, ਤੇਜਾ ਸਿੰਘ, ਗੰਗਾ ਸਿੰਘ, ਇੰਦਰ ਕੌਰ ਤੇ ਜਗੀਰਾ ਆਦਿ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਉਤਸਵ ਰਾਈਆਂ ਵਿਖੇ

ਰਾਈਆਂ (ਜ਼ਿਲਾ ਲੁਧਿਆਣਾ) ੪ ਫਰਵਰੀ—ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ, ਦੇਸ਼ ਧਰਮ ਤੇ ਗਊ-ਗਰੀਬ ਦੇ ਰਖਿਅਕ ਨਾ-ਮਿਲਵਰਤਨ ਲਹਿਰ ਦੇ ਸੰਚਾਲਕ ਅਤੇ ਜੰਗੇ ਅਜ਼ਾਦੀ ਦਾ ਸ੍ਰੀ ਗਣੇਸ਼ ਕਰਨ ਵਾਲੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ੧੮੦ਵਾਂ ਪ੍ਰਕਾਸ਼ ਉਤਸਵ ਬੜੇ ਜੋਸ਼ ਨਾਲ ਮਨਾਇਆ ਗਿਆ। ਦੇਸ਼-ਬਦੇਸ਼ ਤੋਂ ਆਏ ਨਾਮਧਾਰੀਆਂ ਤੋਂ ਇਲਾਵਾ ਪੰਜਾਬ ਦੇ ਮੁਖ ਮੰਤਰੀ ਪੰਜਾਬ ਸ. ਬੇਅੰਤ ਸਿੰਘ ਜੀ, ਨਾਰਦਨ ਇੰਡੀਆ ਦੇ ਬਿਸ਼ਪ ਸ੍ਰੀ ਜੋਇਲ ਵਿਦਿਆ ਸਾਗਰ ਮਲ, ਸੰਤ ਸਮਾਜ ਦੇ ਸੰਤ ਸ਼ਮਸ਼ੇਰ ਸਿੰਘ ਜੀ ਜਗੇੜਾ, ਸ੍ਰੀ ਕ੍ਰਿਸ਼ਨ ਕੁਮਾਰ ਜੀ ਬਾਵਾ ਚੇਅਰਮੈਨ ਹਾਊਸਫੈਡ ਪੰਜਾਬ ਡਾ. ਹਰਬੰਸ ਕੌਰ ਪ੍ਰਧਾਨ ਮਹਿਲਾ ਕਾਂਗਰਸ, ਡਾ. ਐਸ. ਐਸ. ਜੌਹਲ ਪ੍ਰਧਾਨ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਅਕਾਲੀ ਦਲ ਦੇ ਸ. ਹੀਰਾ ਸਿੰਘ ਜੀ, ਗਾਬੜੀਆ ਸਾਹਿਤਕ ਖੇਤਰ ਦੀਆਂ ਵਿਸ਼ੇਸ਼ ਹਸਤੀਆਂ ਪ੍ਰੋ. ਤ੍ਰਿਪਾਲ ਸਿੰਘ ਜੀ ਕਸੇਲ, ਡਾ: ਆਤਮ ਹਮਰਾਹੀ, ਸ੍ਰੀ ਜਗਦੀਸ਼ ਸਿੰਘ ਜੀ ਸੰਪਾਦਕ 'ਵਰਿਆਮ' ਜਲੰਧਰ, ਸ੍ਰੀ ਜਸਵਿੰਦਰ ਸਿੰਘ ਜੀ ਹਿਸਟੋਰੀਅਨ ਦਿੱਲੀ ਅਤੇ ਹੋਰ ਪਤਵੰਤੇ ਸਜਨਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਗੁਣ ਗਾਣ ਕੀਤੇ।

ਇਤਿਹਾਸਕ ਭੁਲੇਖਿਆਂ ਬਾਰੇ ਸ. ਜਸਵਿੰਦਰ ਸਿੰਘ ਜੀ ਅਤੇ ਸੰਤ ਦਲੀਪ ਸਿੰਘ ਜੀ ਨੇ ਦਸਿਆ ਕਿ ਸੌ ਫੀ ਸਦੀ ਝੂਠ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਦੇਹ ਦਾ ਉਹਲ ੧੮੮੫ ਈਸਵੀਂ ਵਿਚ ਹੋਇਆ। ਜਦ ਕਿ ਸੰਨ ੧੮੮੬ ਅਗਸਤ ਤਕ ਅਜੇ ਅੰਗਰੇਜ਼ ਸਤਿਗੁਰੂ ਜੀ ਨੂੰ ਕਿਸੇ ਹੋਰ ਜਗਹ ਬਦਲਣ ਦੀ ਸੋਚ ਰਹੇ ਸਨ। ਦਰਅਸਲ ਇਹ ਝੂਠ ਅੰਗਰੇਜ਼ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰਭੂਤਾ ਘੱਟ ਕਰਨ ਲਈ ਬੋਲਿਆ। ਬਿਸ਼ਪ ਸਾਹਿਬ ਨੇ ਆਖਿਆ ਕਿ ਨਾਮਧਾਰੀ ਸ਼ਤਿਗੁਰੂ ਰਾਮ ਸਿੰਘ ਜੀ ਨੇ ਕੇਵਲ ਪੰਜਾਬ ਜਾਂ ਭਾਰਤ ਵਾਸਤੇ ਨਹੀਂ ਸਗੋਂ ਸਮੁੱਚੀ ਮਾਨਵਤਾ ਦੇ ਭਲੇ ਲਈ ਮਾਰਗ ਦਰਸ਼ਨ ਕੀਤਾ। ਸੰਪਾਦਕ ਵਰਿਆਮ ਸ੍ਰੀ ਜਗਦੀਸ਼ ਸਿੰਘ ਜੀ ਨੇ ਦਸਿਆ ਕਿ ਸਭ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਰੂਸ ਨਾਲ ਸਬੰਧ ਸਥਾਪਿਤ ਕੀਤੇ। ਸ੍ਰੀ ਹਰਵਿੰਦਰ ਸਿੰਘ ਜੀ ਹੰਸਪਾਲ ਨੇ ਦਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਜੋ ਖੁਸ਼ਹਾਲੀ ਤੇ ਉਸਾਰੀ ਹੋਈ ਹੈ ਉਸ ਵਿਚ ਸਾਹਿਤਕ, ਖੇਡਾਂ ਗੁਰਮਤਿ ਸੰਗੀਤ, ਇਤਿਹਾਸਕ ਥਾਵਾਂ ਦੀ ਸੰਭਾਲ ਅਤੇ ਉਸਾਰੀ ਹੋ ਰਹੀ ਹੈ। ਉਹਨਾਂ ਦਸਿਆ ਕਿ ਪੰਜਾਬ ਸਰਕਾਰ ਵਲੋਂ ਹਰ ਸਾਲ ਬਸੰਤ ਸਰਕਾਰੀ ਪੱਧਰ ਤੇ ਮਨਾਈ ਜਾਵੇਗੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਖੁਸ਼ੀ ਵਿਚ ਸਰਕਾਰੀ ਛੁਟੀ ਹੋਵੇਗੀ।

ਮੁਖ ਮੰਤਰੀ ਪੰਜਾਬ ਨੇ ਆਖਿਆ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਬਸੰਤ ਤੇ ਹੋਣ ਦਾ ਇਸ ਗਲ ਦਾ ਸੂਚਕ ਸੀ ਕਿ ਹੁਣ ਪੰਜਾਬ ਨਹੀਂ ਸਾਰੇ ਭਾਰਤ ਵਿਚੋਂ ਅਤਿਆਚਾਰ ਅਤੇ ਵਦੇਸ਼ੀ ਹਕੂਮਤ ਦਾ ਖਾਤਮਾ ਹੋ ਜਾਵੇਗਾ। ਸਤਿਗੁਰੂ ਰਾਮ ਸਿੰਘ ਜੀ ਨੇ ਲੰਬੀ ਸੋਚ ਸੋਚ ਕੇ ਦੇਸ ਦੀ ਅਜ਼ਾਦੀ ਲਈ ਜੰਗ ਅਰੰਭੀ ਜੋ ਤੋਪਾਂ ਤਲਵਾਰਾਂ ਤੋਂ ਬਿਨਾਂ ਲੜੀ ਗਈ। ਉਹਨਾਂ ਦਾ ਨਾ-ਮਿਲਵਰਤਨ ਦਾ ਹਥਿਆਰ ਬਾਅਦ ਵਿਚ ਜਾ ਕੇ ਇਤਨਾ ਕਾਮਯਾਬ ਹੋਇਆ ਕਿ ਅੰਗਰੇਜ਼ਾਂ ਨੂੰ ਆਪਣੀਆਂ ਸਫ਼ਾਂ ਵਲੇਟਣੀਆਂ ਪਈਆਂ। ਅਜ ਨਾਮਧਾਰੀ ਹੀ ਹਨ ਜਿਨ੍ਹਾਂ ਦੀ ਇਹ ਲੋਚਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਦੀ ਫ਼ਿਲਾਸਫੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਕੁਰਬਾਨੀ ਦਾ ਪਸਾਰਾ ਕੇਵਲ ਭਾਰਤ ਵਿਚ ਹੀ ਨਹੀਂ ਸਗੋਂ ਸਮੁੱਚੀ ਦੁਨੀਆਂ ਵਿਚ ਫੈਲੇ। ਸਤਿਗੁਰੂ ਜਗਜੀਤ ਸਿੰਘ ਜੀ ਇਕ ਮੁਜੱਸਮਾ ਹਨ ਧਰਮ ਦਾ। ਰਾਈਆਂ ਇਕ ਵਿਸ਼ੇਸ਼ ਮਹਤਵਪੂਰਨ ਸਥਾਨ ਹੈ ਜਿਥੇ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਹੋਇਆ। ਜਿਨ੍ਹਾਂ ਦੇ ਦਿਖਾਇ ਮਾਰਗ ਤੇ ਚਲ ਕੇ ਸਮੁੱਚੀ ਮਾਨਵਤਾ ਦਾ ਭਲਾ ਹੋਇਆ। ਜੇ ਸਤਿਗੁਰੂ ਰਾਮ ਸਿੰਘ ਜੀ ਦੇ ਪੂਰਨਿਆਂ ਤੇ ਚਲਦੇ ਰਹਾਂਗੇ ਤਾਂ ਕੋਈ ਅੱਤਵਾਦ ਨਹੀਂ ਰਹੇਗੀ, ਕੋਈ ਵਦੇਸ਼ੀ ਤਾਕਤ ਭਾਰਤ ਵਲ ਅਖ ਭਰਕੇ ਨਹੀਂ ਵੇਖ ਸਕੇਗਾ। ਜੇ ਸਿਖੀ ਨੂੰ ਸਮਝਣਾ ਹੈ ਤਾਂ ਨਾਮਧਾਰੀ ਹੀ ਹਨ ਜੋ ਸਮਝਾ ਸਕਦੇ ਹਨ। ਉਹਨਾਂ ਆਖਿਆ ਕਿ ਮਲੇਰ ਕੋਟਲੇ ਜਾਂ ਹੋਰ ਕਿਤੇ ਸ਼ਹੀਦਾਂ ਦੀਆਂ ਥਾਵਾਂ ਕੇਵਲ ਯਾਂਦਗਾਰਾਂ ਬਨਾਉਣ ਲਈ ਨਹੀਂ ਦਿਤੀਆਂ, ਸਗੋਂ ਇਸ ਲਈ ਯਤਨ ਕੀਤਾ ਹੈ ਕਿ ਕੁਰਬਾਨੀ ਦਾ ਜਾਗ ਲਗਦਾ ਰਹੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ



Sri Satguru Jagjit Singh Ji eLibrary NamdhariElibrary@gmail.com

ਫੁਰਮਾਇਆ ਕਿ ਸਾਡੇ ਨਾਲ ਸਾਰੇ ਹਨ—ਅਕਾਲੀ ਵੀ, ਈਸਾਈ ਵੀ ਅਤੇ ਮੁਸਲਮਾਨ ਵੀ। ਆਪ ਜੀ ਨੇ ਫੁਰਮਾਇਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਰੂ ਨਾਨਕ ਨਾਮ ਲੇਵਾ ਕਾਨਫਰੰਸ ੧੯੩੪ ਈ: ਵਿਚ ਸ੍ਰੀ ਭੈਣੀ ਸਾਹਿਬ ਕੀਤੀ।

ਸਿੱਖ ਧਰਮ ਨਾਮ-ਬਾਣੀ ਦੇ ਆਸਰੇ ਖੜ੍ਹਿਆ ਹੈ, ਪਰ ਜੇ ਸ਼ਰਧਾ ਵਿਚੋਂ ਕੱਢ ਦੇਈਏ ਤਾਂ ਕੁਝ ਵੀ ਨਹੀਂ। ਬਾਣੀ ਨਾੜ ਹੈ, ਸਿੱਟਾ ਨਾਮ ਹੈ, ਪਰ ਜੇ ਵਿਚ ਦਾਣਾ ਨਹੀਂ ਤਾਂ ਕੁਝ ਵੀ ਨਹੀਂ। ਇਸ ਤਰ੍ਹਾਂ ਉਹ ਦਾਣਾ ਸਿਦਕ ਹੈ। ਜੇ ਦਾਣਾ ਨਾ ਹੋਵੇ ਤਾਂ ਨਾੜ ਤੇ ਸਿੱਟੇ ਦਾ ਕੋਈ ਲਾਭ ਨਹੀਂ। ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਵਿਚ ਨਾਮ-ਬਾਣੀ ਤੇ ਸਿਦਕ ਦ੍ਰਿੜ੍ਹ ਕਰਵਾਇਆ।

ਨਾਮ ਜਪਣ ਨਾਲ ਹਰ ਅਵਸਥਾ ਵਿਚ ਕੇਵਲ ਸੁਖ ਹੀ ਮਿਲਦਾ ਹੈ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਫੁਰਮਾਇਆ ਕਿ ਸਤਿਗੁਰੂ ਕਿਰਪਾ ਕਰਨ ਦੇਸ਼ ਵਿਚੋਂ ਭ੍ਰਿਸ਼ਟਾਚਾਰ ਖਤਮ ਹੋਵੇ, ਸਾਡੇ ਗੁਰੂ ਪ੍ਰਤੀ ਮਨਾਂ ਵਿਚ ਪ੍ਰਤੀਤ ਬਣੀ ਰਹੇ, ਦੇਸ਼ ਖੁਸ਼ਹਾਲ ਹੋਵੇ।

ਰਾਤ ਨੂੰ ਆਤਸ਼ਬਾਜ਼ੀ ਹੋਈ। ਸਾਰਾ ਦਿਨ ਅਤੇ ਰਾਤ ਦੀਵਾਨ ਹੁੰਦੇ ਰਹੇ। ੫ ਫਰਵਰੀ ਸਮੂਹਿਕ ਆਨੰਦ ਕਾਰਜ ਹੋਏ ਅਤੇ ਸ਼ਹੀਦ ਸੂਬਾ ਲੱਖਾ ਸਿੰਘ ਜੋ ੫ ਫਰਵਰੀ ੧੯੦੩ ਈ: ਵਿਚ 'ਮੌਲਮੀਨ ਜੇਲ੍ਹ' ਵਿਖੇ ਸ਼ਹੀਦ ਹੋਏ ਦੀ ਯਾਦ ਮਨਾਈ ਗਈ।

**ਅਜੀਤ ਸਿੰਘ ਨਾਮਧਾਰੀ**

ਸਕੱਤਰ, ਸ: ਹਿੰ: ਨਾ: ਵਿ: ਜਥਾ (ਰਜਿ.)

# ਬੱਦਲਾਂ ਦੀ ਸੰਗਤ ਜਿਨ ਮਿਲਾਏ ਸਜਨਾਂ

**—ਹਰਭਜਨ ਬਾਜਵਾ**

**ਹਰ** ਸਾਲ ਦੀ ਤਰ੍ਹਾਂ ਇਸ ਸਾਲ ਵੀ ਭਾਪਾ ਪ੍ਰੀਤਮ ਸਿੰਘ ਦੇ ਨਵਯੁਗ ਫਾਰਮ ਦਿਲੀ ਵਿਖੇ "ਧੁਪ ਦੀ ਮਹਿਫਲ" ਮਨਾਉਣ ਦਾ ਪ੍ਰੋਗਰਾਮ ਬਣਾਇਆ ਗਿਆ ਸੀ। ਪਰ ਅਚਾਨਕ "ਧੁਪ ਦੀ ਮਹਿਫਲ" ਦੀ ਥਾਂ ਬਦਲਾਂ ਦੀ ਸੰਗਤ ਬਣ ਗਈ। ਜਦੋਂ ਮੈਂ ਬਟਾਲੇ ਤੋਂ ਦਿਲੀ ਵਲ ਨੂੰ ਤੁਰਿਆ ਸੀ। ਮੌਸਮ ਬਹੁਤ ਚੰਗਾ ਸੀ। ਧੁਪ ਖੁਲ੍ਹ ਕੇ ਲਗੀ ਹੋਈ ਸੀ ਤੇ ਸੋਚ ਰਿਹਾ ਸੀ ਪਿਛਲੇ ਸਾਲਾਂ ਵਾਂਗ ਇਸ ਸਾਲ ਵੀ "ਧੁਪ ਦੀ ਮਹਿਫਲ" ਦਾ ਬਹੁਤ ਅਨੰਦ ਆਵੇਗਾ ਤੇ ਸਾਰੇ ਦੋਸਤਾਂ ਮਿਤਰਾਂ ਦੇ ਦਰਸ਼ਨ ਹੋ ਜਾਣਗੇ। ਜਿੰਨਾਂ ਦੇ ਦਰਸ਼ਨ ਸਾਲ ਨਹੀਂ ਹੁੰਦੇ। ਕਈ ਮਿਤਰ ਸਾਹਿਤਕਾਰ ਤੇ ਕਲਾਕਾਰ ਦੋ ਦੋ ਸਾਲਾਂ ਬਾਦ ਹੀ ਮਿਲਦੇ ਹਨ। ਦਿਲੀ ਜਾ ਕੇ ਮੈਂ ਆਪਣੇ ਮਿਤਰ ਸ੍ਰੀ ਸਤਪਾਲ ਜੀ ਦੇ ਘਰੋਂ ਪਹਿਲਾਂ ਸ੍ਰ. ਪ੍ਰੀਤਮ ਸਿੰਘ ਕਵੀ ਨੂੰ ਟੈਲੀਫੂਨ ਕੀਤਾ ਕਿ ਸਵੇਰੇ ਭਾਪਾ ਜੀ ਦੇ ਫਾਰਮ ਤੇ ਜਾਣ ਦਾ ਕੀ ਪ੍ਰੋਗਰਾਮ ਏ? ਕਿਉਂਕਿ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਕਿਰਪਾ ਨਾਲ ਅਜ ਕਲ ਕਵੀ ਜੀ ਮਾਰੂਤੀ ਕਾਰ ਦੇ ਮਾਲਕ ਹਨ। ਇਸ ਕਰਕੇ ਉਹਨਾਂ ਨਾਲ ਜਾਣ ਦਾ ਪ੍ਰੋਗਰਾਮ ਬਣਾ ਰਿਹਾ ਸੀ। ਵਡੇ ਸ਼ਹਿਰਾਂ ਵਿਚ ਜਾ ਕੇ ਕਾਰਾਂ ਵਾਲਿਆਂ ਦਾ ਹੀ ਆਸਰਾ ਤਕਨਾ ਪੈਂਦਾ ਏ। ਸ. ਪ੍ਰੀਤਮ ਸਿੰਘ ਕਵੀ ਨੇ ਆਖਿਆ "ਬਾਜਵਾ ਜੀ, ਸਵੇਰੇ ਦਸ ਵਜੇ ਸਾਡੇ ਘਰ ਆ ਜਾਣਾ। ਏਥੋਂ ਅਗੇ ਤੁਰ ਚਲਾਂਗੇ।" ਇਤਨੀ ਗੱਲ ਕਰਕੇ ਫੇਰ ਮੈਂ ਟੈਲੀਫੂਨ ਸ. ਪ੍ਰੀਤਮ ਸਿੰਘ ਪੰਛੀ ਨੂੰ ਕੀਤਾ। ਉਸ ਕੋਲ ਕਾਰ ਨਹੀਂ, ਪਰ ਉਸ ਨੇ ਆਖਿਆ "ਬਾਜਵਾ ਜੀ, ਹੁਣ ਦਰਸ਼ਨ ਭਾਪਾ ਜੀ ਦੇ ਫਾਰਮ ਤੇ ਹੀ ਸਵੇਰੇ ਹੋਣਗੇ ਤੇ ਉਥੇ ਹੀ ਸ. ਕਿਰਪਾਲ ਸਿੰਘ ਹੀਰਾ ਜੀ ਆ ਜਾਣਗੇ। ਇਹ ਸਾਰੇ ਟੈਲੀਫੂਨ ਕਰਕੇ ਮੈਂ ਆਪਣੇ ਆਪ ਨੂੰ ਸੁਰਖਰੂ ਸਮਝਦਾ ਸੀ ਕਿ ਹੁਣ ਸਵੇਰੇ ਭਾਪਾ ਜੀ ਦੇ ਫਾਰਮ ਤੇ ਜਾਣ ਦਾ ਕੋਈ ਫਿਕਰ ਨਹੀਂ। ਕਵੀ ਜੀ ਦੀ ਕਾਰ ਕੋਲ ਹੈ। ਰਾਤ ਨੂੰ ਖਾ ਪੀ ਕੇ ਸੁੱਤੇ ਤਾਂ ਅਧੀ ਰਾਤ ਤੋਂ ਬਾਦ ਬਾਰਸ਼ ਸ਼ੁਰੂ ਹੋ ਗਈ।

ਅਗਲੀ ਸਵੇਰ ਮੈਂ ਕਾਹਲੀ ਕਾਹਲੀ ਤਿਆਰ ਹੋ ਕੇ ਸ. ਪ੍ਰੀਤਮ ਸਿੰਘ ਕਵੀ ਦੇ ਘਰ ਬਾਰਸ਼ ਵਿਚ ਗਿਆ ਬਾਰਸ਼ ਹੋ ਰਹੀ ਸੀ। ਦਿੱਲੀ ਵਰਗੇ ਸ਼ਹਿਰ ਵਿਚ ਵੀ ਹਰ ਗਲੀ ਬਾਜ਼ਾਰ ਵਿਚ ਪਿੰਨੀ ਪਿੰਨੀ ਤੱਕ ਤੇ ਗਿਟੇ ਗਿਟੇ ਤਕ ਪਾਣੀ ਖੜਾ ਸੀ। ਸ. ਪ੍ਰੀਤਮ ਸਿੰਘ ਕਵੀ ਨੂੰ ਮਿਲ ਕੇ ਪਤਾ ਲਗਾ ਕੇ ਇੰਨੀ ਬਾਰਸ਼ ਵਿਚ ਉਸ ਦੀ ਪਤਨੀ ਤੇ ਉਸ ਦਾ ਛੋਟਾ ਲੜਕਾ ਤੇ ਨੂੰਹ ਵੀ ਬਦਲਾਂ ਦੀ ਸੰਗਤ ਵੇਖਣ ਤੇ ਮਾਨਣ ਵਾਸਤੇ ਤਿਆਰ ਹੋ ਰਹੇ ਸਨ। ਕਿਉਂਕਿ ਲੜਕੇ ਨੇ ਤਾਂ ਕਾਰ ਡਰਾਈਵ ਕਰਨੀ ਸੀ। ਸ. ਪ੍ਰੀਤਮ ਸਿੰਘ ਕਵੀ ਆਪ ਘਟ ਕਾਰ ਡਰਾਈਵ ਕਰਦੇ ਹਨ। ਬਾਰਸ਼ ਆਪਣੇ ਪੂਰੇ ਜੋਬਨ ਤੇ ਸੀ। ਹੁਣ ਸਾਰੇ ਸੋਚ ਰਹੇ ਸੀ ਕਿ ਕਾਰ ਦੇ ਦਰਵਾਜ਼ੇ ਤਕ



Sri Satguru Jagjit Singh Ji eLibrary NamdhariElibrary@gmail.com

ਕਿਸ ਤਰ੍ਹਾਂ ਪੁਜਿਆ ਜਾਵੇ । ਕਵੀ ਜੀ ਨੇ ਲੜਕੇ ਨੂੰ ਆਖਿਆ ਕਾਰ ਨੂੰ ਬਰਾਂਡੇ ਦੇ ਕੋਲ ਹੀ ਲੈ ਆਵੇ ਤੇ ਅਸੀਂ ਸਾਰੇ ਮੀਂਹ ਵਰਦੇ ਵਿਚ ਯਾਰਾਂ ਵਜੇ ਘਰੋਂ ਨਿਕਲੇ । ਜਿਹੜਾ ਅਸਾਂ ਦਸ ਵਜੇ ਜਾਣਾ ਸੀ । ਕਾਰ ਦਿੱਲੀ ਦੀਆਂ ਸੜਕਾਂ ਤੇ ਪਾਣੀ ਦੇ ਫਰਾਟੇ ਮਾਰਦੀ ਸਾਡੇ ਯਾਰਾਂ ਵਜੇ ਮਹਿਰੋਲੀ ਨਵਯੁਗ ਫਾਰਮ ਤੇ ਪੁਜ ਗਈ ।

ਸਾਡੇ ਜਾਣ ਤੋਂ ਪਹਿਲਾਂ ਕੁਛ ਸਾਹਿਤਕਾਰ ਆ ਚੁਕੇ ਸਨ । ਸ. ਕਰਤਾਰ ਸਿੰਘ ਦੁੱਗਲ, ਡਾ. ਕਰਨਜੀਤ ਸਿੰਘ, ਸ. ਗੁਰਬਚਨ ਸਿੰਘ ਭੁਲਰ, ਸ. ਹਰਭਜਨ ਸਿੰਘ ਹਲਵਾਰਵੀ, ਡਾ. ਸਤਿੰਦਰ ਸਿੰਘ ਨੂਰ, ਰਣਜੀਤ ਧੀਰ ਲੰਦਨ ਤੋਂ ਉਸ ਦਾ ਛੋਟਾ ਭਾਈ ਡਾ: ਧੀਰ ਕੁਰਕਸ਼ੇਤਰ ਤੋਂ ਆਇਆ ਹੋਇਆ ਸੀ । ਸ. ਪ੍ਰੀਤਮ ਸਿੰਘ ਪੰਛੀ, ਡਾ. ਅਮਰ ਭਾਰਤੀ, ਦੇਵ ਆਰਟਿਸਟ, ਗੁਰਚਰਨ ਰਾਮ ਪੁਰੀ, ਹਰਨੀਤ ਸਿੰਘ ਫੋਟੋਗਰਾਫਰ, ਸ੍ਰੀ ਬਲਵੰਤ ਗਾਰਗੀ, ਦਵਿੰਦਰ ਸਥਿਆਰਥੀ ਉਸਦੀ ਪਤਨੀ ਤੇ ਲੜਕੀਆਂ ਵੀ ਹਾਜ਼ਰ ਸਨ । ਇਹ ਸਾਰੇ ਸਾਹਿਤਕਾਰ ਬਾਰਸ਼ ਦਾ ਮਜ਼ਾ ਲੈ ਰਹੇ ਸਨ । ਪਕੌੜੇ ਖਾ ਰਹੇ ਸਨ ਤੇ ਚਾਹ ਪੀ ਰਹੇ ਸਨ । ਕਿਉਂਕਿ ਸ਼ਾਮਿਆਨੇ ਤੇ ਕੁਰਸੀਆਂ ਵਾਲਾ ਸਾਰਾ ਪ੍ਰਬੰਧ ਬਾਰਸ਼ ਨੇ ਖਰਾਬ ਕਰ ਦਿਤਾ ਸੀ । ਇਸ ਕਰਕੇ ਹੁਣ ਛੋਟੇ ਜਿਹੇ ਦਫਤਰ ਵਿਚ ਹੀ ਸਾਰੇ ਬਾਰਸ਼ ਤੋਂ ਬਚਨ ਲਈ ਸਿਰ ਲੁਕਾ ਰਹੇ ਸਨ ।

ਬਾਰਾਂ ਵਜ ਚੁਕੇ ਸਨ ਦਿਲੀ ਤੇ ਹਰਿਆਣੇ ਦੇ ਸਾਹਿਤਕਾਰ ਆ ਚੁਕੇ ਸਨ । ਹੁਣ ਇਹ ਹੀ ਸੋਚਿਆ ਜਾ ਰਿਹਾ ਸੀ । ਪ੍ਰੋਗਰਾਮ ਸ਼ੁਰੂ ਕੀਤਾ ਜਾਵੇ । ਕਿਉਂਕਿ ਟੀ. ਵੀ. ਟੀਮ ਵੀ ਕਾਹਲੀ ਸੀ । ਇਸ ਕਰਕੇ ਡਾ. ਕਰਨਜੀਤ ਸਿੰਘ ਮਾਈਕ ਨੂੰ ਸੰਭਾਲਿਆ । ਸਟੇਜ ਤਾਂ ਹੈ ਕੋਈ ਨਹੀਂ ਸਾਰੇ ਹੀ ਖੜੇ ਸਨ । ਕੁਛ ਬਜ਼ੁਰਗ ਸਾਹਿਤਕਾਰ ਬੈਠੇ ਹੋਏ ਸਨ । ਡਾ. ਕਰਨਜੀਤ ਸਿੰਘ ਬਾਬਾ ਫਰੀਦ ਜੀ ਦੇ ਸ਼ਲੋਕ ਨਾਲ ਪ੍ਰੋਗਰਾਮ ਸ਼ੁਰੂ ਕੀਤਾ ।

"ਫਰੀਦਾ ਗਲੀਏ ਚਿਕੜੁ ਦੂਰਿ ਘਰੁ,
ਨਾਲਿ ਪਿਆਰੇ ਨੇਹੁ ॥"

ਇਤਨੇ ਸਮੇਂ ਨੂੰ ਸੁਰਿੰਦਰ ਕੌਰ ਅਤੇ ਆਸਾ ਸਿੰਘ ਮਸਤਾਨਾ ਵੀ ਪੁਜ ਗਏ । ਆਵਾਜ਼ ਆਈ ਕਿ ਸੁਰਿੰਦਰ ਕੌਰ ਦੇ ਗੀਤ ਨਾਲ ਪ੍ਰੋਗਰਾਮ ਸ਼ੁਰੂ ਕੀਤਾ ਜਾਵੇ, ਪਰ ਸੁਰਿੰਦਰ ਕੌਰ ਕਹਿਣ ਲੱਗੀ—ਮੈਂ ਤਾਂ ਪਕੌੜੇ ਖਾ ਕੇ ਚਾਹ ਪੀ ਕੇ ਗਾਵਾਂਗੀ ।

ਸਤਿਆਰਥੀ ਸਨਮਾਨ ਸਮਾਰੋਹ ਕਮੇਟੀ ਦੇ ਕਨਵੀਨਰ ਭਾਪਾ ਪ੍ਰੀਤਮ ਸਿੰਘ ਨੇ ਸਾਰੇ ਆਏ ਹੋਏ ਸਾਹਿਤਕਾਰਾਂ ਨੂੰ ਜੀ ਆਇਆਂ ਆਖਿਆ । ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਹਰਭਜਨ ਸਿੰਘ ਹਲਵਾਰਵੀ, ਡਾ: ਸਤਿੰਦਰ ਨੂਰ ਤੇ ਹਰਭਜਨ ਸਿੰਘ ਰਤਨ ਦੀਆਂ ਗ਼ਜ਼ਲਾਂ ਨਾਲ ਪ੍ਰੋਗਰਾਮ ਦਾ ਆਰੰਭ ਹੋਇਆ । ਇਸ ਦੇ ਬਾਅਦ ਸਤਿਆਰਥੀ ਸਨਮਾਨ ਕਮੇਟੀ ਦੇ ਚੇਅਰਮੈਨ ਕਰਤਾਰ ਸਿੰਘ ਦੁੱਗਲ ਨੇ ਸ੍ਰੀ ਦਵਿੰਦਰ ਸਤਿਆਰਥੀ ਦੇ ਗਲ ਵਿਚ ਹਾਰ ਪਾ ਕੇ ਉਹਨਾਂ ਨੂੰ ਦੁਸ਼ਾਲਾ ਭੇਟ ਕੀਤਾ ਤੇ ਇਕ ਲੱਖ ਰੁਪਏ ਦੀ ਥੈਲੀ ਤਾੜੀਆਂ ਦੀ ਗੂੰਜ ਵਿਚ ਭੇਟ ਕੀਤੀ ਗਈ । ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਡਾ: ਜਸਪਾਲ ਸਿੰਘ ਨੇ ਪੁਸਤਕਾਂ ਦਾ ਇਕ ਸੈੱਟ, ਦੁਸ਼ਾਲਾ ਤੇ ਸਿਰੋਪਾਓ ਭੇਟ ਕਰਕੇ ਜੈਕਾਰਿਆਂ ਦੀ ਗੂੰਜ ਵਿਚ ਉਨ੍ਹਾਂ ਦਾ ਸਨਮਾਨ ਕੀਤਾ ।

ਸ੍ਰ: ਅਵਤਾਰ ਸਿੰਘ ਆਟੋਪਿਨ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਖ਼ੂਬਸੂਰਤ ਐਲਬਮ ਸਤਿਆਰਥੀ ਜੀ ਨੂੰ ਭੇਟ ਕੀਤੀ । ਸ੍ਰ: ਪਿਆਰਾ ਸਿੰਘ ਸਹਿਰਾਈ ਨੂੰ ਸ਼ਰੋਮਣੀ ਕਵੀ ਮੰਨ ਕੇ ਕੇਂਦਰੀ ਪੰਜਾਬੀ ਲੇਖਕ ਸਭਾ ਚੰਡੀਗੜ੍ਹ ਵਲੋਂ ਦੁਸ਼ਾਲਾ ਤੇ ਮੋਮੈਂਟੋ ਸਨਮਾਨ ਵਜੋਂ ਭੇਟ ਕੀਤਾ ਗਿਆ । ਨਾਲ ਹੀ ਦੇਵ ਆਰਟਿਸਟ ਦੀ ਕਿਤਾਬ 'ਬਲਵੰਤ ਗਾਰਗੀ' ਰੀਲੀਜ਼ ਕੀਤੀ । ਰਣਜੀਤ ਧੀਰ ਦੀ ਕਿਤਾਬ ਦੀ ਘੁੰਡ ਚੁਕਾਈ ਅਜੀਤ ਕੌਰ ਨੇ ਕੀਤੀ ।

ਇਤਨੇ ਸਮੇਂ ਵਿਚ ਦਿੱਲੀ ਦੇ ਹੋਰ ਵੀ ਪਤਵੰਤੇ ਸਾਹਿਤਕਾਰ ਆ ਗਏ । ਪੰਜਾਬੀ ਅਕਾਦਮੀ ਦਾ ਸਕੱਤਰ ਪ੍ਰੀਤਮ ਸਿੰਘ ਬਤਰਾ, ਸ੍ਰੀ ਹੰਸਪਾਲ (ਸਾਬਕਾ ਐਮ. ਪੀ.), ਸ੍ਰ: ਨ੍ਰਿਪਇੰਦਰ ਸਿੰਘ ਰਤਨ, ਅਮਰਜੀਤ ਸਿੰਘ ਅਕਸਵਾਲਾ ਇਹਨਾਂ ਸਾਰਿਆਂ ਦੀ, ਥਾਂ ਘਟ ਹੋਣ ਕਰਕੇ ਵੱਖਰੀ ਹੀ ਮਹਿਫ਼ਲ ਲੱਗੀ ਰਹੀ । ਇਹ ਬਹੁਤੀਆਂ ਗੱਲਾਂ ਸਿਆਸੀ ਹੀ ਕਰਦੇ ਰਹੇ । ਡਾ: ਜਸਪਾਲ ਸਿੰਘ ਤੇ ਹੰਸਪਾਲ ਜੀ ਸਿਆਸੀ ਗੱਲਾਂ ਕਰਦੇ ਤੇ ਦੂਸਰੇ ਸਾਰੇ ਸੁਣਦੇ । ਦੂਸਰੇ ਪਾਸੇ ਸੁਰਿੰਦਰ ਕੌਰ ਲੋਕ-ਗੀਤ ਗਾ ਗਾ ਕੇ ਸਾਰਿਆਂ ਕੋਲੋਂ ਗਿੱਧਾ ਪਵਾ ਰਹੀ ਸੀ । ਉਸ ਦੇ ਗੀਤਾਂ ਤੋਂ ਬਾਦ ਆਸਾ ਸਿੰਘ ਨੇ ਗਾਉਣਾ ਸ਼ੁਰੂ ਕੀਤਾ । ਬੀਬੀ ਤਰਲੋਚਨ ਕੌਰ, ਪਦਮਾ ਸਚਦੇਵ, ਕਰਨਲ ਰਾਏ, ਡਾ: ਧੀਰ ਤੇ ਡਾ: ਮੈਨੀ



Sri Satguru Jagjit Singh Ji eLibrary NamdhariElibrary@gmail.com

ਨੇ ਲੋਕ-ਗੀਤਾਂ ਤੇ ਗਜ਼ਲਾਂ ਨਾਲ ਸਾਰੀ ਮਹਿਫ਼ਲ ਨੂੰ ਗਰਮਾਈ ਰਖਿਆ। ਬਾਹਰ ਬਾਰਸ਼ ਤੇਜ਼ ਹੁੰਦੀ ਜਾ ਰਹੀ ਸੀ ਤੇ ਅੰਦਰ ਦਿਲਾਂ ਦਾ ਨਿੱਘ ਵਧਦਾ ਜਾ ਰਿਹਾ ਸੀ।

ਗਾਰਗੀ ਤੇ ਸੁਰਿੰਦਰ ਕੌਰ ਜਦੋਂ ਸਿਰ ਜੋੜ ਗੱਲਾਂ ਕਰਦੇ ਤਾਂ ਦੂਸਰੇ ਪਾਸੇ ਤੋਂ ਜਗਜੀਤ ਸਿੰਘ ਅਨੰਦ ਪਕੌੜਿਆਂ ਵਾਲੀ ਪਲੇਟ ਉਹਨਾਂ ਵਲ ਕਰਦਾ ਤਾਂ ਇਸ ਤਰ੍ਹਾਂ ਲਗ ਰਿਹਾ ਸੀ ਜਿਸ ਤਰ੍ਹਾਂ ਇਕ ਹੀ ਪ੍ਰੀਵਾਰ ਦੇ ਸਾਰੇ ਮੈਂਬਰ ਬੈਠੇ ਹੋਣ। ਦੂਸਰੇ ਪਾਸੇ ਅਜੀਤ ਕੌਰ ਸਤਿਆਰਥੀ ਨਾਲ ਹੱਥ ਮਿਲਾ ਰਹੀ ਸੀ। ਤੰਗ ਥਾਂ ਵਿਚ ਵੀ ਖੁਲ੍ਹਦਿਲੀ ਸੀ। ਬਾਰਸ਼ ਕਰਕੇ ਦਿੱਲੀ ਦੇ ਬਹੁਤੇ ਸਾਹਿਤਕਾਰ ਨਹੀਂ ਸੀ ਆ ਸਕੇ, ਜਿਵੇਂ ਪ੍ਰਭਜੋਤ ਕੌਰ, ਨਰਿੰਦਰਪਾਲ ਸਿੰਘ, ਚੰਦਨ ਨੇਗੀ, ਬਚਿੰਤ ਕੌਰ, ਨਵਤੇਜ ਪੁਆਦੀ, ਮੋਹਨਜੀਤ, ਡਾ: ਜਸਵੰਤ ਸਿੰਘ ਨੇਕੀ। ਇਸ ਤਰ੍ਹਾਂ ਹੀ ਹੋਰ ਵੀ ਸਾਹਿਤਕਾਰ ਸਨ।

ਬਾਰਸ਼ ਹੋਣ ਕਰਕੇ ਇਕ ਥਾਂ ਤੇ ਸਾਰੇ ਸਾਹਿਤਕਾਰ ਇਕੱਠੇ ਹੋ ਨਹੀਂ ਸੀ ਸਕਦੇ, ਇਸ ਕਰਕੇ ਇਕ ਕਮਰੇ ਵਿਚੋਂ ਦੂਸਰੇ ਕਮਰੇ ਵਿਚ ਚਲੇ ਜਾਂਦੇ ਸਨ। ਇਸ ਕਰਕੇ ਸਾਰੇ ਤੁਰੇ ਹੀ ਫਿਰਦੇ ਸਨ। ਕੋਈ ਕਹਿ ਰਿਹਾ ਸੀ—ਭਾਪਾ ਪ੍ਰੀਤਮ ਸਿੰਘ ਦੇ ਬੇਸਮੈਂਟ ਵਿਚ ਇਹ ਸਮਾਗਮ ਕਿਉਂ ਨਾ ਕਰ ਲਿਆ? ਦੂਸਰੇ ਪਾਸੇ ਦਾ ਜੁਆਬ ਸੀ—ਉਹਦੇ ਵਿਚ ਏਥੇ ਆਏ ਲੇਖਕਾਂ ਦੀਆਂ ਕਿਤਾਬਾਂ ਕੈਦ ਕੀਤੀਆਂ ਹੋਈਆਂ ਹਨ। ਕੋਈ ਹੋਰ ਕਹਿ ਰਿਹਾ ਸੀ—ਬੇਸਮੈਂਟ ਵਿਚ ਕਿਤਾਬਾਂ ਕੈਦ ਨੇ, ਆਰਸੀ ਦੇ ਦਫ਼ਤਰ ਵਿਚ ਲੇਖਕ ਕੈਦ ਨੇ। ਸਤਿਆਰਥੀ ਆਪਣੇ ਚੁਟਕਲੇ ਸੁਣਾ ਰਿਹਾ ਸੀ ਤੇ ਟੀ.ਵੀ. ਵਾਲੇ ਰਿਕਾਰਡ ਕਰ ਰਹੇ ਸਨ। ਇਕ ਦੂਸਰੇ ਨੂੰ ਸਾਰੇ ਜੱਫੀਆਂ ਪਾ ਰਹੇ ਸਨ ਤੇ ਖਾਣੇ ਦਾ ਆਨੰਦ ਮਾਣ ਰਹੇ ਸਨ, ਕਿਉਂਕਿ ਇਤਨੀ ਬਾਰਸ਼ ਵਿਚ ਇਤਨਾ ਵਧੀਆ ਖਾਣਾ ਦੇਣਾ ਭਾਪਾ ਪ੍ਰੀਤਮ ਸਿੰਘ ਦਾ ਹੀ ਕੰਮ ਸੀ। 'ਧੁੱਪ ਦੀ ਮਹਿਫ਼ਲ' ਦੀ ਥਾਂ ਬੱਦਲਾਂ ਦੀ ਤੇ ਮਿੱਤਰਾਂ ਦੀ ਸੰਗਤ ਹੋ ਰਹੀ ਤੇ ਆਉਣ ਵਾਲੇ ਸਾਲ ਬਾਰੇ ਸਾਰੇ ਸੋਚ ਰਹੇ ਸਨ ਕਿ 'ਧੁੱਪ ਦੀ ਮਹਿਫ਼ਲ' ਕਿਸ ਤਰ੍ਹਾਂ ਦੀ ਹੋਵੇਗੀ?



ਗੁਰਬਚਨ ਸਿੰਘ ਭੁਲਰ ਸਤਿਆਰਥੀ ਜੀ ਨੂੰ ਸਨਮਾਨ ਪੱਤਰ ਭੇਂਟ ਕਰ ਰਹੇ ਹਨ। ਉਹਨਾਂ ਦੇ ਨਾਲ ਖੜੇ ਹਨ। ਡਾ: ਕਰਨਜੀਤ ਸਿੰਘ, ਭਾਪਾ ਪ੍ਰੀਤਮ ਸਿੰਘ, ਕਰਤਾਰ ਸਿੰਘ, ਦੁਗਲ, ਡਾ: ਜਸਪਾਲ ਸਿੰਘ।



Sri Satguru Jagjit Singh Ji eLibrary NamdhariElibrary@gmail.com

# ਐਲਨਾਬਾਦ ਵਿਚ ਕਵੀ ਦਰਬਾਰ

ਦਿਨਾਂਕ ੫- -੯੪ ਦਿਨ ਐਤਵਾਰ ਨੂੰ ਨਾਮਧਾਰੀ ਧਰਮਸ਼ਾਲਾ ਮੁਮੇਰਾਂ ਰੋਡ ਐਲਨਾਬਾਦ ਵਿਚ ਇਕ ਸ਼ਾਨਦਾਰ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਇਹ ਕਵੀ ਦਰਬਾਰ ਬਸੰਤ ਪੰਚਮੀ ਦੇ ਸ਼ੁਭ ਅਵਸਰ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਪੁਰਬ ਦੇ ਸਬੰਧ ਵਿਚ ਕੀਤਾ ਗਿਆ। ਇਸ ਦੀ ਪ੍ਰਧਾਨਗੀ ਸ੍ਰੀ ਬਸੰਤ ਸਿੰਘ ਨਿਰਦੋਸ਼ ਨੇ ਕੀਤੀ ਅਤੇ ਸਟੇਜ ਦਾ ਕਾਰਜ ਭਾਰ ਸ੍ਰੀ ਬਲਬੀਰ ਸਿੰਘ ਢਿਲੋਂ ਨੇ ਸੰਭਾਲਿਆ। ਇਸ ਕਵੀ ਦਰਬਾਰ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਅਵਤਰ ਪੁਰਬ ਦੇ ਸੰਬੰਧ ਵਿਚ ਕਵੀ ਸਜਨਾਂ ਨੇ ਆਪੋ ਆਪਣੀਆਂ ਖੂਬਸੂਰਤ ਰਚਨਾਵਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਕਵੀ ਦਰਬਾਰ ਦਾ ਉਚੇਚਾ ਜਤਨ ਨਾਮਧਾਰੀ ਵਿਦਿਅਕ ਜਥਾ ਐਲਨਾਬਾਦ ਵਲੋਂ ਕੀਤਾ ਗਿਆ।

ਇਸ ਕਵੀ ਸੰਮੇਲਨ ਵਿਚ ਸ੍ਰੀ ਪੂਰਨ ਸਿੰਘ ਨਿਰਾਲਾ, ਮਾ: ਮਹਿਲ ਸਿੰਘ ਅੰਮ੍ਰਿਤਸਰ ਕਲਾਂ, ਭਾਈ ਗੁਰਦਿਤ ਸਿੰਘ, ਜਸਵਿੰਦਰ ਭਿੰਡਰ, ਮਾ: ਅਮਰੀਕ ਸਿੰਘ, ਸਾਧੂ ਸਿੰਘ ਕਿਸਾਨ, ਭਗਵਾਨ ਸਿੰਘ ਚੱਠਾ, ਹਰਭਜਨ ਸਿੰਘ ਰਾਜਾ, ਸਵਰਨ ਸਿੰਘ ਚੀਮਾ, ਡਾ: ਕਸ਼ਮੀਰ ਸਿੰਘ ਹਾਂਡਾ, ਗੁਰਦਿਆਲ ਸਿੰਘ ਮੌਜੀ, ਬਸੰਤ ਸਿੰਘ ਨਿਰਦੋਸ਼, ਗੁਰਦਿਆਲ ਸਿੰਘ ਪ੍ਰੀਤ, ਲਖਵਿੰਦਰ ਸਿੰਘ ਬਾਜਵਾ, ਗੁਰਬਖਸ਼ ਸਿੰਘ ਰਾਮਪੁਰੀ, ਗੁਰਮੇਲ ਸਿੰਘ ਹੰਸ, ਅਜੈਬ ਸਿੰਘ ਖਾਦਮ, ਪ੍ਰਕਾਸ਼ ਰਾਏਸਰੀ ਬਲਬੀਰ ਸਿੰਘ ਢਿਲੋਂ ਅਤੇ ਕਰਨੈਲ ਸਿੰਘ ਅਸਪਾਲ ਆਦਿਕ ਕਵੀਆਂ ਨੇ ਭਾਗ ਲਿਆ। ਚਾਰਘੰਟਿਆਂ ਦੇ ਲੰਮੇ ਚਲੇ ਕਵੀ ਦਰਬਾਰ ਨੇ ਕੀਲ ਕੇ ਬਹਾ ਲਿਆ।

**ਲਖਵਿੰਦਰ ਸਿੰਘ ਬਾਜਵਾ**

ਸਕਤਰ ਨਾਮਧਾਰੀ ਸਹਿਤ ਸਭਾ

# ਕਰੀਵਾਲਾ ਵਿਚ ਕਵੀ ਦਰਬਾਰ

ਦਿਨਾਂਕ ੪-੨-੯੫ ਦਿਨ ਸਨਿਚਰਵਾਰ ਨੂੰ ਬਸੰਤ ਪੰਚਮੀ ਦੇ ਪਵਿਤਰ ਮੌਕੇ ਉਤੇ ਇਕ ਬਹੁਤ ਹੀ ਸ਼ਾਨਦਾਰ ਕਵੀ ਦਰਬਾਰ ਪਿੰਡ ਕਰੀਵਾਲਾ ਦੀ ਨਾਮਧਾਰੀ ਧਰਮਸ਼ਾਲਾ ਸ਼ੇਖੂਪੁਰੀਆਂ ਵਿਚ ਕੀਤਾ ਗਿਆ। ਇਸ ਕਵੀ ਦਰਬਾਰ ਦੀ ਸਟੇਜ ਸਕਤਰੀ ਸ੍ਰੀ ਸਵਰਨ ਸਿੰਘ ਵਿਰਕ ਨੇ ਕੀਤੀ।

ਸ੍ਰੀ ਜੋਗਿੰਦਰ ਸਿੰਘ ਮੁਕਤਾ (ਹੋਣੀਆਂ ਨੂੰ ਠਾਰਦੇ ਜਲਵਾ ਤੇਰੇ ਦੀਦਾਰ ਦਾ) "ਲਖਵਿੰਦਰ ਸਿੰਘ ਬਾਜਵਾ (ਮਾਵਾਂ ਪੰਜ ਦਰਿਆਵਾਂ ਦਾ ਪੀ ਪਾਣੀ ਜਦੋਂ ਜਣਦੀਆਂ ਸੂਰਮੇ ਜਣਦੀਆਂ ਨੇ)। ਮਾ. ਅਮਰੀਕ ਸਿੰਘ ਜੀ (ਗੁਲਾਮੀ ਅਮਾਵਸ ਦੀ ਰਾਤ ਬਣ ਕੇ ਛਾਈ) ਡਾ: ਕਸ਼ਮੀਰ ਸਿੰਘ ਹਾਂਡਾ (ਤੇਰੇ ਸਿਖੀ ਦੇ ਬੂਟੇ ਤੇ ਕੌੜੀ ਵੇਲ ਕੋਈ ਸਮੇਂ ਦੀ ਚੜੀ ਜਾਂਦੀ ਸਾਧੂ ਸਿੰਘ ਕਿਸਾਨ (ਸਾਡਾ ਬਚਾ ਬਾਰਾਂ ਸਾਲ ਦਾ ਤੋਪਾਂ ਵਲ ਭਜਦਾ) ਅਤੇ ਗੁਰਦਿਆਲ ਸਿੰਘ ਪ੍ਰੀਤ (ਲੈ ਪ੍ਰੀਤ ਬਸੰਤ ਬਹਾਰ ਆਜਾ)। ਕਵੀਆਂ ਦੀਆਂ ਉਚ ਕੋਟੀ ਦੀਆਂ ਰਚਨਾਵਾਂ ਨੇ ਸਰੋਤਿਆਂ ਦਾ ਦਿਲ ਲੁਟ ਲਿਆ।

ਇਸ ਤੋਂ ਇਲਾਵਾ ਇਸ ਕਵੀ ਦਰਬਾਰ ਵਿਚ ਸ੍ਰੀ ਭਗਵਾਨ ਸਿੰਘ ਚੱਠਾ, ਪੂਰਨ ਸਿੰਘ ਨਿਰਾਲਾ, ਪ੍ਰੀਤਮ ਸਿੰਘ ਕਵੀਸ਼ਰ, ਅਜਾਇਬ ਸਿੰਘ ਖਾਦਮ, ਕਾਕਾ ਗੁਰਦਿਆਲ ਸਿੰਘ, ਜਸਵਿੰਦਰ ਸਿੰਘ ਭਿੰਡਰ, ਗੁਰਦਿਆਲ ਮੌਜੀ ਕਰਨੈਲ ਅਸਪਾਲ, ਪ੍ਰਕਾਸ਼ ਰਾਏਸਰੀ, ਹਰਭਜਨ ਸਿੰਘ ਰਾਜਾ, ਸਵਰਨ ਸਿੰਘ ਚੀਮਾ, ਗੁਰਬਖਸ਼ ਸਿੰਘ ਰਾਮਪੁਰੀ, ਗੁਰਚਰਨ ਸੰਘਰ, ਜਸਵੀਰ ਵਿਰਕ, ਬਲਬੀਰ ਸਿੰਘ ਢਿਲੋਂ ਅਤੇ ਸਵਰਨ ਸਿੰਘ ਵਿਰਕ ਨੇ ਭਾਗ ਲਿਆ।

ਇਸ ਕਵੀ ਦਰਬਾਰ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕੌਤਕ, ਕਾਰਨਾਮੇ ਤੇ ਕੁਰਬਾਨੀਆਂ ਦੀ ਬੇਮਿਸਾਲ ਦਾਸਤਾਂ ਪੇਸ਼ ਕੀਤੀ ਗਈ।

**ਲਖਵਿੰਦਰ ਸਿੰਘ ਬਾਜਵਾ**

ਸਕਤਰ ਨਾਮਧਾਰੀ ਸਾਹਿਤ ਸਭਾ

## ਵੀਕੂ ਦਾ ਜਨਮ ਦਿਨ

ਹਰਪ੍ਰੀਤ ਬੁੱਟਰ 'ਵੀਕੂ' ਦੇ ਮੁਬਾਰਕ ਜਨਮ ਦਿਨ (੧੧ ਜਨਵਰੀ) ਦੇ ਅਵਸਰ ਤੇ ਸ੍ਰੀਮਤੀ ਅਤੇ ਪ੍ਰੋ. ਗੋਪਾਲ ਸਿੰਘ ਬੁੱਟਰ ਵਲੋਂ ਵਰਿਆਮ ਨਾਲ ਸਨੇਹ-੧੦੧/- ਰੁਪਏ। ਵਧਾਈਆਂ।



Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

# NAMDHARI MARBLE CO.

*Supplier of :—*

**KOTA STONE, RED AGRA, MANDANA, MARBLE, DHAULPUR & GWALIOR BUCH**

**PROP. : DAYA SINGH BHUI**

**WZ-2, Mansarover Garden, Ring Road, NEW DELHI—110015**

ਅਪਣੀ ਕਿਰਪਾ ਧਾਰੀ
ਤਿਨਿ ਸਗਲੀ ਬਾਤ ਸਵਾਰੀ

**Specialists in : 'A' Class Decoration for Marriages Parties & Govt. Functions**

## Namdhari Tent House

**53, Hamidia Road Near Alpana Talkies, BHOPAL (M.P.)**

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office 58795
Resi. 58795

# SAGGU IRON INDUSTRIES

ਸੱਗੂ ਆਇਰਨ ਇੰਡਸਟਰੀਜ਼

Sugar Mill Spares, Paper & Boards Mill Spares, Textile Mill Spares, Distillery Spares & Solvent Plant Spares
All Type of Gear & Chain Sprockets & Industrial Chain

Partner : S. Puran Singh Saggu
Old Railway Road, JALANDHAR.




Sri Satguru Jagjit Singh Ji eLibrary NamdhariElibrary@gmail.com

# Opening Shortly

at

S. C. O. 4, Sector 20-D

CHANDIGARH

# S. R. TRADERS

**Wholesale School Uniform Cloth Merchants**

*Best Wishes From :*

AMAR SONS—New Cloth Market, S.C.O. 847-848, Sector 22-A. Chandigarh
AMAN HANDLOOMS—S. C. O. 847-848, 22-A, Chandigarh
G. G. ENTERPRISES—S. C. O. 847-848, Sector 22-A, Chandigarh
YOUR CLOTH HOUSE –S. C. F. 1/6, Sector 20-C, Chandigarh
SALUJA MOTORS—Saluja Automobiles, Industrial Area, Chandigarh




Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥


# AMAN HANDLOOMS

Deals in :

* Curtain Cloth,
* Bed Sheets,
* Bed Covers,
* Towel Lungis etc.

**S.C.O. 847-48, Basement (New Cloth Market)**
**Sector 22-A, Chandigarh—160022**

Phones :—Shop 27940, Resi. 20953 (Pawittar Singh) ; Resi. 21848 (Surinderpal Singh)




Sri Satguru Jagjit Singh Ji eLibrary NamdhariElibrary@gmail.com

Wishing You

*Health, Happiness*
*&*
*Prosperity*

**Saluja's**

**SALUJA MOTORS**
(MARUTI Authorised Service Station)
140 & 143, Industrial Area—II
Ramdarbar, CHANDIGARH.
Phone : 603832, 604754

**SALUJA AUTOMOBILES**
(DCM TYOTA Dealers)
Workshop : C–43, Industrial Area,
Phase—III, MOHALI (Punjab)
Phone : 575231
H.O. : 140, Industrial Area,
Phase II, Chandigarh





Sri Satguru Jagjit Singh Ji eLibrary NamdhariElibrary@gmail.com

GRAMS : MA HARU P. O Box 64 Ph 32527
Mfg. : Rice Bran Extraction Plant Accessories

**Matharu Engineering Works**

MATHARU TRADING COMPANY
Partner—S. Swaran Singh Matharu
Works :
Near Char Batti Chowk
Sultanpur Road, Kapurthala.
Branch : Ph. : 490853
N847 St. No. 6, New Janta Nager,
Near A. T. I. College, Gill Road, Ludhiana.

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ।
ਫੋਨ : 59869

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਅਕਹਿਰੀ ਪੁਲੀ, ਜਲੰਧਰ-੧੪੪੦੦੪.

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲਕੜੀ ਦੇ ਤਸੱਲੀ ਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕਿਟ,
ਅਕਿਹਰੀ ਪੁਲੀ, ਜਲੰਧਰ ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
Turn Turn : 220010
**Makhan Singh Saggu**
**Narinder Singh Saggu**

**TECHNO INDUSTRIES**

**ਟੈਕਨੋ ਇੰਡਸਟਰੀਜ਼**

Manufacturers, Fabricators & Exporters
Industrial Chain Sprockets & Sugar Mill
Spares All Types of Graded Casting
& Machinery Parts
E.D. 311, Old Railway Road,
JALANDHAR-144 001.

**JANTA**
**HYDRAULIC PRESSES**



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING



Sri Satguru Jagjit Singh Ji eLibrary NamdhariElibrary@gmail.com

GOLD MEDAL WINNER (1982-1983)

# JAYSON®

**ELECTRIC MOTORS**

FOR Agriculture, Domestic and Industrial Uses

EXHAUST FANS
9",12",15",18",24"
Our Range Includes
ELECTRIC MOTORS
From 1/4 to 3 H.P. Single Phase and 1/12 H.P to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by:

**Jayson Electric Co. (Regd.)**

WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634

ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

## ਨਾਮਧਾਰੀ ਬ੍ਰਦਰਜ਼

ਡਾਲਟਨ ਗੰਜ (ਬਿਹਾਰ)

## Namdhari Brothers

**DALTON GANJ**

(Bihar)

Prop. :
S. AJIT SINGH NAMDHARI

*With best compliments from :*

# OstER PARtNER

CARDIGANS • PULLOVERS

*Ante-date Knitters*

A quality product of

**UDEY Knitwears**

Manufacturers & Exporters
Street No.3, Jammu Colony, Nr. Preet Palace, Opp Atam Park, LUDHIANA-141 003
Phones: 405338, 36349, Fax: 26070 ATTN. 24349





Sri Satguru Jagjit Singh Ji eLibrary NamdhariElibrary@gmail.com



**ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ ਜਲੰਧਰ ਦੀਆਂ ਝਲਕੀਆਂ**

ਉੱਪਰ ਖੱਬੇ-ਸੰਗੀਤ ਸੰਮੇਲਨ ਨੂੰ ਅਸ਼ੀਰਵਾਦ ਬਖ਼ਸ਼ਦੇ ਸਤਿਗੁਰੂ ਜਗਜੀਤ ਸਿੰਘ ਜੀ, ਪਿੱਛੇ ਸੰਤ ਜਗਤਾਰ ਸਿੰਘ । ਨਾਲ ਸੰਤੂਰਵਾਦਕ ਕਿਰਨਪਾਲ ਸਿੰਘ ਅਤੇ ਸੱਜੇ ਡਾਕਟਰ ਜੁਗਿੰਦਰ ਸਿੰਘ ਪੁਆਰ ਸੋਵੀਨਰ ਰੀਲਜ਼ ਕਰਦੇ ਹੋਏ ਨਾਲ ਜਗਦੀਸ਼ ਸਿੰਘ 'ਵਰਿਆਮ' । ਦੂਜੀ ਕਤਾਰ ਸਤਿਗੁਰੂ ਜੀ ਨਾਲ ਬੈਠੇ ਹੋਏ ਸ੍ਰੀ ਵਿਜੇ ਚੋਪੜਾ ਜੀ, ਪਿੱਛੇ ਦੀਪਕ ਜਲੰਧਰੀ ਸਤਨਾਮ ਸਿੰਘ, ਸ੍ਰੀ ਪ੍ਰੀਤਮ ਸਿੰਘ ਕਵੀ, ਜਗਦੀਸ਼ ਸਿੰਘ । ਨਾਲ ਸੱਜੇ ਸਾਜਨ ਮਿਸ਼ਰਾ ਜੀ ਨਾਲ ਸੁਖਵੰਤ ਆਰਟਿਸਟ ਤੇ ਹੋਰ । ਥੱਲੇ ਦੀ ਲਾਈਨ ਵਿੱਚ ਤਬਲਾ ਵਾਦਕ ਕਾਲੇ ਰਾਮ, ਗਾਇਕ ਮਧੁਪ ਮੋਦਗਿਲ, ਸਿਤਾਰ ਵਾਦਕ ਵਰਿੰਦਰ, ਸਰੋਦ ਵਾਦਕ ਗੁਰਦੇਵ ਸਿੰਘ ਨਾਲ ਸੰਦੀਪ ਦਾਸ ਤਬਲੇ ਤੇ, ਥੱਲੇ ਪ੍ਰੋ: ਨਾਰੰਗ ਦਾ ਗਾਇਣ ਨਾਲ ਪ੍ਰੋ: ਕਿਰਪਾਲ ਸਿੰਘ ਹਾਰਮੋਨੀਅਨ ਤੇ, ਤਬਲੇ ਤੇ ਪੰਡਿਤ ਰਮਾਂ ਕਾਂਤ । ਸੱਜੇ ਸਰੋਤਿਆਂ ਦਾ ਦ੍ਰਿਸ਼ ਸਜੋਂ ਹੇਠਲੀ ਲਾਈਨ ਵਿੱਚ ਬੈਠੇ ਸਜਿਓ ਸ੍ਰੀ ਜੈ ਕਿਸ਼ਨ ਸੈਣੀ ਮੇਅਰ ਜਲੰਧਰ, ਡਾ: ਪੁਆਰ, ਪ੍ਰੋ: ਵਰਿਆਮ ਸਿੰਘ ਸੰਧੂ. ਸ. ਗੁਰਬਚਨ ਸਿੰਘ ਭੁੱਲਰ. ਸ੍ਰ: ਗੁਰਬਖ਼ਸ਼ ਸਿੰਘ ਬੱਨੋਆਣਾ, ਡਾਕਟਰ ਬਲਦੇਵ ਸਿੰਘ ਚੀਮਾ. ਸ. ਸਾਧੂ ਸਿੰਘ ਆਦਿ ।

Sri Satguru Jagjit Singh Ji eLibrary NamdhariElibrary@gmail.com

Registered No. PB/JL-253 MONTHLY WARIAM JANUARY-FEBUARY 1995
Lodowali Road, Jalandhar-144 001
Registered with the Registrar of News Papers for India No. 26453/75









**ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ ਜਲੰਧਰ ਦੀਆਂ ਝਲਕੀਆਂ**

ਉੱਪਰ ਸਤਿਗੁਰੂ ਜੀ ਹਜ਼ੂਰੀ ਸੇਵਕਾਂ ਨਾਲ । ਸ੍ਰੀ ਸੁਜਾਤ ਹੁਸੈਨ ਨੂੰ ਆਸ਼ੀਰਵਾਦ । ਦਰਮਿਆਨ ਬੀਬੀਆਂ ਦਾ ਸਰੋਤਾ ਮੰਡਲ । ਸਜੇ ਆਰਟਿਸਟ ਸੁਰਜੀਤ ਸਿੰਘ, ਸੁਖਦੇਵ ਸਿੰਘ, ਮੋਹਨ ਸਿੰਘ, ਹਰਜਿੰਦਰ ਸਿੰਘ, ਗੁਰਪ੍ਰੀਤ ਸਿੰਘ । ਥੱਲੇ ਕਲਾਕਾਰ ਅਤੇ ਸਰੋਤਿਆਂ ਦੀਆਂ ਗਰੁੱਪ ਤਸਵੀਰਾਂ ।

Sri Satguru Jagjit Singh Ji eLibrary NamdhariElibrary@gmail.com